
# ਮੈਨੂੰ ਇਉਂ ਲੱਗਿਆ

ਜਸਵੰਤ ਸਿੰਘ ਜ਼ਫ਼ਰ



*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library

# ਮੈਨੂੰ ਇਉਂ ਲੱਗਿਆ

*Original with;*
Jaswant Singh Zafar
*Digitized by;*
Panjab Digital Library

ਇਸ ਤੋਂ ਪਹਿਲਾਂ

* ਦੋ ਸਾਹਾਂ ਵਿਚਕਾਰ (ਕਵਿਤਾ) 1993, 2011, 2017
* ਅਸੀਂ ਨਾਨਕ ਦੇ ਕੀ ਲਗਦੇ ਹਾਂ (ਕਵਿਤਾ) 2001, 2002, 2007, 2011, 2014
* ਸਿਖੁ ਸੁ ਖੋਜਿ ਲਹੈ (ਨਿਬੰਧ) 2007, 2009, 2014
* ਇਹ ਬੰਦਾ ਕੀ ਹੁੰਦਾ (ਕਵਿਤਾ) 2010, 2013
* ਭਗਤੁ ਸਤਿਗੁਰੂ ਹਮਾਰਾ (ਨਿਬੰਧ) 2015
* ਲਫ਼ਜ਼ਾਂ ਦਾ ਪਰਲਾ ਪੱਤਣ (ਚੋਣਵੀਆਂ ਕਵਿਤਾਵਾਂ) 2016
  (The Other Shore of Words)

*Original work;*
Jaswant Singh Zafar
*Digitized by;*
Panjab Digital Library

# ਮੈਨੂੰ ਇਉਂ ਲੱਗਿਆ

(ਵਾਰਤਕ)

ਜਸਵੰਤ ਸਿੰਘ ਜ਼ਫ਼ਰ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

*Original with;*
Jaswant Singh Zafar
*Digitized by;*
Panjab Digital Library

*Mainu Eyo'n Lageya*

***(Prose) by***

**Jaswant Singh Zafar ©**
# 28, Basant Vihar, Jawaddi
Ludhiana, Punjab-141013
e-mail: jaszafar@yahoo.com
Ph. +91-161-2520577, +91-99888-03277

**ISBN : 978-93-5112-062-9**

**Rs. 180/-**

First Edition : 2015,

Second Edition 2018

*Printed and Bound In India*

*Published by*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, (M) 98152-98459, 98762-07774
Website: www.chetnaparkashan.com
E-mail: chetnaparkashan@gmail.com
Sub Off.: Qila Road, Opp. Bus Stand, KOTKAPURA (Pb.) INDIA
Ph.: 95011-45039

Printer : Aarna Printing Soloution

*

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

*Original with;*
Jaswant Singh Zafar
*Digitized by;*
Panjab Digital Library

ਦੋਸਤ

ਸ. ਅਮਰਜੀਤ ਸਿੰਘ ਭੁਰਜੀ

ਨੂੰ

*Original with;*
Jaswant Singh Zafar
*Digitized by;*
Panjab Digital Library

# ਤਤਕਰਾ


| | | |
|---|---|---|
| ਮੈਨੂੰ ਇਉਂ ਲੱਗਿਆ | ............ | 7 |
| ਨਾਨਕ ਸਾਇਰ ਇਵ ਕਹਿਆ | ............ | 9 |
| ਮਿਤ੍ਰ ਪਿਆਰੇ ਨੂੰ | ............ | 19 |
| ਕੁਦਰਤੀ ਵਾਤਾਵਰਨ ਅਤੇ ਗੁਰੂ ਗੋਬਿੰਦ ਸਿੰਘ | ............ | 22 |
| ਪ੍ਰੋ. ਪੂਰਨ ਸਿੰਘ ਦਾ ਪੰਜਾਬ | ............ | 29 |
| ਬਦਲਾ ਕਿ ਬਖਸ਼ਿੰਦਗੀ | ............ | 35 |
| ਪ੍ਰੋ. ਮੋਹਨ ਸਿੰਘ ਦਾ ਰੱਬ | ............ | 42 |
| ਜੁੜਦਾ ਫ਼ੈਲਦਾ ਪੰਜਾਬ | ............ | 51 |
| ਆਪਣੀ ਬੋਲੀ, ਆਪਣੀ ਤਰੱਕੀ | ............ | 56 |
| ਮੇਰੀ ਪੜ੍ਹਾਈ | ............ | 64 |
| ਕੁਦਰਤ ਅਤੇ ਕਾਰੀਗਰੀ ਦਾ ਤੀਰਥ | ............ | 75 |
| ਵਾਹ, ਮੇਰੇ ਰਾਮ ਜੀਓ! | ............ | 84 |
| ਸਿਆਹੀ ਘੁਲ਼ੀ ਹੈ | ............ | 88 |
| ਪਿਆਸਾ ਕਾਂ, ਲਾਲਚੀ ਕੁੱਤਾ | ............ | 92 |
| ਸ਼ੁਭ ਪ੍ਰੇਮ ਬਰਾੜ ਦਾ ਇਨਸਾਈਡ ਆਊਟਸਾਈਡ | ............ | 96 |
| ਸ਼ੇਰ ਪੰਜਾਂ ਪਾਣੀਆਂ ਦੀ | ............ | 101 |
| ਆਬੂ ਪਰਬਤ ਦੀ ਅਧੂਰੀ ਯਾਤਰਾ | ............ | 109 |
| ਬਾਰੀ ਕੋਲ਼ ਬੈਠਿਆਂ | ............ | 114 |
| ਪਲ-ਛਿਣ ਦੇ ਹਾਇਕੂ | ............ | 118 |
| ਚਿੱਟੀਓਂ ਕਾਲੀ, ਕਾਲੀਓਂ ਚਿੱਟੀ | ............ | 126 |
| ਜੜ੍ਹਾਂ ਤੋਂ ਚੋਰੀ | ............ | 131 |
| ਜਾਣ ਦੇ ਮੈਨੂੰ | ............ | 136 |
| ਮੈਂ ਵੀ ਆਦਿ ਜੁਗਾਦਿ | ............ | 141 |



*Original with;*
Jaswant Singh Zafar
*Digitized by;*
Panjab Digital Library

# ਮੈਨੂੰ ਇਉਂ ਲੱਗਿਆ

ਜੀ ਹਾਂ, ਮੈਨੂੰ ਇਉਂ ਲੱਗਿਆ ਹੈ
ਵੱਡਿਆਂ ਦੀ ਬਾਣੀ ਤੇ ਉਪਦੇਸ਼ ਬਾਰੇ
ਆਪਣੀ ਬੋਲੀ ਵਿਦਿਆ ਦੇਸ਼ ਬਾਰੇ
ਕੁਝ ਨਾਵਾਂ ਥਾਵਾਂ ਘਟਨਾਵਾਂ ਬਾਰੇ
ਕਿਤਾਬਾਂ ਕਵੀਆਂ ਤੇ ਕਵਿਤਾਵਾਂ ਬਾਰੇ
ਜੇ ਮੈਂ ਆਪਣੇ 'ਲੱਗਣ' ਨੂੰ 'ਸੱਚ' ਕਹਾਂਗਾ
ਤਾਂ ਸੱਚ-ਮੁੱਚ ਝਗੜਾ ਪਾ ਬਹਾਂਗਾ
ਆਪੋ-ਆਪਣਾ ਤਰਕ ਹੋ ਸਕਦਾ ਹੈ
'ਲੱਗਣ' ਤੇ 'ਹੋਣ' ਵਿਚ ਫ਼ਰਕ ਹੋ ਸਕਦਾ ਹੈ

ਮੈਨੂੰ ਲੱਗਦਾ ਹੈ ਕਿ ਅਸੀਂ
ਆਪਣੇ 'ਹੋਣ' ਨਾਲੋਂ 'ਲੱਗਣ' ਵੱਲ ਵੱਧ ਧਿਆਨ ਦਿੰਦੇ ਹਾਂ
ਇਸ ਲਈ ਆਪਣੇ ਹੱਕ ਵਿਚ ਬੜੇ ਬਿਆਨ ਦਿੰਦੇ ਹਾਂ
ਦੂਸਰਿਆਂ ਦੇ 'ਲੱਗਣ' ਨੂੰ ਵੀ
ਪਰਵਾਨਿਆਂ ਸਤਿਕਾਰਿਆ ਜਾ ਸਕਦਾ
ਪਰ ਅੱਖਾਂ ਮੀਟ ਕੇ ਮੰਨਣਾ ਲਾਈਲੱਗਤਾ ਹੈ
ਜੋ ਠੀਕ ਨਾ ਲੱਗੇ ਇਨਕਾਰਿਆ ਜਾ ਸਕਦਾ

ਤੁਹਾਨੂੰ ਲੱਗ ਸਕਦਾ ਕਿ ਮੈਂ
ਕਿੰਨੀਂ ਪਾਸੀਂ ਲੱਤਾਂ ਬਾਹਾਂ ਫਸਾਈਆਂ ਨੇ
ਜਾਂ ਕਿ ਮੈਂ ਕਿੰਨਾ ਮਿਹਨਤੀ ਹਾਂ
ਤੇ ਮੇਰੀਆਂ ਧੰਨ ਕਮਾਈਆਂ ਨੇ
ਪਰ ਮੈਨੂੰ ਲੱਗਦਾ ਕਿ ਮੈਂ ਤਾਂ ਹਾਂ ਵਿਹਲਾ ਜਿਹਾ ਬੰਦਾ
ਜਿਸ ਨੂੰ ਰੋਟੀ ਪਾਣੀ ਦਾ ਫ਼ਿਕਰ ਨਹੀਂ
ਤੇ ਕਰਨ ਨੂੰ ਕੁਛ ਖਾਸ ਨਹੀਂ ਕੰਮ ਧੰਦਾ

*Original with;*
Jaswant Singh Zafar
*Digitized by;*
Panjab Digital Library

ਮੈਨੂੰ ਵਿਹਲਾ ਦੇਖ ਕੇ ਕੋਈ ਨਾ ਕੋਈ ਕੰਮ
ਮੇਰੇ ਕੋਲ ਆ ਜਾਂਦਾ ਹੈ
ਪਲੋਸ ਕੇ ਵਡਿਆ ਕੇ ਮੇਰੇ ਤੋਂ
ਆਪਣੇ ਆਪ ਨੂੰ ਕਰੰਵਾ ਜਾਂਦਾ ਹੈ .
ਦੂਜੇ ਲਫ਼ਜ਼ਾਂ ਵਿਚ-
ਯਾਰ ਬੇਲੀ ਸ਼ੁਭਚਿੰਤਕ ਧੱਕਾ ਲਾ ਦਿੰਦੇ ਨੇ
ਮੇਰੇ ਤੋਂ ਕੋਈ ਚੰਗਾ ਕਰਮ ਕਰਵਾ ਦਿੰਦੇ ਨੇ
ਹੁਣ ਤੱਕ ਜੋ ਕੁਝ ਲੇਖੇਯੋਗ ਕੀਤਾ
ਜਾਂ ਕੋਈ ਚੱਜ ਦਾ ਅੱਖਰ ਪਾਇਆ ਹੈ
ਤਾਂ ਸਮਝੋ ਮੇਰੇ ਮਿੱਤਰਾਂ ਪਿਆਰਿਆਂ ਨੇ
ਮੇਰਾ ਹੱਥ ਫੜ ਕੇ ਕਰਵਾਇਆ ਹੈ
ਇਸ ਪੁਸਤਕ ਦੇ ਵੀ ਡਾ. ਵਰਿਆਮ ਸਿੰਘ ਸੰਧੂ ਮੁੱਖ ਯੋਗਦਾਨੀ ਨੇ
ਬਲਵਿੰਦਰ ਗਰੇਵਾਲ, ਸੁਖਜੀਤ ਤੇ ਹੋਰ ਕਈ ਪ੍ਰਾਨੀ ਨੇ
ਜਿਵੇਂ ਪੰਜਾਬੀ ਯੂਨੀਵਰਸਿਟੀ ਤੋਂ
ਡਾ. ਜੋਗਾ ਸਿੰਘ, ਡਾ. ਰਜਿੰਦਰਪਾਲ ਅਤੇ ਡਾ. ਸੁਰਜੀਤ ਹਨ
ਸੁਘੜ ਸੰਪਾਦਕਾਂ 'ਚੋ
ਸੁਸ਼ੀਲ ਦੁਸਾਂਝ, ਦੇਸ ਰਾਜ ਕਾਲੀ ਤੇ ਸਵ: ਪ੍ਰਮਿੰਦਰਜੀਤ ਹਨ

ਬੰਦੇ ਨੂੰ ਸਾਰੀ ਉਮਰ ਪੜ੍ਹਦੇ ਅਤੇ
ਕੁਝ ਨਾ ਕੁਝ ਸਿੱਖਦੇ ਰਹਿਣਾ ਚਾਹੀਦਾ
ਤੁਹਾਨੂੰ ਲੱਗੇਗਾ ਕਿ ਕੁਝ ਗੱਲਾਂ ਦਾ ਦੁਹਰਾਓ ਹੈ
ਉਹਨਾਂ ਨਾਲ ਮੈਨੂੰ ਖਾਸ ਲਗਾਓ ਹੈ

ਕਦੀ ਪ੍ਰਿੰ. ਸੰਤ ਸਿੰਘ ਸੇਖੋਂ ਨੇ ਕਿਹਾ ਸੀ ਕਿ ਕਵੀਆਂ ਨੂੰ
ਕਵਿਤਾ ਤੋਂ ਬਗੈਰ ਕੁਝ ਹੋਰ ਵੀ ਲਿਖਦੇ ਰਹਿਣਾ ਚਾਹੀਦਾ
ਕਿਤਾਬ ਨੂੰ ਚਾਅ ਨਾਲ ਪੇਸ਼ ਕਰਨ ਲਈ
ਸਤੀਸ਼ ਗੁਲਾਟੀ ਅਤੇ ਚੇਤਨਾ ਪ੍ਰਕਾਸ਼ਨ ਦਾ ਧੰਨਵਾਦ ਹੈ
ਅਗਲੀ ਕਿਤਾਬ ਨਾਲ ਜਲਦੀ ਮਿਲਾਂਗੇ
ਰਾਣਾ ਰਣਬੀਰ ਸਿੰਘਾ ਜ਼ਿੰਦਗੀ ਜ਼ਿੰਦਾਬਾਦ ਹੈ

5 ਅਪਰੈਲ 2015
ਲੁਧਿਆਣਾ

*Original with;*
Jaswant Singh Zafar
*Digitized by;*
Panjab Digital Library

# ਨਾਨਕ ਸਾਇਰ ਇਵ ਕਹਿਆ

ਪਿਛਲੇ 20-25 ਸਾਲਾਂ ਦੌਰਾਨ ਹੋਏ ਵਿਕਾਸ, ਤਰੱਕੀ ਅਤੇ ਤਬਦੀਲੀਆਂ ਦੇ ਪ੍ਰਸੰਗ ਵਿਚ ਜੇ ਅਸੀਂ ਪੁੱਛੀਏ ਕੀ ਇਸ ਦੌਰਾਨ ਮਨੁੱਖ ਪਹਿਲਾਂ ਨਾਲੋਂ ਵਧੇਰੇ ਖੁਸ਼ ਹੋਇਆ ਹੈ, ਕੀ ਮਾਨਸਿਕ ਤੇ ਸਰੀਰਕ ਤੌਰ 'ਤੇ ਵਧੇਰੇ ਤੰਦਰੁਸਤ ਹੋਇਆ ਹੈ, ਜਾਂ ਕੀ ਮਨੁੱਖਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਦੀ ਗਿਣਤੀ ਘਟੀ ਹੈ ਤਾਂ ਜਵਾਬ ਵੱਡੀ ਸਾਰੀ ਨਾਂਹ ਬਣਦਾ ਹੈ। ਅੱਜ ਕੱਲ੍ਹ ਦਵਾਈਆਂ, ਹਸਪਤਾਲਾਂ, ਨਰਸਿੰਗ ਹੋਮਾਂ ਅਤੇ ਡਾਕਟਰੀ ਵਿਦਿਆ ਦਾ ਵਪਾਰ ਤੇਜ਼ੀ ਨਾਲ ਵਧ-ਫੁੱਲ ਰਿਹਾ ਹੈ। ਇਹ ਮਨੁੱਖ ਦੀ ਤਰੱਕੀ ਅਤੇ ਤੰਦਰੁਸਤੀ ਦਾ ਸੂਚਕ ਨਹੀਂ ਸਗੋਂ ਪਹਿਲਾਂ ਨਾਲੋਂ ਵਧੇਰੇ ਬਿਮਾਰ ਹੋਣ ਦਾ ਪ੍ਰਮਾਣ ਹੈ। ਅਸਲ ਵਿਚ ਮਨੁੱਖ ਜਿਉਂ-ਜਿਉਂ ਆਪਣੇ ਚਿੱਤੋਂ ਤਰੱਕੀ ਕਰ ਰਿਹਾ ਹੈ, ਤਿਉਂ-ਤਿਉਂ ਇਸ ਦੀਆਂ ਸਮੱਸਿਆਵਾਂ ਵਧ ਰਹੀਆਂ ਹਨ, ਗੰਭੀਰ ਅਤੇ ਜਟਿਲ ਹੋ ਰਹੀਆਂ ਹਨ। ਜਿਸ ਤਰੀਕੇ ਨਾਲ ਮਨੁੱਖ ਆਪਣੀ ਚਤੁਰਾਈ ਨਾਲ ਆਪਣੀਆਂ ਸਮੱਸਿਆਵਾਂ ਨੂੰ ਨਜਿੱਠ ਰਿਹਾ ਹੈ, ਉਸ ਨਾਲ ਅੱਗੇ ਹੋਰ ਸਮੱਸਿਆਵਾਂ ਜਨਮ ਲੈ ਰਹੀਆਂ ਹਨ। ਇਹ ਬਿਲਕੁਲ ਉਸੇ ਤਰ੍ਹਾਂ ਹੈ ਕਿ ਇਕ ਚੌਰਸ ਮੇਜ਼ ਦੀਆਂ 4 ਨੁੱਕਰਾਂ (ਅੱਸੀਆਂ) ਸੁਖਾਵੀਆਂ ਨਾ ਲੱਗਦੀਆਂ ਹੋਣ ਅਤੇ ਅਸੀਂ ਉਹਨਾਂ ਚਾਰਾਂ ਨੂੰ ਕੱਟ ਦੇਈਏ। ਆਪਣੇ ਚਿੱਤੋਂ ਅਸੀਂ ਚਾਰ ਨੁਕਰਾਂ ਨੂੰ ਕੱਟ ਕੇ ਖਤਮ ਕੀਤਾ ਪਰ ਅਸਲ ਵਿਚ ਅਸੀਂ 4 ਤੋਂ 8 ਨੁੱਕਰਾਂ ਬਣਾ ਲਈਆਂ। ਜਦੋਂ ਅਗਲੀ ਪੀੜ੍ਹੀ ਨੂੰ ਪਤਾ ਲੱਗਾ ਕਿ ਇਥੇ ਤਾਂ 8 ਨੁਕਰਾਂ ਹਨ ਤਾਂ ਉਹ ਇਹਨਾਂ ਨੂੰ ਫਿਰ ਕੱਟ ਦਿੰਦੀ ਹੈ ਅਤੇ ਨਵੀਆਂ ਨੁੱਕਰਾਂ ਦੀ ਗਿਣਤੀ 16 ਹੋ ਜਾਂਦੀ ਹੈ। ਇਸ ਤਰ੍ਹਾਂ ਇਕ ਸਮੱਸਿਆ ਨੂੰ ਦੋ ਵਾਰ ਹੱਲ ਕਰਨ ਨਾਲ ਇਹ 4 ਗੁਣਾ ਵੱਧ ਜਾਂਦੀ ਹੈ। ਸਾਰੀਆਂ ਨੁੱਕਰਾਂ ਖਤਮ ਕਰਨ ਲਈ ਭਾਵ ਮੇਜ਼ ਗੋਲ ਕਰਨ ਲਈ ਬੇਅੰਤ ਵਾਰ ਇਹ ਅਮਲ ਦੁਹਰਾਉਣਾ ਪਵੇਗਾ। ਪਰ ਤਦ ਤੱਕ ਮੇਜ਼ ਦਾ ਆਕਾਰ ਘਟਦਾ ਘਟਦਾ ਮੁੱਕ ਜਾਵੇਗਾ। ਵਰਤਮਾਨ ਮਨੁੱਖ ਨੇ ਆਪਣੇ ਮਸਲਿਆਂ ਦੇ ਹੱਲ (ਸੁੱਖ) ਲਈ ਜੋ ਰਸਤਾ ਫੜਿਆ ਹੈ ਅਤੇ ਜਿਸ ਨੂੰ ਅਸੀਂ 'ਵਿਕਾਸ' ਕਹਿੰਦੇ ਹਾਂ ਉਹ ਮਨੁੱਖੀ ਨਸਲ ਨੂੰ ਮੁੱਕਾ ਲੈਣ ਦਾ ਰਸਤਾ ਹੈ। 'ਵਿਕਾਸ' ਦਾ ਅਜਿਹਾ ਭਰਮ-ਜਾਲ ਦਿਨੋਂ ਦਿਨ ਬੜੀ ਤੇਜ਼ੀ ਨਾਲ ਸੰਘਣਾ ਹੋਈ ਜਾ ਰਿਹਾ ਹੈ ਤੇ ਇਸ ਦੀ ਜਕੜ ਪਕੜ ਮਜ਼ਬੂਤ ਹੋਈ ਜਾ ਰਹੀ ਹੈ। ਅਜਿਹੀ

Original with;
Jaswant Singh Zafar
Digitized by;
Panjab Digital Library

ਸਥਿਤੀ ਸਬੰਧੀ ਗੁਰੂ ਨਾਨਕ ਦਾ ਬਿਆਨ ਹੈ:

*ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥*
*ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥*
*ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ॥*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ॥*
*ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥ (55)*

ਮਨੁੱਖ ਦਾ ਸੰਪੂਰਨ ਆਪਾ ਪੂਰੀ ਤਰ੍ਹਾਂ ਇਸ ਅਣਦਿਸਦੇ ਜਾਲ਼ ਵਿਚ ਫਸਿਆ ਛਟਪਟਾ ਰਿਹਾ, ਕੁਰਲਾ ਰਿਹਾ ਤੇ ਕੁਮਲਾ ਰਿਹਾ ਹੈ। ਇਸ ਜਾਲ ਨੂੰ ਜਾਨਣਾ ਪਹਿਚਾਨਣਾ ਅਤੇ ਇਸ ਤੋਂ ਬਚਣਾ ਹੀ ਅਜੋਕੇ ਮਨੁੱਖ ਲਈ ਚੁਣੌਤੀਆਂ ਸਿਰ ਚੁਣੌਤੀ ਹੈ। ਇਸ ਜਾਲ ਤੋਂ ਬੰਦ ਖਲਾਸੀ ਲਈ ਜੋ ਰੌਸ਼ਨੀ ਗੁਰੂ ਨਾਨਕ ਬਾਣੀ ਵਿਚ ਉਪਲਭਦ ਹੈ ਓਹੀ ਵਰਤਮਾਨ ਸਮੇਂ 'ਚ ਗੁਰੂ ਨਾਨਕ ਬਾਣੀ ਦੀ ਪ੍ਰਸੰਗਿਕਤਾ ਹੈ। ਇਹਨਾਂ ਸਮਿਆਂ ਵਿਚ ਗੁਰੂ ਨਾਨਕ ਬਾਣੀ ਦੇ ਸਾਰਥਕ ਹੋਣ ਦਾ ਕਾਰਨ ਇਹ ਜਾਪਦਾ ਹੈ ਕਿ ਇਸ ਨੇ ਹਰ ਸਥਾਨ ਅਤੇ ਸਮੇਂ ਤੇ ਹਰ ਤਰ੍ਹਾਂ ਦੀ ਸਥਿਤੀ ਨੂੰ ਰਿਸਪਾਂਡ ਕਰਨ ਵਾਲੇਂ ਮਨੁੱਖੀ ਮਨ ਦੇ ਸਥਾਈ ਡਿਜ਼ਾਈਨ ਨੂੰ ਹੱਥ ਪਾਇਆ ਹੋਇਆ ਹੈ। ਇਹ ਰਿਸਪੌਂਸ ਹੀ ਮਨੁੱਖੀ ਜੀਵਨ ਅਤੇ ਸੱਭਿਆਚਾਰ ਲਈ ਅਗਲਾ ਰੁਸਤਾ ਨਿਰਧਾਰਤ ਕਰਦਾ ਹੈ:

*ਏਕਾ ਸੁਰਤਿ ਜੇਤੇ ਹੈ ਜੀਅ॥*
*ਸੁਰਤਿ ਵਿਹੂਣਾ ਕੋਇ ਨ ਕੀਅ॥*
*ਜੇਹੀ ਸੁਰਤਿ ਤੇਹਾ ਤਿਨ ਰਾਹੁ॥*
*ਲੇਖਾ ਇਕੋ ਆਵਹੁ ਜਾਹੁ॥ (25)*

ਮਨੁੱਖ ਆਪਣੇ ਚਿੱਤੋਂ ਵਿਕਾਸ ਦੀ ਯਾਤਰਾ 'ਤੇ ਹੈ, ਦੁੱਖਾਂ (ਮਸਲਿਆਂ) ਤੋਂ ਸੁੱਖਾਂ (ਸਾਧਨਾ, ਸਹੂਲਤਾਂ) ਦੀ ਪ੍ਰਾਪਤੀ ਦੀ ਦਿਸ਼ਾ ਵਿਚ ਤੁਰ ਰਿਹਾ ਹੈ। ਪਰ ਸੁੱਖਾਂ, ਸਾਧਨਾ ਅਤੇ ਸਹੂਲਤਾਂ ਦੀ ਦੌੜ ਮਨੁੱਖ ਲਈ ਅਣਚਾਹੇ ਦੁੱਖਾਂ, ਤਕਲੀਫਾਂ, ਥਕਾਵਟਾਂ, ਤਣਾਓ ਅਤੇ ਬਿਮਾਰੀਆਂ ਦਾ ਕਾਰਨ ਵੀ ਬਣੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਇਕੋ ਸਥਿਤੀ 'ਚੋਂ ਦੁੱਖ ਅਤੇ ਸੁੱਖ ਨੂੰ ਇਕੋ ਸਮੇਂ 'ਤੇ ਪੇਸ਼ ਹੋਣਾ ਮੰਨਦੇ ਹਨ:

*ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ॥ (16)*

ਜਿਸ ਸਥਿਤੀ ਨੂੰ ਮਨੁੱਖ ਹੁਣ ਅੱਪੜਿਆ ਹੈ ਇਸ ਨੂੰ ਸਮਝਣ ਲਈ

Original with;
Jaswant Singh Zafar
Digitized by;
Panjab Digital Library

ਇਸ ਦੀ ਪਿਛਲੀਆਂ 5 ਸਦੀਆਂ ਦੇ ਵਿਕਾਸ ਦੀ ਯਾਤਰਾ ਦਾ ਲੇਖਾ-ਜੋਖਾ ਸਹਾਈ ਹੋਵੇਗਾ। ਪੰਦਰਵੀਂ ਸਦੀ ਦੇ ਅੰਤ ਅਤੇ ਸੋਹਲਵੀਂ ਸਦੀ ਦੇ ਆਰੰਭ ਵਿਚ ਪੱਛਮ ਵਿਚ ਕੁਦਰਤ ਦੇ ਵਰਤਾਰਿਆਂ ਤੇ ਭੇਦਾਂ ਨੂੰ ਜਾਨਣ ਲਈ 'ਵਿਗਿਆਨਕ ਢੰਗ' ਅਪਣਾਏ ਜਾਣ ਲੱਗੇ। ਥਿਊਰੀ ਨੂੰ ਨਾਲੋ-ਨਾਲ ਪ੍ਰਯੋਗਸ਼ਾਲਾ ਦੇ ਤਜਰਬੇ ਦੀ ਕਸਵੱਟੀ 'ਤੇ ਪਰਖਿਆ ਜਾਣ ਲੱਗਾ। ਨਤੀਜੇ ਗਣਿਤ ਦੀ ਸਹਾਇਤਾ ਨਾਲ ਸੂਤਰਬੱਧ ਕੀਤੇ ਜਾਣ ਲੱਗੇ। ਬਿਲਕੁਲ ਉਸੇ ਸਮੇਂ ਗੁਰੂ ਨਾਨਕ ਸਾਹਿਬ ਪੂਰਬ ਦੀ ਧਰਤੀ ਨੂੰ ਪੈਰੀਂ ਗਾਹ ਰਹੇ ਸਨ। ਕੁਦਰਤ ਦੀ ਸੁੰਦਰਤਾ, ਬੇਅੰਤਤਾ, ਗਤੀਸ਼ੀਲਤਾ, ਸਜੀਵਤਾ ਅਤੇ ਇਸ ਦੀ ਵੰਨਸੁਵੰਤਾ ਦੀ ਅੰਤਰੀਵ ਏਕਤਾ ਨੂੰ ਗਾ ਰਹੇ ਸਨ:

*ਕੁਦਰਤਿ ਕਵਣ ਕਹਾ ਵਿਚਾਰੁ॥*
*ਵਾਰਿਆ ਨ ਜਾਵਾ ਏਕ ਵਾਰ॥ (3)*

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ (8)*

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥*
*ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥ (13)*

*ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ॥*
*ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਨਹਾਰੋ॥ (580)*

*ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥*
*ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥ (596)*

*ਕੁਦਰਤਿ ਦੇਖਿ ਰਹੇ ਮਨੁ ਮਾਨਿਆ॥*
*ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ॥ (1043)*

ਸਤਾਰਵੀਂ ਸਦੀ ਵਿਚ ਪੱਛਮ ਦੇ ਵਿਗਿਆਨ ਨੇ ਮਾਦੇ (ਪਦਾਰਥ) ਅਤੇ ਊਰਜਾ (ਜਾਨ ਜਾਂ ਪ੍ਰਾਣ) ਨੂੰ ਇੱਕ ਦੂਸਰੇ ਤੋਂ ਪੂਰੀ ਤਰ੍ਹਾਂ ਨਿਖੇੜ ਕੇ ਪੇਸ਼ ਕਰਨਾ ਸ਼ੁਰੂ ਕੀਤਾ। ਕਾਰਟੇਜ਼ਨੀ ਨਿਖੇੜ ਕਾਰਨ ਵਿਗਿਆਨੀਆਂ ਨੂੰ ਸਭ ਚੀਜ਼ਾਂ ਬੇਜਾਨ ਅਤੇ ਵਿਯੋਗਿਤ ਨਜ਼ਰ ਆਉਣ ਲੱਗੀਆਂ। ਪੱਛਮੀ ਸੰਸਾਰ ਨੇ ਸ੍ਰਿਸ਼ਟੀ ਦੀ ਹਰ ਰਚਨਾ ਨੂੰ ਇਕ ਬੇਜਾਨ ਵਸਤੂ ਜਾਂ ਗਣਿਤ ਦੇ ਇਕ ਸੁਤੰਤਰ ਅੰਕ ਵਾਂਗ ਤਸੱਵਰ ਕਰਨਾ ਸ਼ੁਰੂ ਕੀਤਾ ਅਤੇ ਪੂਰੀ ਸ੍ਰਿਸ਼ਟੀ ਨੂੰ ਇਹਨਾਂ ਵਸਤਾਂ/ਅੰਕਾਂ ਦਾ ਜੋੜ। ਅਜਿਹੀ ਮਕਾਨਕੀ ਸਮਝ ਹੀ ਸਤਾਰ੍ਹਵੀਂ ਸਦੀ ਦੇ ਅੱਧ ਵਿਚ ਨਿਊਟਨ ਦੀ

Original with;
Jaswant Singh Zafar
Digitized by;
Panjab Digital Library

ਕਲਾਸੀਕਲ ਮਕੈਨਿਕਸ ਦਾ ਅਧਾਰ ਬਣੀ। ਇਸ ਤੋਂ ਉਲਟ ਗੁਰੂ ਨਾਨਕ ਬਾਣੀ ਕੁਦਰਤ ਦੀ ਮਹਾਨਤਾ, ਵਿਸ਼ਾਲਤਾ, ਪਾਲਣਹਾਰਤਾ, ਇਕਮਿਕਤਾ ਅਤੇ ਇਕਸੁਰਤਾ ਪ੍ਰਤੀ ਬਲਿਹਾਰਤਾ ਦਾ ਗੀਤ ਹੈ ਜਿਸ ਨੇ ਕੁਦਰਤ ਨੂੰ ਨਾ ਕੇਵਲ ਕਰਤੇ ਦੀ ਖੇਡ ਮੰਨਿਆਂ ਸਗੋਂ ਇਸ ਨੂੰ ਕਰਤੇ ਦਾ ਆਪਾ ਵੀ ਕਿਹਾ:

*ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥ (223)*

*ਬਲਿਹਾਰੀ ਕੁਦਰਤਿ ਵਸਿਆ॥*
*ਤੇਰਾ ਅੰਤੁ ਨ ਜਾਈ ਲਖਿਆ॥ (469)*

*ਆਪੇ ਭਵਰਾ ਫੂਲ ਬੇਲਿ॥ ਆਪੇ ਸੰਗਤਿ ਮੀਤ ਮੇਲਿ॥*
*ਐਸੀ ਭਵਰਾ ਬਾਸੁ ਲੇ॥ ਤਰਵਰ ਫੂਲੇ ਬਨ ਹਰੇ॥ (1190)*

ਬਾਬੇ ਨੇ ਕੁਦਰਤ ਦੇ ਸਮੁੱਚੇ ਪਸਾਰ ਦੀ ਉਤਪਤੀ ਨੂੰ ਲਗਾਤਾਰ ਵਾਪਰ ਰਹੀ ਤਬਦੀਲੀ ਅਤੇ ਗਤੀਸ਼ੀਲਤਾ ਦਾ ਨਤੀਜਾ ਮੰਨਿਆਂ ਸੀ:

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ (19)*

ਦੂਜੇ ਪਾਸੇ ਨਿਊਟਨ ਨੇ ਸਾਰੇ ਬ੍ਰਹਿਮੰਡੀ ਪਿੰਡਾਂ ਦੀ ਉਤਪਤੀ ਨੂੰ ਇਕੋ ਵਾਰੀ ਅੰਤਮ ਰੂਪ ਵਿਚ ਵਾਪਰੀ ਘਟਨਾ ਕਿਹਾ ਅਤੇ ਬ੍ਰਹਿਮੰਡ ਨੂੰ ਅਟੱਲ ਅਤੇ ਅਚੱਲ ਸਪੇਸ ਵਜੋਂ ਤਸਲੀਮ ਕੀਤਾ। ਹਰ ਕੁਦਰਤੀ ਤਬਦੀਲੀ ਨੂੰ ਕੇਵਲ ਕਿਸੇ ਬਾਹਰੀ ਸ਼ਕਤੀ ਦਾ ਨਤੀਜਾ ਸਮਝਿਆ ਜਾਣ ਲੱਗਾ ਅਤੇ ਪ੍ਰਮਾਤਮਾ ਨੂੰ ਵੀ ਕੁਦਰਤੀ ਨਿਯਮਾਂ ਦੀ ਪਾਲਣਾ ਕਰਵਾਉਣ ਵਾਲੀ ਇਕ ਬਾਹਰੀ ਸ਼ਕਤੀ ਹੀ ਆਖਿਆ ਜਾਣ ਲੱਗਾ ਭਾਵ ਕਰਤੇ ਅਤੇ ਕਾਰਜ ਨੂੰ ਵੱਖਰਾ-ਵੱਖਰਾ ਮੰਨਿਆਂ ਗਿਆ। ਮਾਦੇ ਨੂੰ ਅਮਰ ਸਮਝਿਆ ਗਿਆ।

ਅਜਿਹੀ ਵਿਸ਼ਵ ਦ੍ਰਿਸ਼ਟੀ ਦਾ ਕੇਵਲ ਵਿਗਿਆਨ ਦੇ ਖੇਤਰ ਵਿਚ ਹੀ ਬੋਲ ਬਾਲਾ ਨਹੀਂ ਹੋਇਆ ਸਗੋਂ ਇਸ ਨੇ ਬੜੀ ਤੇਜ਼ੀ ਨਾਲ ਮਨੁੱਖੀ ਸੱਭਿਆਚਾਰ ਨੂੰ ਆਪਣੇ ਅਮਰਵੇਲੀ ਪ੍ਰਭਾਵ ਹੇਠ ਲਿਆਉਣਾ ਸ਼ੁਰੂ ਕਰ ਦਿੱਤਾ। ਸਭ ਕਾਸੇ ਨੂੰ ਖੰਡ-ਖੰਡ ਕਰਕੇ ਸਮਝਿਆ ਜਾਣ ਲੱਗਾ। ਸਰੀਰ ਨੂੰ ਵੀ ਇਕ ਇਕਾਈ ਦੀ ਥਾਂ ਵੱਖ-ਵੱਖ ਅੰਗਾਂ ਦੇ ਜੋੜ ਵਜੋਂ ਦੇਖਿਆ ਜਾਣ ਲੱਗਾ। ਅਜਿਹੀ ਵਿਸ਼ਵ ਦ੍ਰਿਸ਼ਟੀ ਕਾਰਨ ਮਨੁੱਖ ਤਕਨੀਕੀ ਅਤੇ ਸਨਅਤੀ ਤਰੱਕੀ ਦੇ ਰਸਤੇ ਤੇ ਤਾਂ ਬੜੀ ਤੇਜ਼ੀ ਨਾਲ ਦੌੜਨ ਲੱਗਾ ਪਰ ਕੁਦਰਤ, ਵਾਤਾਵਰਣ, ਦੂਸਰੇ ਮਨੁੱਖਾਂ ਅਤੇ ਦੂਸਰੇ ਜੀਵਾਂ ਨਾਲ ਇਸ ਦੇ ਸਬੰਧਾਂ ਵਿਚ ਖਤਰਨਾਕ ਵਿਗਾੜ ਪੈਦਾ ਹੋ ਗਿਆ। ਮਨੁੱਖ ਲਈ

Original with;
Jaswant Singh Zafar
Digitized by;
Panjab Digital Library

'ਮੈਂ', 'ਕੁਦਰਤ' ਅਤੇ 'ਰੱਬ' ਪੂਰੀ ਤਰ੍ਹਾਂ ਅਲਹਿਦਾ ਅਲਹਿਦਾ ਗੱਲਾਂ ਹੋ ਗਈਆਂ। ਜਿਸ ਕਰਕੇ ਮਨੁੱਖੀ ਭਾਈਚਾਰਾ ਨਸਲਾਂ, ਕੌਮਾਂ, ਫਿਰਕਿਆਂ ਆਦਿ ਦੀ ਪਹਿਲਾਂ ਨਾਲੋਂ ਵਧੇਰੇ ਕੱਟੜ ਵੰਡ ਦਾ ਸ਼ਿਕਾਰ ਹੋਇਆ। ਕੁਦਰਤ, ਧਰਤੀ, ਹਵਾ, ਪਾਣੀ ਬੇਜਾਨ ਚੀਜ਼ਾਂ ਸਮਝੀਆਂ ਜਾਣ ਲੱਗੀਆਂ। ਮਨੁੱਖ ਆਪਣੇ ਆਪ ਨੂੰ ਸ੍ਰਿਸ਼ਟੀ ਦਾ ਇਕ ਛੋਟਾ ਜਿਹਾ ਅੰਗ ਸਮਝਣ ਦੀ ਬਜਾਏ ਇਸ ਦਾ ਮਾਲਕ ਸਮਝਣ ਲੱਗਾ। ਇਹ ਧਰਤੀ ਦਾ ਪੁੱਤਰ ਨਾ ਰਿਹਾ ਸਗੋਂ ਹੁਕਮਰਾਨ ਬਣ ਗਿਆ। ਕੁਦਰਤੀ ਸਾਧਨਾਂ ਅਤੇ ਸਰੋਤਾਂ ਦੀ ਲੁੱਟ ਅਤੇ ਸ਼ੋਸ਼ਣ ਦੀ ਅੰਨ੍ਹੀਂ ਹੋੜ ਲੱਗੀ। ਕਲਿਆਣ ਅਤੇ ਆਨੰਦ ਦੀ ਬਜਾਏ ਮੁਨਾਫ਼ਾ ਮਨੁੱਖੀ ਸਰਗਰਮੀ ਦਾ ਲਾਜ਼ਮੀ ਅੰਗ ਬਣ ਗਿਆ। ਇਸ 'ਵਿਗਿਆਨਕ ਸੋਚ' ਨੇ ਅਜਿਹੀ ਸਨਅਤੀ ਅਤੇ ਵਪਾਰਕ ਸਰਗਰਮੀ ਨੂੰ ਜਨਮ ਦਿੱਤਾ ਜਿਸ ਵਿਚ ਸੇਵਾ, ਤਿਆਗ, ਆਜ਼ਾਦੀ, ਕੁਰਬਾਨੀ, ਹਮਦਰਦੀ, ਸਬਰ, ਦਾਨ, ਮੁਹੱਬਤ, ਮਮਤਾ ਆਦਿ ਲਈ ਕੋਈ ਸਥਾਨ ਨਹੀਂ ਸਗੋਂ ਲਾਲਚ, ਖ਼ੁਦਗਰਜ਼ੀ, ਚਾਪਲੂਸੀ, ਸ਼ੋਸ਼ਨ, ਮੁਕਾਬਲੇਬਾਜ਼ੀ, ਧੋਖੇਬਾਜ਼ੀ ਅਤੇ ਮੌਕਾਪ੍ਰਸਤੀ ਦੀ ਪ੍ਰਧਾਨਤਾ ਹੋਈ।

ਦਰਿਆ ਜੋ ਪਹਿਲਾਂ 'ਪਾਣੀ ਜੀਓ' ਪ੍ਰਦਾਨ ਕਰਦੇ ਸਨ ਅਤੇ ਧਰਤੀ ਲਈ ਉਸੇ ਤਰ੍ਹਾਂ ਸਨ ਜਿਵੇਂ ਸਾਡੇ ਜਿਸਮ ਵਿਚ ਲਹੂ ਦੀਆਂ ਨਾੜਾਂ ਹਨ, ਸਨਅਤੀ ਬਚ-ਖੁਚ ਤੇ ਗੰਦਗੀ ਨੂੰ ਸਾਂਭਣ ਵਾਲੇ ਕੂੜਾਦਾਨ ਬਣ ਗਏ। ਖੇਤੀਬਾੜੀ, ਪਸ਼ੂ ਪਾਲਣ ਅਤੇ ਸੈਰ-ਸਪਾਟੇ ਵਰਗੀਆਂ ਕੁਦਰਤ ਨਾਲ ਸਹਿਯੋਗ, ਸੰਵਾਦ ਅਤੇ ਮੁਹੱਬਤ ਵਧਾਉਣ ਵਾਲੀਆਂ ਮਨੁੱਖੀ ਸਰਗਰਮੀਆਂ ਵੀ ਕੁਦਰਤ ਦਾ ਸ਼ੋਸ਼ਣ ਕਰਨ ਵਾਲੇ 'ਲਾਹੇਵੰਦ' ਧੰਦਿਆਂ ਵਿਚ ਤਬਦੀਲ ਹੋ ਗਈਆਂ। ਭਿੰਨੀ ਰੈਨੜੀ ਵਿਚ ਚਮਕਣ ਵਾਲੇ ਤਾਰੇ ਬੇਜਾਨ ਪੱਥਰ, ਚਟਾਨਾਂ ਤੇ ਟੋਏ-ਟਿੱਬੇ ਬਣ ਗਏ।

ਕਾਰਟੇਜ਼ਨੀ ਨਿਖੇੜਵਾਦ ਅਤੇ ਕਲਾਸੀਕਲ ਮਕੈਨਿਕਸ ਦੀਆਂ ਧਾਰਨਾਵਾਂ ਨੂੰ ਵਿਗਿਆਨ ਦੇ ਖੇਤਰ ਵਿਚ ਵੀਹਵੀਂ ਸਦੀ ਦੇ ਆਰੰਭ ਵਿਚ ਠੱਲ ਪੈਣੀ ਸ਼ੁਰੂ ਹੋਈ ਜਦ ਆਇਨਸਟਾਈਨ ਨੇ ਐਲਾਨ ਕੀਤਾ ਕਿ ਮਾਦਾ (ਪਦਾਰਥ) ਅਤੇ ਊਰਜਾ (ਸ਼ਕਤੀ) ਅਸਲੋਂ ਹੀ ਵੱਖਰੀਆਂ ਵੱਖਰੀਆਂ ਖੇਡਾਂ ਨਹੀਂ ਸਗੋਂ ਊਰਜਾ ਮਾਦੇ ਵਿਚ ਵਟ ਸਕਦੀ ਹੈ ਮਾਦਾ ਊਰਜਾ ਵਿਚ ਵਲੀਨ ਹੋ ਸਕਦਾ ਹੈ। ਐਕਸ-ਰੇਅਜ਼ ਦੀ ਪਛਾਣ ਅਤੇ ਰੇਡੀਓਐਕਟਿਵਟੀ ਦੇ ਗਿਆਨ ਨੇ ਵੀ ਸਿੱਧ ਕੀਤਾ ਕਿ ਮਾਦਾ ਅਮਰ ਨਹੀਂ ਹੈ, ਇਹ ਊਰਜਾ ਵਿਚ ਤਬਦੀਲ ਹੁੰਦਾ ਹੈ ਅਤੇ ਜਿੰਨ੍ਹਾਂ ਨੂੰ ਮੂਲ ਤੱਤ (ਐਲੀਮੈਂਟਸ) ਕਿਹਾ ਜਾਂਦਾ ਹੈ ਉਹ ਵੀ ਦੂਸਰੇ ਤੱਤਾਂ ਵਿਚ ਵਟ ਸਕਦੇ ਹਨ। ਇਸ ਤਰ੍ਹਾਂ ਵਿਗਿਆਨ ਆਪਣੇ ਕਾਰਟੇਜ਼ਨੀ ਨਿਖੇੜਵਾਦੀ ਖਾਸੇ ਅਤੇ ਨਿਊਟਨ ਦੀ ਕਲਾਸੀਕਲ ਮਕੈਨਿਕਸ ਵਾਲੇ ਆਧਾਰ ਤੋਂ ਵਿੱਥ ਸਥਾਪਤ ਕਰਦਾ ਹੋਇਆ ਗੁਰੂ ਨਾਨਕ ਬਾਣੀ ਨਾਲ ਸੁਰ ਮਿਲਾਉਣ ਲੱਗਾ। ਨਿਊਟਨ ਨੇ ਗਰੂਤਾ

Original with
Jaswant Singh Zafar
Digitized by;
Panjab Digital Library

ਅਤੇ ਗਤੀ ਦੇ ਨਿਯਮ ਕੇਵਲ ਉਹਨਾਂ ਭਾਰੀਆਂ ਅਤੇ ਨਿੱਗਰ ਵਸਤੂਆਂ ਤੱਕ ਹੀ ਸੀਮਤ ਰਹੇ ਜੋ ਅਣਗਿਣਤ ਅਣੂੰਆਂ ਦੀਆਂ ਬਣੀਆਂ ਅਤੇ ਰੌਸ਼ਨੀ ਦੀ ਰਫ਼ਤਾਰ ਨਾਲੋਂ ਬਹੁਤ ਘੱਟ ਰਫ਼ਤਾਰ ਨਾਲ ਗਤੀਸ਼ੀਲ ਹੋਣ। ਪ੍ਰਮਾਣੂੰ (ਕੁਦਰਤ) ਦੀ ਅੰਦਰੂਨੀ ਬਣਤਰ ਅਤੇ ਵਿਹਾਰ ਤੱਕ ਇਹਨਾਂ ਦੀ ਪਹੁੰਚ ਨਾ ਹੋਈ। ਵੀਹਵੀਂ ਸਦੀ ਵਿਚ ਵਿਗਿਆਨ ਇਸ ਦਿਸ਼ਾ ਵੱਲ ਕਦਮ ਪੁੱਟਣ ਲੱਗਾ। ਰੁਦਰਫੋਰਡ ਦੇ ਪ੍ਰਯੋਗਾਂ ਨੇ ਸਿੱਧ ਕੀਤਾ ਕਿ ਤੱਤ ਦੀ ਸਭ ਤੋਂ ਛੋਟੀ ਇਕਾਈ ਪ੍ਰਮਾਣੂੰ ਦੇ ਕੇਂਦਰ ਵਿਚ ਭਾਰੀ ਨਿਊਕਲੀਅਸ ਹੁੰਦਾ ਹੈ ਜਿਸ ਦੇ ਦੁਆਲੇ ਹਲਕੇ ਇਲੈਕਟ੍ਰੋਨ ਉਸੇ ਤਰ੍ਹਾਂ ਘੇਰਿਆਂ ਵਿਚ ਗਤੀਸ਼ੀਲ ਹਨ ਜਿਵੇਂ ਸੂਰਜ ਦੁਆਲੇ ਗ੍ਰਹਿ ਘੁੰਮਦੇ ਹਨ:

*ਜੋ ਬ੍ਰਹਿਮੰਡਿ ਖੰਡਿ ਸੋ ਜਾਣਹੁ॥*
*ਗੁਰਮੁਖਿ ਬੂਝਹੁ ਸਬਦਿ ਪਛਾਣਹੁ॥ (1041)*

ਫਿਰ ਪਤਾ ਲੱਗਾ ਕਿ ਨਿਊਕਲੀਅਸ ਦੋ ਤਰ੍ਹਾਂ ਦੇ ਕਣਾਂ (ਪ੍ਰੋਟਾਨ ਅਤੇ ਨਿਊਟ੍ਰਾਨ) ਦੀ ਬਣੀ ਹੋਈ ਹੈ ਅਤੇ ਇੰਜ ਪ੍ਰਮਾਣੂੰ ਕੁੱਲ ਤਿੰਨ ਕਿਸਮ ਦੇ ਮੂਲ ਕਣਾਂ ਦਾ ਬਣਿਆਂ ਹੋਇਆ ਹੈ। ਇਹ ਸਮਝ 1930 ਤੱਕ ਹੀ ਕਾਇਮ ਰਹੀ। 1935 ਤੱਕ 6 ਕਿਸਮ ਦੇ ਮੂਲ ਕਣਾਂ ਦੀ ਪਛਾਣ ਕਰ ਲਈ ਗਈ। 1955 ਤੱਕ ਇਹ ਗਿਣਤੀ ਵਧ ਕੇ 18 ਹੋ ਗਈ। ਹੁਣ ਇਹਨਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ ਅਤੇ ਹਰ ਸਾਲ ਇਸ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਵਿਗਿਆਨੀ ਇਹਨਾਂ ਸਾਰਿਆਂ ਵਿਚੋਂ ਕਿਸੇ ਨੂੰ ਵੀ ਮੂਲ ਕਣ ਨਹੀਂ ਮੰਨਦੇ ਕਿਉਂਕਿ ਇਹ ਕਣ ਇਕ ਦੂਸਰੇ ਨਾਲ ਜੁੜਦੇ-ਟੁੱਟਦੇ ਅਤੇ ਵਟਦੇ ਰਹਿੰਦੇ ਹਨ। ਇਸ ਤਰ੍ਹਾਂ ਵਿਗਿਆਨ ਨੂੰ ਮਾਦੇ ਦੀ ਛੋਟੀ ਤੋਂ ਛੋਟੀ ਇਕਾਈ ਦੀ ਗਹਿਰਾਈ (ਪਤਾਲ) ਦੇ ਅੰਦਰ ਵੀ ਬਾਹਰੀ ਬ੍ਰਹਿਮੰਡ ਜਿੰਨੀ ਬੇਅੰਤਤਾ ਦੇ ਦਰਸ਼ਨ ਹੋਣ ਲੱਗਦੇ ਹਨ ਜਿਸ ਬਾਰੇ ਗੁਰੂ ਨਾਨਕ ਦੇ ਸੰਕੇਤ ਸਨ:

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥ (5)*

ਪ੍ਰਮਾਣੂ ਦੇ ਅੰਦਰ ਘੁੰਮਣ ਵਾਲੇ ਇਲੈਕਟ੍ਰੋਨ ਦਾ ਵਤੀਰਾ ਸਥਾਈ ਜਾਂ ਇਕ ਸਾਰ ਨਹੀਂ ਰਹਿੰਦਾ, ਇਹ ਕਦੀ ਮਾਦੀ ਕਣ ਵਾਂਗ ਹੁੰਦਾ ਹੈ ਅਤੇ ਕਦੀ ਊਰਜਾਈ ਤਰੰਗ ਵਾਂਗ:

*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥ (14)*

ਕੁਅੰਟਮ ਥਿਊਰੀ ਮੁਤਾਬਕ ਇਲੈਕਟ੍ਰੋਨ ਦਾ ਇਹ ਦੋਹਰਾ ਵਰਤਾਰਾ ਦੇਖਣ ਵਾਲੇ ਦੀ ਦ੍ਰਿਸ਼ਟੀ ਤੇ ਹੀ ਨਿਰਭਰ ਕਰਦਾ ਹੈ ਭਾਵ ਕਾਰਜ ਅਤੇ ਦਰਸ਼ਕ

*Original with;*
Jaswant Singh Zafar
*Digitized by;*
Panjab Digital Library

ਨੂੰ ਨਿਖੇੜਨਾ ਅਸੰਭਵ ਹੈ। ਇਸ ਤਰ੍ਹਾਂ ਵਿਗਿਆਨਕ ਤਰਕ ਪਦਾਰਥ ਦੀ ਅਮਰ ਹੋਂਦ ਦੀ ਬਜਾਏ 'ਵਾਪਰਨ ਵਾਲੇ' ਅਤੇ 'ਦੇਖਣ ਵਾਲੇ' ਦਰਮਿਆਨ ਅਮਰ ਏਕਤਾ ਨੂੰ ਸਮਝ ਲੈਂਦਾ ਹੈ ਜਿਸਦੀ ਗੁਰੂ ਨਾਨਕ ਨੇ ਬਾਤ ਪਾਈ ਸੀ:

*ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥ (6)*

*ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ॥ (934)*

*ਤੁਝ ਤੇ ਬਾਹਰਿ ਕਿਛੂ ਨ ਹੋਇ॥*
*ਤੂ ਕਰਿ ਕਰਿ ਦੇਖਹਿ ਜਾਣਹਿ ਸੋਇ॥ (1125)*

ਆਇਨਸਟਾਈਨ ਮੁਤਾਬਕ ਪ੍ਰਮਾਣੂੰ ਅੰਦਰਲੇ ਕਿਸੇ ਕਣ ਦੀ ਮੌਜੂਦਗੀ, ਸਥਿਤੀ, ਗਤੀ, ਅਤੇ ਊਰਜਾ ਆਦਿ ਨੂੰ ਦੂਸਰੇ ਕਣਾਂ ਤੋਂ ਵੀ ਵਖਰਿਆ ਕੇ ਦੇਖਣ ਜਾਂ ਗਿਣਨ-ਮਿਣਨ ਬਾਰੇ ਸੋਚਿਆ ਨਹੀਂ ਜਾ ਸਕਦਾ। ਉਸ ਨੇ ਸਿੱਧ ਕੀਤਾ ਕਿ ਹਰ ਪ੍ਰਮਾਣੂੰ ਵਿਚ ਕੁਝ ਸ਼ਕਤੀ-ਕਣ ਰੌਸ਼ਨੀ ਦੀ ਰਫ਼ਤਾਰ ਨਾਲ ਲਗਾਤਾਰ ਗਤੀਸ਼ੀਲ ਰਹਿੰਦੇ ਹਨ ਜਿਨ੍ਹਾਂ ਦਾ ਕੋਈ ਆਕਾਰ ਜਾਂ ਵਜ਼ਨ ਨਹੀਂ ਹੁੰਦਾ। ਇਸ ਤਰ੍ਹਾਂ ਵਿਗਿਆਨ ਨੂੰ ਪ੍ਰਕਿਰਤੀ ਦੀ ਬੁਨਿਆਦੀ ਏਕਤਾ ਅਤੇ ਇਸ ਦੇ ਕਣ-ਕਣ ਵਿਚ ਇਕ ਸਾਂਝੀ ਜੋਤ ਦਾ ਝਲਕਾਰਾ ਮਿਲਦਾ ਹੈ ਜਿਸ ਦਾ ਗੁਰੂ ਨਾਨਕ ਬਾਣੀ ਵਿਚ ਵਾਰ-ਵਾਰ ਜਿਕਰ ਆਉਂਦਾ ਹੈ:

*ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥*
*ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੈ ਵਿਚਿ ਛਾਇਆ॥ (351)*

*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ*
*ਅਕਲ ਕਲਾ ਭਰਪੂਰਿ ਰਹਿਆ॥ (469)*

*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ (663)*

*ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ॥*
*ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ॥ (843)*

ਇਸ ਤਰ੍ਹਾਂ ਸ਼ੁਰੂ ਵਿਚ ਗੁਰੂ ਨਾਨਕ ਤੋਂ ਵੱਖਰੇ ਰਾਹ ਤੁਰਨ ਵਾਲਾ ਵਿਗਿਆਨ ਵੀਹਵੀਂ ਸਦੀ ਵਿਚ ਆ ਕੇ ਗੁਰੂ ਨਾਨਕ ਬਾਣੀ ਦੀ ਪ੍ਰੌੜਤਾ ਕਰਨ

*Original with;*
Jaswant Singh Zafar
*Digitized by;*
Panjab Digital Library

ਲੱਗਦਾ ਹੈ। ਜਿਸ ਮੁਤਾਬਕ ਪੂਰੀ ਸ੍ਰਿਸ਼ਟੀ ਵੱਖ ਵੱਖ, ਵਸਤਾਂ, ਜੀਵਾਂ, ਧਰਤੀਆਂ, ਅਸਮਾਨਾਂ, ਸ਼ਕਤੀਆਂ, ਵਰਤਾਰਿਆਂ, ਸਰਗਰਮੀਆਂ, ਅਨੁਭਵਾਂ, ਵਿਚਾਰਾਂ ਆਦਿ ਦਾ ਹਿਸਾਬੀ ਜੋੜ ਨਹੀਂ ਸਗੋਂ ਸਭ ਕਾਸੇ ਦੀ ਅੰਤਰ-ਸਬੰਧਤ ਸਹਿ-ਹੋਂਦ ਹੈ। ਇਸ ਅਧੁਨਿਕਤਾ ਦੀ ਬੁਨਿਆਦ ਭਾਵ ਕਾਰਟੇਜ਼ੀਅਨ ਨਿਖੇੜਵਾਦ ਅਤੇ ਸ੍ਰਿਸ਼ਟੀ ਦੀ ਉਤਪਤੀ ਸਬੰਧੀ ਨਿਊਟਨੀ ਧਾਰਨਾਵਾਂ ਨੂੰ ਤਾਂ ਵਿਗਿਆਨ ਆਪ ਹੀ ਗਲਤ ਸਾਬਤ ਕਰਨ ਲੱਗਾ ਹੈ। ਥਰਮੋਡਾਈਨਾਮਿਕਸ ਵਿਚ ਐਨਟ੍ਰੌਪੀ ਦੇ ਸੰਕਲਪ ਦੇ ਦਾਖਲੇ ਮਗਰੋਂ ਸਿੱਧ ਹੋਇਆ ਕਿ ਬ੍ਰਹਿਮੰਡ ਲਗਾਤਾਰ ਫੈਲ ਰਿਹਾ ਹੈ, ਕਿਸੇ ਵੇਲੇ ਇਹ ਇਕ ਨੁਕਤੇ 'ਤੇ ਸੁੰਗੜਿਆ ਹੋਇਆ ਸੀ। ਇਸ ਨੁਕਤੇ ਵਿਚ ਹੋਏ ਵੱਡੇ ਧਮਾਕੇ (ਬਿੱਗ ਬੈਂਗ) ਨਾਲ ਸ੍ਰਿਸ਼ਟੀ ਹੋਂਦ ਵਿਚ ਆਈ। ਸਮੇਂ ਦੇ ਗੇੜ ਨਾਲ ਬ੍ਰਹਿਮੰਡ ਫਿਰ ਸੁੰਗੜਨ ਲੱਗੇਗਾ ਅਤੇ ਇਕ ਨੁਕਤੇ ਵਿਚ ਸਿਮਟ ਜਾਏਗਾ। ਇਹ ਗੇੜ ਚਲਦਾ ਰਿਹਾ ਹੈ ਅਤੇ ਚਲਦਾ ਰਹਿਣਾ ਹੈ। ਗੁਰੂ ਨਾਨਕ ਨੇ ਕੁਦਰਤ ਅਤੇ ਬ੍ਰਹਿਮੰਡ ਦੀ ਅੰਤਰੀਵ ਏਕਤਾ ਅਤੇ ਗਤੀਸ਼ੀਲਤਾ ਦੇ ਨਾਲ ਨਾਲ ਸਮੁੱਚੇ ਬ੍ਰਹਿਮੰਡ ਦੀ ਨਿਰੰਤਰ ਗਤੀਸ਼ੀਲਤਾ ਅਤੇ ਪਰਿਵਰਤਨਸ਼ੀਲਤਾ ਦੀ ਗੱਲ ਕੀਤੀ ਸੀ:

*ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥*
*ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥*
*ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥*
*ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥*
*ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥*
*ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥ (64)*

ਉੱਪਰੋਕਤ ਚਰਚਾ ਤੋਂ ਇਹ ਪ੍ਰਭਾਵ ਬਣਦਾ ਹੈ ਕਿ ਸ਼ੁਰੂ ਤੋਂ ਵਿਗਿਆਨ ਅਤੇ ਇਸ ਦੇ ਤਹਿਤ ਹੋਣ ਵਾਲੀ ਤਰੱਕੀ ਦਾ ਰਸਤਾ ਗੁਰੂ ਨਾਨਕ ਤੋਂ ਵਿਯੋਗਿਆ ਹੋਇਆ ਸੀ, ਉਸ ਦਾ ਹੁਣ ਗੁਰੂ ਨਾਨਕ ਬਾਣੀ ਨਾਲ ਸੰਯੋਗ ਹੋਇਆ ਹੈ। ਵਿਗਿਆਨ ਤਾਂ ਗੁਰੂ ਨਾਨਕ ਬਾਣੀ ਦਾ ਅਨੁਸਰੀ ਹੋ ਰਿਹਾ ਹੈ ਪਰ ਪੰਜ ਸਦੀਆਂ ਦੀ ਉੱਪਰੋਕਤ ਯਾਤਰਾ ਕਾਰਨ ਸਾਡਾ ਜਿਉਣਾਂ, ਸੋਚਣਾ, ਵਿਚਰਨਾ, ਵਿਗਸਣਾ, ਜਾਨਣਾ, ਮਾਨਣਾ, ਚਾਹੁੰਣਾ ਗੁਰੂ ਨਾਨਕ ਬਾਣੀ ਦਾ ਅਨੁਸਾਰੀ ਨਹੀਂ ਹੈ। ਸਾਡੇ ਮਨਾਂ ਦਾ ਅਜੇ ਗੁਰੂ ਨਾਨਕ ਬਾਣੀ ਨਾਲ ਸੰਯੋਗ ਨਹੀਂ ਹੋਇਆ। ਇਸ ਸੰਯੋਗ ਨਾਲ ਹੀ ਅਸੀਂ ਆਪਣੇ ਮਸਲਿਆਂ ਨੂੰ ਵਧਾਉਣ ਦੀ ਬਜਾਏ ਨਜਿੱਠਣ ਦੀ ਸਥਿਤੀ ਵਿਚ ਹੋਵਾਂਗੇ। ਇਸ ਵਿਚਾਰ ਦੀ ਪ੍ਰੋੜਤਾ ਲਈ ਮੈਂ ਸਮੁੱਚੀ ਗੁਰੂ ਨਾਨਕ ਬਾਣੀ ਦੇ ਵਿਖਿਆਨ 'ਚ ਪੈਣ ਦੀ ਬਜਾਏ ਉਦਾਹਰਨ ਮਾਤਰ ਗੁਰੂ ਗਰੰਥ ਸਾਹਿਬ ਦੇ ਕੇਵਲ ਤਿੰਨ ਪੰਨੇ (19 ਤੋਂ 21) ਪੜ੍ਹਦਾ ਹਾਂ। ਸਾਡੀ ਪੱਕ ਚੁੱਕੀ ਸਮਝ ਅਤੇ

*Original with;*
Jaswant Singh Zafar
*Digitized by;*
Panjab Digital Library

ਨਾਨਕ-ਵਿਚਾਰ ਦਾ ਅੰਤਰ ਸਾਹਮਣੇ ਆਉਂਦਾ ਹੈ। ਮਿਸਾਲ ਦੇ ਤੌਰ 'ਤੇ ਅਸੀਂ ਤਨ ਅਤੇ ਮਨ ਨੂੰ ਵੱਖਰੇ ਵੱਖਰੇ ਮੰਨ ਕੇ ਇਹਨਾਂ ਦੇ ਇਲਾਜ ਵੀ ਵੱਖੋ-ਵੱਖਰੇ ਸਮਝਦੇ ਹਾਂ। ਪਰ ਗੁਰੂ ਨਾਨਕ ਅਨੁਸਾਰ:

*ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ॥*
*ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ॥ (19)*

ਮਾਇਆ ਦੇ ਸੇਕ ਨਾਲ ਭੁੱਜਿਆ ਹੋਇਆ ਮਨ ਤਨ ਨੂੰ ਨਸ਼ਟ ਕਰਦਾ ਹੈ:

*ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ॥ (19)*

ਫਿਰ ਮਨ ਨੂੰ ਮਾਇਆ ਦੇ ਸੇਕ ਤੋਂ ਬਚਾਈਏ ਕਿਵੇਂ? ਇਸ ਦਾ ਇਲਾਜ ਸੰਤੋਖ ਦੱਸਿਆ ਹੈ:

*ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ॥ (19)*

ਪਰ ਸੰਤੋਖੀ ਹੋਣ ਦਾ ਅਰਥ ਇਹ ਨਹੀਂ ਕਿ ਗੁਣਵਾਨ ਜਾਂ ਉਦਮੀ ਨਾ ਹੋਈਏ:

*ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥*
*ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ॥*
*ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥ (20)*

ਪਰ ਉਦਮੀ ਜਾਂ ਗੁਣੀ ਹੋਣ ਦਾ ਮਤਲਬ ਧੰਦ ਪਿੱਟਣਾ ਬਿਲਕੁਲ ਨਹੀਂ :

*ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ॥ (21)*

ਉਦਮ ਤੇ ਕਾਰਜ ਓਹੀ ਭਲਾ ਹੈ ਜਿਸ ਵਿਚ ਹਿੰਸਾ ਅਤੇ ਹਉਮੇ ਦੀ ਅਣਹੋਂਦ ਹੋਵੇ:

*ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ॥ (21)*

ਇਹ ਸਿਰਫ਼ ਇਕ ਉਦਾਹਰਨ ਹੈ ਗੁਰੂ ਨਾਨਕ ਬਾਣੀ ਦੇ ਅਜੋਕੇ ਸਮੇਂ ਵਿਚ ਪ੍ਰਸੰਗਕ ਹੋਣ ਦੀ। ਅਸੀਂ ਆਪਣੇ ਸਮੇਂ ਦੇ ਵੱਡੇ ਵਰਤਾਰਿਆਂ, ਖਤਰਿਆਂ ਨੂੰ ਇਸ ਦੀ ਰੋਸ਼ਨੀ ਵਿਚ ਦੇਖ, ਸਮਝ ਅਤੇ ਨਜਿੱਠ ਸਕਦੇ ਹਾਂ। ਵਾਤਾਵਰਨ ਦੀਆਂ ਚੁਣੌਤੀਆਂ, ਜਾਤ-ਪਾਤ, ਸਮਾਜਕ ਨਾਬਰਾਬਰੀ, ਸ਼ੋਸ਼ਣ, ਅਨਪੜ੍ਹਤਾ, ਫਿਰਕਾਪ੍ਰਸਤੀ ਆਦਿ ਮਸਲਿਆਂ ਨੂੰ ਗੁਰੂ ਨਾਨਕ ਬਾਣੀ ਦੀ ਰੌਸ਼ਨੀ ਵਿਚ ਦੂਰ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਸਾਡੇ ਰੋਜ਼ਮਰ੍ਹਾ ਦੇ ਸਾਰੇ ਵਤੀਰਿਆਂ,

*Original with;*
Jaswant Singh Zafar
*Digitized by;*
Panjab Digital Library

ਪਾਖੰਡਾਂ, ਫਜ਼ੂਲ ਖਰਚੀਆਂ, ਅਡੰਬਰਾਂ, ਦਿਖਾਵਿਆਂ ਸਬੰਧੀ ਗੁਰੂ ਨਾਨਕ ਦੀਆਂ ਟਿੱਪਣੀਆਂ ਨੂੰ ਸਮਝਣ ਅਤੇ ਉਹਨਾਂ ਅਨੁਸਾਰ ਆਪਣੇ ਵਿਹਾਰ ਨੂੰ ਦਰੁਸਤ ਕਰਕੇ ਸੱਚੀ ਅਤੇ ਸਥਾਈ ਖੁਸ਼ੀ ਦੇ ਭਾਗੀ ਬਣ ਸਕਦੇ ਹਾਂ। ਸਿਰਫ਼ ਇਕ ਉਦਾਹਰਨ ਪੇਸ਼ ਹੈ। ਅੱਜ-ਕੱਲ੍ਹ ਮੱਧ ਜਾਂ ਉਚ ਵਰਗੀ ਪਰਿਵਾਰਾਂ ਵਿਚ ਆਪਣੇ ਕਿਸੇ ਸੱਜਣ ਪਿਆਰੇ ਦੇ ਚਲਾਣੇ ਤੇ ਅੰਤਮ ਅਰਦਾਸ ਦੇ ਨਾਂ ਤੇ ਭਾਰੀ ਇਕੱਠ ਕਰਨ ਅਤੇ ਉਸ ਨੂੰ ਸ਼ਰਧਾਂਜਲੀ ਦੇਣ ਦੇ ਨਾਂ 'ਤੇ ਆਪਣੀ ਵਡਿਆਈ ਕਰਾਉਣ ਦਾ ਬੜਾ ਰਿਵਾਜ਼ ਹੈ। ਇਸ ਬਾਬਤ ਗੁਰੂ ਨਾਨਕ ਦੀ ਟਿੱਪਣੀ ਹੈ:

*ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ॥*
*ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥*
*ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ॥*
*ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ॥*
*ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥ (15)*

•

*Original with;*
Jaswant Singh Zafar
*Digitized by;*
Panjab Digital Library

# ਮਿਤ੍ਰ ਪਿਆਰੇ ਨੂੰ

ਜਿੰਨੇ ਛੰਦਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕਾਵਿ-ਰਚਨਾ ਕੀਤੀ ਹੈ ਸ਼ਾਇਦ ਹੀ ਕਿਸੇ ਹੋਰ ਸੁਖ਼ਨਵਰ ਨੇ ਕੀਤੀ ਹੋਵੇ। ਉਹਨਾਂ ਨੂੰ ਸੰਸਕ੍ਰਿਤ, ਫਾਰਸੀ, ਬ੍ਰਜ, ਪੰਜਾਬੀ ਸਮੇਤ ਅਨੇਕਾਂ ਭਾਸ਼ਾਵਾਂ ਦਾ ਗਿਆਨ ਹੀ ਨਹੀਂ ਸਗੋਂ ਚੋਖੀ ਮੁਹਾਰਤ ਹਾਸਲ ਸੀ। ਨਾਲ ਦੀ ਨਾਲ ਆਪਣੇ ਸਮੇਂ ਦੇ ਵੱਖ-ਵੱਖ ਜਾਤਾਂ ਮਜ਼ਹਬਾਂ ਦੇ ਸ਼ਾਇਰਾਂ ਦੀ ਵੱਡੇ ਪੱਧਰ ਤੇ ਸਰਪ੍ਰਸਤੀ ਕਰਨਾ ਉਹਨਾਂ ਦੇ ਜੀਵਨ ਦੇ ਮਹੱਤਵਪੂਰਨ ਕਾਰਜਾਂ ਵਿਚੋਂ ਇਕ ਸੀ।

ਅਸੀਂ ਪ੍ਰਮਾਤਮਾ ਨੂੰ ਆਪੋ-ਆਪਣੇ ਮਜ਼ਹਬ ਦੇ software ਨਾਲ ਹੀ ਚਿਤਵਦੇ ਅਤੇ ਮਹਿਸੂਸ ਕਰਦੇ ਹਾਂ। ਪ੍ਰਮਾਤਮਾ ਦੀ ਹੋਂਦ ਤੋਂ ਇਨਕਾਰ ਕਰਨ ਸਮੇਂ ਵੀ ਇਸ ਨੂੰ ਮਜ਼ਹਬ ਦੇ ਨਾਲ ਨੱਥੀ ਕਰਕੇ ਹੀ ਰੱਦ ਕਰਦੇ ਹਾਂ ਪਰ ਇਕ ਮਜ਼ਹਬ ਦੇ ਮੁਖੀ ਹੋਣ ਦੇ ਬਾਵਜੂਦ ਗੁਰੂ ਗੋਬਿੰਦ ਸਿੰਘ ਵਲੋਂ ਜਾਪੁ ਸਾਹਿਬ ਵਿਚ ਪ੍ਰਮਾਤਮਾ ਨੂੰ "ਨਮਸਤੰ ਅਮਜਬੇ" ਕਹਿ ਕੇ ਉਸ ਨੂੰ ਮਜ਼ਹਬਾਂ ਤੋਂ ਪਾਰ ਅਤੇ ਬਾਹਰ ਸਥਾਪਤ ਕੀਤਾ ਜਾਣਾ ਅਚੰਭੇ ਵਾਲੀ ਗੱਲ ਹੈ। ਸਾਨੂੰ ਅਚੰਭਾ ਇਸ ਕਰਕੇ ਲੱਗਦਾ ਹੈ ਕਿਉਂਕਿ ਅਸੀਂ ਗੁਰੂ ਸਾਹਿਬ ਨੂੰ ਸਿਰਫ਼ ਆਪਣੀਆਂ ਧਾਰਮਿਕ ਨਿਗਾਹਾਂ ਨਾਲ ਹੀ ਗੌਲਦੇ ਹਾਂ ਜਾਂ ਨਾਸਤਕੀ ਨਿਗਾਹਾਂ ਨਾਲ ਅਣਗੌਲ਼ਦੇ ਹਾਂ। ਗੁਰੂ ਨੂੰ ਸੁਣਦੇ ਵੀ ਇਸੇ ਤਰ੍ਹਾਂ ਹਾਂ। ਅੱਖਾਂ ਖੋਲ੍ਹਣ ਵਾਲੀਆਂ ਗੱਲਾਂ ਨੂੰ ਕੰਨ ਬੰਦ ਕਰਕੇ ਸੁਣਦੇ ਹਾਂ। ਉਹਨਾਂ ਨੂੰ hear ਹੀ ਕਰਦੇ ਹਾਂ listen ਨਹੀਂ ਕਰਦੇ।

ਕਲੰਡਰੀ ਚਿਤਰਕਾਰਾਂ ਨੇ ਉਹਨਾਂ ਨੂੰ ਹਮੇਸ਼ਾਂ ਧਨੁੱਖ-ਬਾਣਾਂ, ਚੱਕਰਾਂ ਅਤੇ ਹੋਰ ਅਸਤਰਾਂ ਸ਼ਸਤਰਾਂ ਨਾਲ ਲੈਸ ਹੀ ਦਿਖਾਇਆ ਹੈ। ਬੜੇ ਸਾਲ ਪਹਿਲਾਂ ਟੈਕਸਲਾ ਟੀ.ਵੀ. ਵਾਲਿਆਂ ਨੇ ਸ਼ਾਇਰ ਰੂਪ ਵਾਲੇ ਗੁਰੂ ਗੋਬਿੰਦ ਸਿੰਘ ਦੇ ਚਿਤਰ ਨੂੰ ਵੀ ਪ੍ਰਕਾਸ਼ਤ ਕਰਵਾਇਆ ਸੀ ਪਰ ਇਹ ਬਹੁਤਾ ਪ੍ਰਚੱਲਤ ਨਹੀਂ ਹੋਇਆ। ਗੁਰੂ ਸਾਹਿਬ ਦਾ ਪ੍ਰਮਾਣਕ ਚਿਤਰ ਕਿਹੋ ਜਿਹਾ ਹੋਵੇ ਆਪਾਂ ਇਸ ਰੌਲੇ ਵਿਚ ਨਹੀਂ ਪੈਂਦੇ ਕਿਉਂਕਿ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਗੁਰ ਮੂਰਤ ਗੁਰ ਸ਼ਬਦੁ ਹੈ। ਇਸ ਲਈ ਗੁਰੂ ਸਾਹਿਬ ਦੇ ਬਿੰਬ ਨੂੰ ਨਿਹਾਰਨ ਲਈ ਉਹਨਾਂ ਦੇ ਪ੍ਰਸਿੱਧ ਸ਼ਬਦ 'ਮਿਤ੍ਰ ਪਿਆਰੇ' ਨੂੰ ਆਪਣੇ ਮਨ ਅਤੇ ਦਿਲ ਨਾਲ ਸੁਣਦੇ ਹਾਂ। ਬਹੁਤ ਸਮਾਂ ਪਹਿਲਾਂ ਜਨਾਬ ਮੁਹੰਮਦ ਰਫੀ ਸਾਹਿਬ ਨੇ ਇਸ ਨੂੰ ਕਮਾਲ ਦਾ ਗਾ ਕੇ ਇਕ

*Original with;*
Jaswant Singh Zafar
*Digitized by;*
Panjab Digital Library

ਫਿਲਮ ਲਈ ਰਿਕਾਰਡ ਕਰਵਾਇਆ ਸੀ। ਜਨਾਬ ਨੁਸਰਤ ਫਤਹਿ ਅਲੀ ਖਾਨ ਸਾਹਿਬ ਨੇ ਵੀ ਲਸਾਨੀ ਢੰਗ ਨਾਲ ਇਸ ਦਾ ਗਾਇਨ ਕੀਤਾ ਹੈ। ਗ਼ਜ਼ਲ ਗਾਇਕ ਜਗਜੀਤ ਸਿੰਘ ਜੀ ਨੇ ਆਪਣੀ ਇਕੋ ਐਲਬਮ ਵਿਚ ਇਸ ਨੂੰ ਤਿੰਨ ਪੱਧਰਾਂ 'ਤੇ ਬਹੁਤ ਮਿੱਠੇ ਢੰਗ ਨਾਲ ਪੇਸ਼ ਕੀਤਾ ਹੈ। ਲਗਪਗ ਸਾਰੇ ਕੀਰਤਨੀਏ ਸਿੱਖਾਂ ਨੇਂ ਵੀ ਇਸ ਨੂੰ ਆਪੋ ਆਪਣੀ ਸਮਰੱਥਾ ਅਨੁਸਾਰ ਗਾਇਆ ਹੈ। ਮੈਨੂੰ ਇਹ ਸ਼ਬਦ ਜਿਵੇਂ ਸਮਝ ਪਿਆ ਹੈ ਉਹ ਤੁਹਾਡੇ ਨਾਲ਼ ਸਾਂਝਾ ਕਰਦਾ ਹਾਂ:

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।*

ਅਰਥਾਤ, ਮੇਰਾ ਪਿਆਰਾ ਮੇਰੇ ਕੋਲ ਨਹੀਂ ਹੈ, ਉਸ ਨੂੰ ਮੇਰੀ ਵੇਦਨਾ ਅਤੇ ਵੈਰਾਗ ਦਾ ਅਨੁਮਾਨ ਨਹੀਂ ਹੋ ਸਕਦਾ। ਉਸ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ:

*ਤੁਧੁ ਬਿਨੁ ਰੋਗ ਰਜਾਈਆ ਦਾ ਓਢਨ ਨਾਗ ਨਿਵਾਸਾ ਦੇ ਰਹਿਣਾ।*

ਕਿ ਤੇਰੇ ਸਾਥ ਤੋਂ ਬਗੈਰ ਨਿੱਘੀਆਂ ਅਤੇ ਕੂਲੀਆਂ ਰਜਾਈਆਂ ਵੀ ਨਿਰੀ ਬਿਮਾਰੀ ਦਾ ਘਰ ਲੱਗਦੀਆਂ ਹਨ। ਇਕੱਲਤਾ ਸੱਪਾਂ ਵਾਂਗ ਡੰਗਦੀ ਹੈ। ਦੂਜੇ ਸ਼ਬਦਾਂ ਵਿਚ: ਪਿਆਰੇ, ਤੇਰੇ ਸਾਥ ਤੋਂ ਬਗ਼ੈਰ ਸੋਹਣੇ ਬਿਸਤਰ 'ਚ ਪਿਆਂ ਵੀ ਸੱਪਾਂ ਦੀ ਖੁੱਡ ਵਿਚ ਪਏ ਹੋਣ ਵਰਗਾ ਬੇਅਰਾਮੀ ਅਤੇ ਬੇਚੈਨੀ ਭਰਿਆ ਅਹਿਸਾਸ ਹੁੰਦਾ ਹੈ।

*ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗ ਕਸਾਈਆ ਦਾ ਸਹਿਣਾ।*

ਉਂਜ ਤਾਂ ਸੁਰਾਹੀ ਅਤੇ ਪਿਆਲਾ ਆਨੰਦ ਅਤੇ ਜਸ਼ਨ ਦੇ ਪ੍ਰਤੀਕ ਹਨ ਪਰ ਆਪਣੇ ਪਿਆਰੇ ਦੇ ਸਾਥ ਤੋਂ ਬਗ਼ੈਰ ਇਹ ਕਸਾਈ ਦੇ ਹਥਿਆਰਾਂ ਵਾਂਗ ਵੱਢਣ ਪੈਂਦੇ ਹਨ।

*ਯਾਰੜੇ ਦਾ ਸਾਨੂੰ ਸਥਰੁ ਚੰਗਾ ਭੱਠ ਖੇੜਿਆਂ ਦਾ ਰਹਿਣਾ।*

ਜਿਸ ਉਚੇ ਘਰਾਣੇ ਵਿਚ ਮੈਂ ਆਪਣੀ ਮਰਜ਼ੀ ਦੇ ਖਿਲਾਫ ਵਿਆਹੀ ਗਈ ਹਾਂ ਉਸ ਘਰ ਦੇ ਅੱਗ ਲਾਉਣੇ ਸਾਰੇ ਸੁੱਖ ਆਰਾਮ ਮੈਨੂੰ ਉੱਕਾ ਹੀ ਚੰਗੇ ਨਹੀਂ ਲੱਗਦੇ। ਅਜਿਹੇ ਪਤੀ ਦੇ ਠਾਠ-ਬਾਠ ਵਾਲੇ ਰਹਿਣ-ਸਹਿਣ ਨਾਲੋਂ ਆਪਣੇ ਯਾਰ ਦੀ ਭੁੰਜੇ (ਰੜੇ) ਵਿਛੀ ਇਕੱਲੀ ਚਾਦਰ ਕਿਤੇ ਆਰਾਮ ਦਾਇਕ ਲਗਦੀ ਹੈ।

ਇਸ ਸ਼ਬਦ ਨੂੰ ਦਿਲ ਦਿਮਾਗ਼ ਨਾਲ ਸੁਣਨ ਨਾਲ ਗੁਰੂ ਸਾਹਿਬ ਦੇ ਕਲ਼ੰਡਰੀ ਚਿਤਰਾਂ ਵਾਲੇ ਸਥਾਪਤ ਬਿੰਬ ਨਾਲੋਂ ਵੱਖਰੇ ਸਰੂਪ ਦੇ ਦਰਸ਼ਨ ਹੁੰਦੇ ਹਨ। ਹੈ ਕਿ ਨਹੀਂ? ਉਹਨਾਂ ਦੀ ਸ਼ਖ਼ਸੀਅਤ ਦੇ ਇਸ ਰੂਪ ਦਾ ਅਸਰ ਅਸੀਂ ਪੰਜਾਬੀ ਦੇ ਅਲਬੇਲੇ ਕਵੀ ਪ੍ਰੋ. ਪੂਰਨ ਸਿੰਘ ਦੀ ਰਚਨਾ 'ਤੇ ਦੇਖਾਂਗੇ। ਕਦੀ

*Original with;*
Jaswant Singh Zafar
*Digitized by;*
Panjab Digital Library

ਪੰਜਾਬੀ-ਪਿਆਰ ਕਾਵਿ ਬਾਰੇ ਕੋਈ ਪੁਸਤਕ ਸੰਪਾਦਤ ਕਰਨੀ ਹੋਵੇ ਤਾਂ ਇਸ ਰਚਨਾ ਨੂੰ ਸਭ ਤੋਂ ਪਹਿਲੇ ਨੰਬਰ 'ਤੇ ਦਰਜ ਕੀਤਾ ਜਾਣਾ ਬਣਦਾ ਹੈ। ਮਿਲਾਪ ਦੇ ਰੁਮਾਂਸ ਅਤੇ ਬਿਰਹਾ ਦੀ ਪੀੜ ਦੇ ਸੁਮੇਲ ਵਾਲੀ ਇਸ ਪੰਜਾਬੀ ਰਚਨਾ ਤੋਂ ਉੱਪਰ ਪੰਜਾਬੀ ਪਿਆਰ-ਕਾਵਿ ਦੀ ਕੋਈ ਉਦਾਹਰਣ ਮੇਰੇ ਖਿਆਲ 'ਚ ਨਹੀਂ।

•

*Original with;*
Jaswant Singh Zafar
*Digitized by;*
Panjab Digital Library

# ਕੁਦਰਤੀ ਵਾਤਾਵਰਨ ਅਤੇ ਗੁਰੂ ਗੋਬਿੰਦ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਇਤਿਹਾਸ ਜਿਥੇ ਹੱਕ, ਸੱਚ, ਨਿਆਂ ਅਤੇ ਬਰਾਬਰੀ ਦੀ ਵਿਵਸਥਾ ਸਥਾਪਤ ਕਰਨ ਲਈ ਸੰਘਰਸ਼ ਅਤੇ ਕੁਰਬਾਨੀ ਦੀ ਲਾਸਾਨੀ ਦਾਸਤਾਨ ਹੈ ਉਥੇ ਇਸ ਦਾ ਸਬੰਧ ਕੁਦਰਤੀ ਵਾਤਾਵਰਨ ਪ੍ਰਤੀ ਲਗਾਓ ਅਤੇ ਮੁਹੱਬਤ ਨਾਲ ਵੀ ਓਨਾ ਹੀ ਗਹਿਰਾ ਅਤੇ ਅਟੁੱਟ ਹੈ। ਸ਼ਸਤਰਾਂ, ਘੋੜਿਆਂ, ਕਿਲਿਆਂ ਅਤੇ ਫੌਜਾਂ ਵਾਂਗ ਰੁੱਖਾਂ, ਬਿਰਖਾਂ, ਪਹਾੜਾਂ, ਨਦੀਆਂ, ਨਾਲਿਆਂ, ਚਸ਼ਮਿਆਂ ਅਤੇ ਹੋਰ ਕੁਦਰਤੀ ਨਜ਼ਾਰਿਆਂ ਅਤੇ ਸਰੋਤਾਂ ਨਾਲ ਉਹਨਾਂ ਦੇ ਜੀਵਨ ਬਿਰਤਾਂਤ ਦਾ ਗੂੜ੍ਹਾ ਰਿਸ਼ਤਾ ਹੈ। ਅੱਜ ਜਦੋਂ ਕੁਦਰਤੀ ਵਾਤਾਵਰਨ ਦਾ ਵਿਗਾੜ ਸਾਡੇ ਲਈ ਸਭ ਤੋਂ ਵੱਡੇ ਖਤਰੇ ਦੇ ਤੌਰ 'ਤੇ ਦਰਪੇਸ਼ ਹੈ ਤਾਂ ਪੌਣ-ਪਾਣੀ ਦੀ ਸ਼ੁੱਧੀ ਅਤੇ ਕੁਦਰਤੀ ਵਾਤਾਵਰਨ ਦੀ ਸੰਭਾਲ ਪ੍ਰਤੀ ਆਪਣੀ ਜ਼ਿੰਮੇਵਾਰੀ ਦੇ ਮਹੱਤਵ ਨੂੰ ਜਾਨਣ-ਸਮਝਣ ਲਈ ਗੁਰੂ ਸਾਹਿਬ ਦੇ ਜੀਵਨ ਅਤੇ ਇਤਿਹਾਸ ਤੋਂ ਚੋਖੀ ਰੋਸ਼ਨੀ ਮਿਲ ਸਕਦੀ ਹੈ।

ਜਿਥੇ ਗੁਰੂ ਸਾਹਿਬ ਦੇ ਸਮਕਾਲੀ ਭਾਈ ਨੰਦ ਲਾਲ ਨੇ ਗੁਰੂ ਸਾਹਿਬ ਨੂੰ ਬਾਦਸ਼ਾਹ ਦਰਵੇਸ਼ ਲਿਖਿਆ ਹੈ, ਉਥੇ ਸਾਡੇ ਆਦਿ ਬਾਣੀਕਾਰ ਬਾਬਾ ਫਰੀਦ ਨੇ ਕਿਹਾ ਹੈ ਕਿ ਦਰਵੇਸ਼ ਦਾ ਜਿਗਰਾ ਰੁੱਖਾਂ ਜਿੰਨਾ ਵਿਸ਼ਾਲ ਹੋਣਾ ਚਾਹੀਦਾ ਹੈ:

*ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥*
*ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥*

ਰੁੱਖ ਬਿਨਾਂ ਵਿਤਕਰੇ ਸਭ ਨੂੰ ਜੀਵਨ ਅਤੇ ਆਸਰਾ ਬਖ਼ਸ਼ਦੇ ਹਨ। ਹਰ ਦੁੱਖ ਅਤੇ ਔਖਿਆਈ ਨੂੰ ਚੁੱਪ-ਚਾਪ ਜਿਗਰੇ ਨਾਲ ਸਹਿਣ ਕਰਦੇ ਹਨ। ਕਿਸੇ ਨਾਲ ਵੈਰ-ਵਿਰੋਧ ਨਹੀਂ ਰੱਖਦੇ। ਬੁਰਾ ਕਰਨ ਵਾਲਿਆਂ ਦਾ ਵੀ ਭਲਾ ਚਿਤਵਦੇ ਹਨ। ਆਪਣੇ ਆਪ ਨੂੰ ਠੀਕ ਸਿੱਧ ਕਰਨ ਲਈ ਕਿਸੇ ਬਹਿਸ ਵਿਚ ਨਹੀਂ ਪੈਂਦੇ। ਰੁੱਖਾਂ ਨੂੰ ਵੱਢਣ ਵਾਲਿਆਂ ਪ੍ਰਤੀ ਵੀ ਰੁੱਖ਼ ਬਦਲਾਖ਼ੋਰ ਨਹੀਂ ਹੁੰਦੇ। ਇਸ ਲਈ ਲੰਬੇ ਚੌੜੇ ਸੰਘਰਸ਼ ਦੌਰਾਨ ਪੂਰਾ ਪਰਿਵਾਰ ਗੁਆ ਕੇ ਰੁੱਖਾਂ ਜੇਡ ਵਿਸ਼ਾਲ ਜਿਗਰਾ ਸਾਬਤ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਨੂੰ ਸਾਰੇ ਮਨੁੱਖ ਇਕ ਜਾਤੀ ਦਿਖਾਈ ਦਿੰਦੇ ਹਨ:

*ਮਾਨਸ ਕੀ ਜਾਤ ਸਬੈ ਏਕ ਹੀ ਪਹਿਚਾਨ ਬੋ॥*

Original with;
Jaswant Singh Zafar
Digitized by;
Panjab Digital Library

ਉਹਨਾਂ ਨੂੰ ਹਰ ਪਾਸੇ ਈਸ਼ਵਰੀ ਮੁਹੱਬਤ ਦਾ ਇਕੋ ਜਿਹਾ ਪਸਾਰ ਮਹਿਸੂਸ ਹੁੰਦਾ ਹੈ:

*ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

ਗੁਰੂ ਗੋਬਿੰਦ ਸਿੰਘ ਜਦ ਕਿਸੇ ਪਿੰਡ, ਨਗਰ ਜਾਂ ਸ਼ਹਿਰ ਗਏ ਤਾਂ ਉਹਨਾਂ ਆਪਣਾ ਟਿਕਾਣਾ ਆਮ ਤੌਰ 'ਤੇ ਇਹਨਾਂ ਦੇ ਬਾਹਰ ਵਾਰ ਰੁੱਖਾਂ ਦੀਆਂ ਰੱਖਾਂ 'ਚ ਕੀਤਾ। ਇਹੀ ਕਾਰਨ ਹੈ ਕਿ ਗੁਰੂ ਚਰਨ ਛੋਹ ਪ੍ਰਾਪਤ ਬਹੁਤ ਸਾਰੇ ਸਥਾਨਾਂ ਦੇ ਨਾਂ ਰੁੱਖਾਂ ਨਾਲ ਜੁੜੇ ਹਨ, ਜਿਵੇਂ ਝਾੜ ਸਾਹਿਬ, ਜੰਡ ਸਾਹਿਬ, ਫਲਾਹੀ ਸਾਹਿਬ, ਟਾਹਲੀਆਣਾ ਸਾਹਿਬ ਆਦਿ ਪਰ ਅਸੀਂ ਇਹਨਾਂ ਵਿਚੋਂ ਬਹੁਤੇ ਅਸਥਾਨਾਂ 'ਤੇ ਇਮਾਰਤਾਂ ਨੂੰ ਵਿਸਥਾਰਨ ਲਈ ਇਹਨਾਂ ਪੁਰਾਤਨ ਰੁੱਖਾਂ ਦੀਆਂ ਰੱਖਾਂ ਨੂੰ ਮਲੀਆਮੇਟ ਕਰ ਦਿੱਤਾ ਹੈ। ਹਰ ਥਾਂ ਕੇਵਲ ਇਕ ਦਰੱਖਤ ਨੂੰ ਛੱਡ ਕੇ ਜਿਸ ਹੇਠ ਗੁਰੂ ਸਾਹਿਬ ਸੁੱਤੇ ਸਨ ਜਾਂ ਜਿਸ ਨਾਲ ਘੋੜਾ ਬੰਨ੍ਹਿਆਂ ਸੀ ਜਾਂ ਜਿਸ ਦੀ ਦਾਤਣ ਕੀਤੀ ਸੀ, ਬਾਕੀ ਸਭ ਦਾ ਵਢਾਂਗਾ ਕਰ ਦਿੱਤਾ ਹੈ। ਕੀ ਇਕ ਥਾਂ ਤੇ ਠਹਿਰਾਅ ਸਮੇਂ ਗੁਰੂ ਸਾਹਿਬ ਦਾ ਸਬੰਧ ਇਕਲੌਤੇ ਦਰਖਤ ਨਾਲ ਸੀ? ਉਸ ਥਾਂ ਦੇ ਸਾਰੇ ਰੁੱਖ ਗੁਰੂ ਸਾਹਿਬ ਦੀ ਆਮਦ ਦੇ ਜੀਵੰਤ ਗਵਾਹ ਸਨ। ਉਹਨਾਂ ਵਿਚੋਂ ਬਹੁਤ ਸਾਰਿਆਂ ਨੂੰ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਹੋਈ ਹੋਵੇਗੀ ਪਰ ਦੁਖਦਾਈ ਗੱਲ ਇਹ ਹੈ ਕਿ ਇਸ ਤਬਾਹੀ ਲਈ ਮੋਹਰੀ ਖਲਨਾਇਕ ਦਾ ਰੋਲ ਅਦਾ ਕਰਨ ਵਾਲਿਆਂ ਨੂੰ 'ਕਾਰਸੇਵਾ ਵਾਲੇ ਬਾਬੇ' ਜਾਂ 'ਮਹਾਂਪੁਰਸ਼' ਕਿਹਾ ਜਾਂਦਾ ਹੈ। ਮੈਂ ਅੱਖੀਂ ਦੇਖਿਆ ਹੈ ਕਿ 15 ਕੁ ਸਾਲ ਪਹਿਲਾਂ ਗੁਰਦੁਆਰਾ ਚਰਨ ਕੰਵਲ ਸਾਹਿਬ ਮਾਛੀਵਾੜਾ, ਜਿਥੇ ਗੁਰੂ ਸਾਹਿਬ ਚਮਕੌਰ ਦੀ ਲੜਾਈ ਪਿੱਛੋਂ ਟਿੰਡ ਦਾ ਸਿਰਹਾਣਾ ਕਰਕੇ ਜੰਡ ਹੇਠ ਸੁੱਤੇ ਸਨ, ਦੁਆਲੇ 60-70 ਅੰਬਾਂ ਦੇ ਅਤੇ ਹੋਰ ਦਰਖ਼ਤ ਸਨ, ਇਹ ਸਾਰੇ ਕਾਰਸੇਵਾ ਵਾਲੇ ਬਾਬਿਆਂ ਦੀ ਕਰੋਪੀ ਦਾ ਸ਼ਿਕਾਰ ਹੋ ਚੁੱਕੇ ਹਨ।

ਡਾ. ਸੰਤੋਖ ਸਿੰਘ ਸ਼ਹਰਯਾਰ (ਅੰਮ੍ਰਿਤਸਰ) ਦੇ ਦੱਸਣ ਮੁਤਾਬਿਕ ਸਰਹੰਦ ਦਾ ਉਹ ਠੰਡਾ ਬੁਰਜ ਜਿਸ ਵਿਚ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਕੈਦ ਸਨ, ਨੂੰ ਢਾਹੁਣ ਮਗਰੋਂ 'ਕਾਰਸੇਵਾ ਵਾਲੇ ਬਾਬਾ ਜੀ' ਨੇ ਕਾਰ ਸੇਵਕਾਂ ਨੂੰ ਉਹ ਪਿੱਪਲ ਦਾ ਦਰਖ਼ਤ ਜੜ੍ਹੋਂ ਪੁੱਟ ਦੇਣ ਦੀ ਹਦਾਇਤ ਕੀਤੀ ਜਿਸ ਉਤੋਂ ਦੀ ਚੜ੍ਹ ਕੇ ਮੋਤੀ ਮਹਿਰੇ ਨੇ ਰਾਤ ਨੂੰ ਸਹਿਬਜ਼ਦਿਆਂ ਨੂੰ ਦੁੱਧ ਛਕਾਇਆ ਸੀ। ਕਿਸੇ ਸਿੱਖ ਨੇ ਉਸ ਨਿਰਦੋਸ਼ ਪਿੱਪਲ ਦੀ ਇਤਿਹਾਸਕ ਮਹੱਤਤਾ ਦਾ ਵਾਸਤੇ ਪਾਉਂਦੇ ਹੋਏ ਉਸ ਨੂੰ ਬਖਸ਼ ਦੇਣ ਦੀ ਅਰਜ਼ ਕੀਤੀ ਤਾਂ 'ਮਹਾਂਪੁਰਸ਼' ਗਰਜ ਕੇ ਬੋਲੇ, "ਇਹਨੂੰ ਅੰਬ ਲੱਗਣੇ ਨੇ? ਵੱਢੋ ਇਹਨੂੰ।" ਆਦੇਸ਼ ਮਿਲਦਿਆਂ ਹੀ 'ਸੰਗਤਾਂ' ਪਿੱਪਲ ਨੂੰ ਟੁੱਟ ਕੇ ਪੈ ਗਈਆਂ। ਅਜਿਹੀ ਕਾਰਸੇਵਾ ਨੇ ਰੁੱਖਾਂ ਦੇ ਝੁੰਡਾਂ ਵਿਚਲੇ ਤੇ ਰੁੱਖਾਂ ਦੇ ਨਾਵਾਂ

Original with;
Jaswant Singh Zafar
Digitized by;
Panjab Digital Library

ਵਾਲੇ ਤਕਰੀਬਨ ਸਾਰੇ ਇਤਿਹਾਸਕ ਸਥਾਨਾਂ ਨੂੰ ਸੰਗਮਰਮਰ ਸਾਹਿਬ ਜਾਂ ਮਕਰਾਣਾ ਸਾਹਿਬ (ਰਾਜਸਥਾਨ ਵਿਚ ਸੰਗਮਰਮਰ ਦੀਆ ਖਾਣਾਂ ਦਾ ਸਥਾਨ) ਬਣਾ ਦਿੱਤਾ ਹੈ। ਜਦ ਕਿ ਗੁਰਬਾਣੀ ਮੁਤਾਬਕ ਇਹ ਧਰਤੀ ਬਨਸਪਤੀ ਦੀ ਹਰਿਆਵਲ ਕਾਰਨ ਹੀ ਸੁਹਾਵਨੀ ਅਤੇ ਬਰਕਤਾਂ ਵਾਲੀ ਹੈ। ਧਰਤੀ ਦੀ ਸੁੰਦਰਤਾ ਅਤੇ ਬਨਸਪਤੀ ਦੀ ਹਰਿਆਵਲ ਸਮਾਨ ਅਰਥੀ ਹਨ। ਗੁਰੂ ਰਾਮਦਾਸ ਜੀ ਦਾ ਵਾਕ ਹੈ:

*ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ॥*

ਇਥੇ ਗੁਰੂ ਰਾਮਦਾਸ ਜੀ ਨੇ ਇਹ ਨਹੀਂ ਸੀ ਕਿਹਾ ਕਿ ਜਿਥੇ ਗੁਰੂ ਬੈਠੇਗਾ ਉਥੇ ਬਹੁ-ਮੰਜ਼ਲੀ ਉਚੀਆਂ ਇਮਾਰਤਾਂ ਹੋਣਗੀਆਂ, ਮਹਿੰਗੀਆਂ ਸੰਗਮਰਮਰਾਂ ਲੱਗੀਆਂ ਹੋਣਗੀਆਂ ਜਾਂ ਤੇਜ਼ ਰੌਸ਼ਨੀਆਂ ਦੀ ਸਜਾਵਟ ਹੋਏਗੀ। ਸਗੋਂ ਗੁਰੂ ਦੇ ਸਥਾਨ ਦਾ ਹਰਿਆ ਭਰਿਆ ਹੋਣਾ ਲਾਜ਼ਮੀ ਦੱਸਿਆ ਹੈ। ਇਸ ਲਈ ਜਿਸ ਨੂੰ ਵੀ ਅਸੀਂ ਆਪਣਾ ਗੁਰੂ ਮੰਨਦੇ ਹੋਈਏ ਉਸ ਦੇ ਅਸਥਾਨ ਨੂੰ ਹਰਿਆ ਭਰਿਆ ਬਣਾਉਂਣਾ ਸਾਡਾ ਧਾਰਮਿਕ ਫ਼ਰਜ਼ ਹੈ। ਜੇ ਅਸੀਂ ਸਾਰੇ ਸੰਸਾਰ ਨੂੰ ਆਪਣੇ ਗੁਰੂ ਦਾ ਸਥਾਨ ਮੰਨਦੇ ਹਾਂ ਤਾਂ ਹਰ ਉਪਲਭਦ ਥਾਂ ਨੂੰ ਹਰੀ-ਭਰੀ ਕਰਨ ਦਾ ਯਤਨ ਹੋਣਾ ਚਾਹੀਦਾ ਹੈ। ਗੁਰੂ ਅੰਗਦ ਦੇਵ ਜੀ ਸੱਚੇ ਗੁਰੂ ਦੀ ਵਡਿਆਈ ਅਤੇ ਗੁਣਾਂ ਦਾ ਵਰਨਣ ਰੁੱਖ ਦੀ ਉਦਾਹਰਣ ਨਾਲ ਕਰਦੇ ਹਨ ਕਿ ਗੁਰੂ ਅਤੇ ਰੁੱਖ ਅੰਮ੍ਰਿਤ ਦੇ ਦਾਤੇ ਹਨ, ਸ਼ੁਭ ਗੁਣਾਂ ਦੇ ਧਾਰਨੀ ਹੋਣ ਦਾ ਅਮਲੀ ਸੰਦੇਸ਼ ਦੇਣ ਵਾਲੇ ਹਨ ਅਤੇ ਮਹਾਨਤਾ ਦੀ ਸਿਖਰ ਹਨ:

*ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ॥*

ਅਸੀਂ ਕੁੱਲੀ, ਗੁੱਲੀ ਅਤੇ ਜੁੱਲੀ ਨੂੰ ਜੀਵਨ ਦੀਆਂ ਮੁਢਲੀਆਂ ਜਰੂਰਤਾਂ ਮੰਨਦੇ ਹਾਂ। ਪਰੰਤੂ ਗੁਰਬਾਣੀ ਇਹਨਾਂ ਵਿਚੋਂ ਕੱਪੜੇ ਅਤੇ ਮਕਾਨ ਨੂੰ ਜੀਵਨ ਦੀਆਂ ਬੁਨਿਆਦੀ ਲੋੜਾਂ ਨਹੀਂ ਮੰਨਦੀ। ਬੁਨਿਆਦੀ ਲੋੜਾਂ ਹਨ: ਸਾਹ ਲੈਣ ਲਈ ਹਵਾ, ਪੀਣ ਲਈ ਪਾਣੀ ਅਤੇ ਖਾਣ ਲਈ ਭੋਜਨ।

*ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ॥* (101)

*ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ॥* (673)

*ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥* (811)

*ਹਉ ਪਾਣੀ ਪਖਾ ਪੀਸਉ ਸੰਤ ਆਗੈ*
*ਪਗ ਮਲਿ ਮਲਿ ਧੂਰਿ ਮੁਖਿ ਲਾਈਐ॥* (881)

Original with;
Jaswant Singh
Digitized by;
Panjab Digital Library

ਇਸ ਤਰ੍ਹਾਂ ਜੀਵਨ ਦਾ ਪਹਿਲਾ ਸੱਚ ਪਾਣੀ ਨੂੰ ਪ੍ਰਵਾਨ ਕੀਤਾ ਗਿਆ ਹੈ:

*ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ॥*
*ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ॥*

ਸਾਰੀਆਂ ਸਭਿਅਤਾਵਾਂ ਦਾ ਜਨਮ ਅਤੇ ਵਿਕਾਸ ਪਾਣੀਆਂ ਭਾਵ ਨਦੀਆਂ ਕਿਨਾਰੇ ਹੋਇਆ। ਬਹੁਤੀਆਂ ਸਭਿਅਤਾਵਾਂ ਦੇ ਤਾਂ ਨਾਂ ਵੀ ਸਬੰਧਤ ਨਦੀਆਂ ਅਤੇ ਦਰਿਆਵਾਂ ਦੇ ਨਾਵਾਂ ਤੋਂ ਬਣੇ ਹਨ। ਕਈ ਭੂਗੋਲਿਕ ਖਿੱਤਿਆਂ ਦੀ ਪਛਾਣ ਉਥੇ ਵਗਦੇ ਦਰਿਆਵਾਂ ਨਾਲ ਜੁੜੀ ਹੋਈ ਹੈ। ਧਰਤੀ ਦੇ ਜਿਸ ਖਿੱਤੇ ਵਿਚ ਅਸੀਂ ਰਹਿ ਰਹੇ ਹਾਂ ਇਸ ਦਾ ਪੁਰਾਣਾ ਨਾਂ ਸੱਤ ਦਰਿਆਵਾਂ ਕਾਰਨ ਸਪਤ ਸਿੰਧੂ ਸੀ। ਨਵਾਂ ਨਾਂ ਪੰਜਾਬ ਇਥੇ ਵਗਦੇ ਪੰਜ ਦਰਿਆਵਾਂ ਜਾਂ ਵੱਖ-ਵੱਖ ਦਰਿਆਵਾਂ ਵਿਚਕਾਰ ਪੈਂਦੇ ਪੰਜ ਦੁਆਬਾਂ ਕਾਰਨ ਹੈ। ਇਹਨਾਂ ਸਬੰਧੀ ਪ੍ਰੋ. ਪੂਰਨ ਸਿੰਘ ਲਿਖਦੇ ਹਨ:

*ਖਾੜ ਖਾੜ ਚੱਲਣ ਵਿਚ ਮੇਰੇ ਸੁਫ਼ਨਿਆਂ*
*ਪੰਜਾਬ ਦੇ ਦਰਿਆ*
*ਪਿਆਰ ਅੱਗ ਇਹਨਾਂ ਨੂੰ ਲੱਗੀ ਹੋਈ*
*ਪਿਆਰਾ ਜਾਪੁ ਸਾਹਿਬ ਗਾਉਂਦੇ, ਠੰਢੇ ਤੇ ਠਾਰਦੇ, ਪਯਾਰਦੇ*

ਇਸ ਜਾਪੁ ਸਾਹਿਬ ਦੇ ਕਰਤਾ ਗੁਰੂ ਗੋਬਿੰਦ ਸਿੰਘ ਦਾ ਜਨਮ ਗੰਗਾ ਕਿਨਾਰੇ ਵਸੇ ਪਟਨਾ ਸ਼ਹਿਰ ਵਿਖੇ ਹੋਇਆ। ਬਚਪਨ ਦੇ ਪਹਿਲੇ ਛੇ ਸਾਲ ਇਸੇ ਗੰਗਾ ਦੇ ਤੱਟਾਂ ਉੱਤੇ ਅਤੇ ਗੰਗਾ ਦੇ ਪਾਣੀਆਂ ਨਾਲ ਖੇਡਦਿਆਂ ਬੀਤੇ। ਸੋਨੇ ਦੇ ਕੰਙਣਾਂ ਦੀ ਜੋੜੀ ਗੰਗਾ ਦੇ ਪਾਣੀਆਂ ਨੂੰ ਅਰਪਣ ਕੀਤੀ। ਪਿਤਾ ਗੁਰੂ ਤੇਗ ਬਹਾਦਰ ਨੇ ਆਨੰਦਪੁਰ ਸਾਹਿਬ ਨੂੰ ਵਸਾਉਣ ਲਈ ਦਰਿਆ ਸਤਲੁਜ ਦਾ ਕਿਨਾਰਾ ਚੁਣਿਆ। ਇਸ ਤੋਂ ਪਹਿਲਾਂ ਉਹਨਾਂ ਦੇ ਦਾਦਾ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਵੀ ਸਤਲੁਜ ਕੰਢੇ ਵਸਾਇਆ। ਗੁਰੂ ਗੋਬਿੰਦ ਸਿੰਘ ਜੀ ਨੇ ਚੌਪਈ ਸਾਹਿਬ ਦੀ ਬਾਣੀ ਦੀ ਰਚਨਾ ਇਸੇ ਸਤਲੁਜ ਦੇ ਕੰਢੇ ਬਿਭੌਰ ਸਾਹਿਬ ਵਿਖੇ ਕੀਤੀ। ਆਪਣੀ ਸ਼੍ਰੋਮਣੀ ਕਿਰਤ ਜਾਪੁ ਸਾਹਿਬ ਯਮੁਨਾ ਨਦੀ ਕਿਨਾਰੇ ਪਾਉਂਟਾ ਸਾਹਿਬ ਵਿਖੇ ਰਚੀ।

ਚਿਰਾਂ ਤੋਂ ਸਥਾਪਤ ਧਾਰਮਿਕ, ਸਮਾਜਿਕ, ਰਾਜਨੀਤਕ ਪ੍ਰਬੰਧ ਅਤੇ ਕਦਰਾਂ ਕੀਮਤਾਂ ਨੂੰ ਮੁੱਢੋਂ-ਸੁੱਢੋਂ ਨਵਾਂ ਰੂਪ ਦੇਣ ਲਈ ਉਹਨਾਂ ਨੇ ਪ੍ਰਤੀਬੱਧ ਸਿੱਖਾਂ ਦੀ ਜਮਾਤ ਤਿਆਰ ਕਰਨ ਭਾਵ ਖਾਲਸਾ ਪੰਥ ਦੀ ਸਾਜਨਾ ਕਰਨ ਦਾ ਨਿਰਨਾ ਲਿਆ। ਜਿਸ ਦੇ ਤਹਿਤ ਸਿੱਖਾਂ ਦੀ ਵਿਚਰਨ ਸ਼ੈਲੀ ਨੂੰ ਰੁਪਾਂਤ੍ਰਿਤ ਕਰਨ ਲਈ

Original with:
Jaswant Singh Zafar
Digitized by;
Panjab Digital Library

1699 ਦੀ ਵਿਸਾਖੀ ਤੋਂ ਖੰਡੇ ਪਹੁਲ ਦੀ ਰੀਤ ਸ਼ੁਰੂ ਹੋਈ। ਖੰਡਾ ਬਾਟਾ ਸੀ, ਬਾਣੀਆਂ ਦਾ ਪਾਠ ਸੀ, ਪਤਾਸੇ ਸਨ। ਪਰ ਇਸ ਪਹੁਲ ਦਾ ਮੂਲ constituent ਤਾਂ ਸਤਲੁਜ ਦਾ ਸਵੱਛ ਤੇ ਸ਼ਫਾਫ਼ ਜਲ ਸੀ। ਏਸ ਅਮੁਲੀ ਦਾਤ ਕਾਰਨ ਗੁਰੂ ਸਾਹਿਬ ਨੇ ਆਪਣੀ ਸਾਰੀ ਦੌਲਤ ਪਿਆਰੇ ਸਤਲੁਜ ਤੋਂ ਵਾਰ ਦਿੱਤੀ। ਅਨੰਦਪੁਰ ਸਾਹਿਬ ਦੀ ਧਰਤੀ ਨੂੰ ਵਿਦਾ ਕਹਿਣ ਤੋਂ ਪਹਿਲਾਂ ਉਹਨਾਂ ਸਾਰਾ ਖਜ਼ਾਨਾ ਭਾਵ ਸੋਨਾ, ਚਾਂਦੀ, ਹੀਰੇ, ਮੋਤੀ, ਜਵਾਹਰਾਤ ਆਦਿ ਆਪਣੇ ਹੱਥੀਂ ਪਿਆਰੇ ਸਤਲੁਜ ਨੂੰ ਭੇਟ ਕੀਤੇ। ਇਸ ਸਾਰੇ ਕਾਸੇ ਦੀ ਕੀਮਤ ਉਹਨਾਂ ਸਮਿਆਂ ਵਿਚ ਅਠਾਰਾਂ ਕਰੋੜ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ। ਪਰ ਸਾਡੀ ਸਨਅਤੀ 'ਤਰੱਕੀ' ਨੇ ਸਤਲੁਜ ਦੇ ਪਾਣੀ ਨੂੰ ਪੀਣਯੋਗ ਨਹੀਂ ਛੱਡਿਆ।

ਅਨੰਦਪੁਰ ਸਾਹਿਬ ਛੱਡ ਕੇ ਜਦ ਗੁਰੂ ਸਾਹਿਬ ਚਮਕੌਰ, ਮਾਛੀਵਾੜਾ, ਆਲਮਗੀਰ, ਰਾਏਕੋਟ ਆਦਿ ਤੋਂ ਹੁੰਦੇ ਹੋਏ ਜਦ ਮਾਲਵੇ ਦੇ ਇਲਾਕੇ ਗਏ। ਇਸ ਮਾਰਗ ਤੇ ਝਾੜ ਸਾਹਿਬ, ਫਲਾਹੀ ਸਾਹਿਬ, ਟਾਹਲੀਆਣਾ ਸਾਹਿਬ ਆਦਿ ਗੁਰ-ਅਸਥਾਨ ਸਬੰਧਤ ਦਰਖਤਾਂ ਦੇ ਨਾਵਾਂ 'ਤੇ ਹਨ ਜੋ ਗੁਰੂ ਦੇ ਰੁੱਖਾਂ ਨਾਲ ਰਿਸ਼ਤੇ ਨੂੰ ਯਾਦ ਕਰਾਉਂਦੇ ਹਨ। ਇਸ ਯਾਤਰਾ ਦੌਰਾਨ ਉਹਨਾਂ ਨਾਲ ਗਿਣਤੀ ਦੇ ਸਿੰਘ ਸਨ। ਖਿਦਰਾਣੇ ਦੇ ਸਥਾਨ ਤੇ ਹਜ਼ਾਰਾਂ ਦੀ ਗਿਣਤੀ ਵਿਚ ਚੜ੍ਹ ਕੇ ਆਈ ਸ਼ਾਹੀ ਫੌਜ ਨੇ ਉਹਨਾਂ ਤੇ ਹਮਲਾ ਕਰ ਦਿੱਤਾ। ਮੁਕਤਸਰ ਦੀ ਇਸ ਲੜਾਈ ਵਿਚ ਗਿਣਤੀ ਦੇ ਸਿੱਖਾਂ ਨੇ ਸ਼ਾਹੀ ਫੌਜ ਨੂੰ ਪਛਾੜ ਦਿੱਤਾ। ਇਹ ਕਿਵੇਂ ਸੰਭਵ ਹੋਇਆ? ਇਕ ਦਸਮ ਪਾਤਸ਼ਾਹ ਦੇ ਰੂਪ 'ਚ ਗੁਰੂ ਅਤੇ ਦੂਜਾ ਖਿਦਰਾਣੇ ਦੀ ਢਾਬ ਦੇ ਪਾਣੀ ਦੇ ਰੂਪ 'ਚ ਪਿਤਾ ਸਿੰਘਾਂ ਦੇ ਅੰਗ-ਸੰਗ ਸੀ।

ਜੀਵਨ ਦੇ ਆਖਰੀ ਸਾਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੱਖਣੀ ਭਾਰਤ ਦੀ ਨਦੀ ਗੋਦਾਵਰੀ ਦੇ ਸੰਗ ਸਾਥ ਰਹੇ। ਚੜ੍ਹਾਵੇ ਜਾਂ ਤੋਹਫੇ ਵਜੋਂ ਮਿਲੀਆਂ ਕੀਮਤੀ ਵਸਤਾਂ ਨੂੰ ਗੋਦਾਵਰੀ ਦੇ ਨਿਰਮਲ ਨੀਰ ਤੋਂ ਵਾਰ ਛੱਡਦੇ। ਨਵੇਂ-ਨਵੇਂ ਜੇਤੂ ਹੋਏ ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ਆਪ ਨੂੰ ਬੇਸ਼ਕੀਮਤੀ ਨਗੀਨਾ ਭੇਟ ਕੀਤਾ ਤਾਂ ਗੁਰੂ ਸਾਹਿਬ ਨੇ ਇਹ ਨਗੀਨਾ ਉਸੇ ਵਕਤ ਬਾਦਸ਼ਾਹ ਦੇ ਵੇਂਹਦਿਆਂ ਵੇਂਹਦਿਆਂ ਗੋਦਾਵਰੀ ਦੇ ਪਾਣੀ ਨੂੰ ਅਰਪਣ ਕਰ ਦਿੱਤਾ। ਬਾਦਸ਼ਾਹ ਨੂੰ ਬੜੀ ਹੈਰਾਨੀ ਅਤੇ ਬੇਚੈਨੀ ਹੋਈ। ਗੁਰੂ ਲਈ ਗੋਦਾਵਰੀ ਦੇ ਧਰਾਤਲ ਤੇ ਪਏ ਸਾਰੇ ਵੱਟੇ ਗੀਟੇ ਨਗੀਨੇ ਸਨ। ਗੋਦਾਵਰੀ ਲਈ ਵੀ ਇਹ ਨਗੀਨਾ ਹੋਰ ਪੱਥਰਾਂ ਵਰਗਾ ਸੀ। ਗੁਰੂ ਦੀ ਦ੍ਰਿਸ਼ਟੀ ਨਦੀ ਵਰਗੀ ਅਤੇ ਨਦੀ ਦਾ ਸੁਭਾਅ ਗੁਰੂ ਵਰਗਾ। ਗੁਰੂ ਅਮਰ ਦਾਸ ਜੀ ਦਾ ਬਚਨ ਦੇਖੋ:

*Original with;*
Jaswant Singh Zafar
*Digitized by;*
Panjab Digital Library

*ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ॥ ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ॥ (ਪੰਨਾ 855)*

ਜਿਸ ਪਾਣੀ ਦੀ ਸੰਗਤ ਮਾਣਦਿਆਂ ਗੁਰੂ ਸਹਿਬ ਨੇ ਬਾਣੀ ਉਚਾਰਨ ਕੀਤੀ, ਜਿਸ ਪਾਣੀ ਨੂੰ ਗੁਰੂ ਨੇ ਅੰਮ੍ਰਿਤ ਰੂਪ ਕੀਤਾ, ਉਸ ਪਾਣੀ ਅਤੇ ਉਸ ਦੇ ਕੁਦਰਤੀ ਸਰੋਤਾਂ ਨੂੰ ਅਸੀਂ ਗਾਲ੍ਹਾਂ ਵਰਗੇ ਗੰਦੇ ਅਤੇ ਜ਼ਹਿਰ ਵਰਗੇ ਜ਼ਹਿਰੀਲੇ ਕਰ ਰਹੇ ਹਾਂ। ਜਿਸ ਪਾਣੀ ਨੂੰ ਗੁਰਬਾਣੀ ਨੇ ਪਿਤਾ ਕਹਿ ਕੇ ਏਨਾ ਸਨਮਾਨ ਦਿੱਤਾ ਅਸੀਂ ਆਪ ਵੀ ਉਸ ਦੇ ਸਿਰ ਸਵਾਹ ਪਾ ਰਹੇ ਹਾਂ ਅਤੇ ਦੂਸਰਿਆਂ ਨੂੰ ਪਾਉਂਦੇ ਦੇਖ ਕੇ ਬੜੇ ਆਰਾਮ ਨਾਲ ਸਹਿਣ ਕਰ ਰਹੇ ਹਾਂ। ਗੁਰੂ ਦੇ ਮੁਕਾਬਲੇ ਸਾਡਾ ਦਰਿਆਵਾਂ ਨਾਲ ਕਿਹੋ ਜਿਹਾ ਰਿਸ਼ਤਾ ਹੈ? ਪੰਜਾਬ ਦੀ ਰਾਜਨੀਤੀ ਵਿਚ ਦਰਿਆਵਾਂ ਦੇ ਪਾਣੀਆਂ ਦੀ ਵੰਡ ਵੱਡੇ ਮੁੱਦੇ ਅਤੇ ਮਸਲੇ ਦੇ ਤੌਰ 'ਤੇ ਉਭਰਦੀ ਰਹਿੰਦੀ ਹੈ। ਮੋਰਚੇ ਵੀ ਲੱਗਦੇ ਹਨ। ਪਰ ਪਾਣੀਆਂ ਦੀ ਸੰਭਾਲ ਤਾਂ ਪਾਣੀਆਂ ਦੀ ਵੰਡ ਨਾਲੋਂ ਵੀ ਅਹਿਮ ਅਤੇ ਜ਼ਰੂਰੀ ਮੁੱਦਾ ਹੈ। ਪਾਣੀ ਦੇ ਪ੍ਰਦੂਸ਼ਨ ਨੂੰ ਰੋਕਣ ਲਈ ਥਾਓਂ ਥਾਈਂ ਮੋਰਚੇ ਲਾਉਣ ਦੀ ਲੋੜ ਹੈ। ਅਮੀਰ ਸਮਝੇ ਜਾਂਦੇ ਮੁਲਕਾਂ ਦੇ ਲੋਕ ਆਪਣੇ ਨਦੀਆਂ, ਨਾਲਿਆਂ, ਝੀਲਾਂ ਆਦਿ ਦੇ ਪਾਣੀ ਦੀ ਨਿਰਮਲਤਾ ਬਣਾਈ ਰੱਖਣ ਲਈ ਬਹੁਤ ਸੁਚੇਤ ਹਨ। ਸਰਕਾਰਾਂ ਅਤੇ ਜਨਤਾ ਦੋਵੇਂ ਪਾਣੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਨੂੰ ਕਾਨੂੰਨੀ ਅਤੇ ਇਖਲਾਕੀ ਫ਼ਰਜ਼ ਸਮਝਦੀਆਂ ਹਨ। ਉਹਨਾਂ ਦੇ ਜੀਵਨ ਵਿਚ ਸਾਡੇ ਨਾਲੋਂ ਵਧੇਰੇ ਪ੍ਰਸੰਨਤਾ, ਸੁੰਦਰਤਾ ਅਤੇ ਸਿਹਤਮੰਦੀ ਦਾ ਇਕ ਕਾਰਨ ਪੌਣ ਪਾਣੀ ਦੀ ਸੰਭਾਲ ਪ੍ਰਤੀ ਉਹਨਾਂ ਦਾ ਚੰਗਾ ਰਵੱਈਆ ਵੀ ਹੈ। ਪਰ ਸਨਅਤੀ ਤੌਰ 'ਤੇ ਵਿਕਸਤ ਦੇਸ਼ ਬਹੁ ਰਾਸ਼ਟਰੀ ਕੰਪਨੀਆਂ ਦੇ ਮਾਧਿਅਮ ਰਾਹੀਂ ਜਾਂ ਹੋਰ ਢੰਗਾਂ ਨਾਲ ਆਪਣੀ ਪੁਰਾਣੀ ਉਦਯੋਗਿਕ ਤਕਨੀਕ ਅਤੇ ਮਸ਼ੀਨਰੀ ਨੂੰ ਵਿਕਾਸਸ਼ੀਲ ਜਾਂ ਪਛੜੇ ਦੇਸ਼ਾਂ ਵੱਲ ਧੱਕ ਰਹੇ ਹਨ, ਜਿਸ ਦਾ ਇਹਨਾਂ ਦੇਸ਼ਾਂ ਦੇ ਵਾਤਾਵਰਨ 'ਤੇ ਬੁਰਾ ਅਸਰ ਪੈਂਦਾ ਹੈ। ਪਰ ਆਪਣੇ ਪੌਣ-ਪਾਣੀ ਨੂੰ ਅਸੀਂ ਆਪ ਸੁਥਰਾ ਨਹੀਂ ਰੱਖਾਂਗੇ ਤਾਂ ਬੇਗ਼ਾਨੇ ਵੀ ਇਸ ਪਾਸੇ ਕਿਉਂ ਧਿਆਨ ਦੇਣਗੇ? ਪੌਣ ਪਾਣੀ ਪ੍ਰਤੀ ਸਾਡੇ ਆਪਣੇ ਨਕਾਰਾਤਮਕ ਰਵੱਈਏ ਕਾਰਨ ਜੇ ਕਿਸੇ ਨੂੰ ਕਮਾਈ ਹੁੰਦੀ ਹੈ ਤਾਂ ਉਹ ਜ਼ਰੂਰ ਕਰੇਗਾ। ਜੇ ਅਸੀਂ ਆਪ ਆਪਣੇ ਪਿਓ ਨੂੰ ਪਿਓ ਨਹੀਂ ਸਮਝਣਾ ਤਾਂ ਲੋਕਾਂ ਤੋਂ ਓਸ ਦੀ ਇੱਜ਼ਤ ਦੀ ਕੀ ਤਵੱਕੋਂ ਕਰਨੀ ਹੋਈ? ਸਾਡੇ ਅਜਿਹੇ ਰਵੱਈਏ ਦਾ ਵੱਡਾ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਸਮੁੱਚੀ ਕੁਦਰਤ ਦਾ ਅੰਗ ਨਹੀਂ ਸਮਝਦੇ। ਅਸੀਂ ਗ਼ੈਰ

Original with:
Jaswant Singh Zafar
Digitized by;
Panjab Digital Library

ਜ਼ਿੰਮੇਵਾਰ ਅਤੇ ਜ਼ਾਲਮ ਹੁਕਮਰਾਨਾਂ ਵਾਂਗ ਵਿਚਰਨ ਲੱਗੇ ਹਾਂ। ਅਸੀਂ ਕੁਦਰਤੀ ਸੋਮਿਆਂ ਨੂੰ ਸੰਭਾਲਣ ਪ੍ਰਤੀ ਕੋਤਾਹੀ ਕਰਕੇ ਪ੍ਰਮਾਤਮਾ ਜਾਂ ਕੁਦਰਤ ਦੀ ਬਰਕਤ ਭਰਪੂਰ ਬਖਸ਼ਿਸ਼ ਤੋਂ ਮੂੰਹ ਮੋੜ ਰਹੇ ਹਾਂ। ਬਖਸ਼ਿਸ਼ ਤੋਂ ਮੂੰਹ ਮੋੜ ਕੇ ਕੁਦਰਤ ਦੀ ਕਰੋਪੀ ਨੂੰ ਵਾਜਾਂ ਮਾਰ ਰਹੇ ਹਾਂ। ਪਾਣੀ ਦੀ ਜੀਵਨ ਸ਼ਕਤੀ ਤੇਜ਼ੀ ਨਾਲ ਨਸ਼ਟ ਰਹੇ ਹਾਂ। ਜੇ ਸਾਰਾ ਪਾਣੀ ਰੋਗੀ ਹੋ ਗਿਆ ਤਾਂ ਧਰਤੀ ਵੀ ਰੋਗੀ ਹੋ ਜਾਏਗੀ। ਸਮੁੱਚੇ ਜੀਵ ਜੰਤੂਆਂ ਨੇ ਰੋਗੀ ਹੋ ਜਾਣਾ ਹੈ। ਮਨੁੱਖਾਂ ਨੇ ਤੰਦਰੁਸਤ ਅਤੇ ਸਿਹਤਮੰਦ ਕਿਥੋਂ ਰਹਿਣਾ ਹੈ:

*ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ॥*
*ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ॥*

*(1153)*

•

*Original with;*
Jaswant Singh Zafar
*Digitized by;*
Panjab Digital Library

# ਪ੍ਰੋ. ਪੂਰਨ ਸਿੰਘ ਦਾ ਪੰਜਾਬ

ਸਾਹਿਤ ਸਿਰਜਨ ਅਤੇ ਇੰਜਨੀਅਰਿੰਗ ਦੇ ਖੇਤਰ ਦੇਖਣ ਨੂੰ ਇਕ ਦੂਜੇ ਤੋਂ ਬਹੁਤ ਫਾਸਲੇ ਤੇ ਵਿਚਰਨ ਵਾਲੇ ਖੇਤਰ ਲੱਗਦੇ ਹਨ। ਪਰ ਪੰਜਾਬੀ ਸਾਹਿਤ ਵਿਚ ਬਹੁਤ ਸਾਰੇ ਜਾਣੇ-ਪਛਾਣੇ ਨਾਮ ਹਨ ਜਿੰਨ੍ਹਾਂ ਦਾ ਸਬੰਧ ਇੰਜਨੀਅਰਿੰਗ ਦੇ ਖੇਤਰ ਨਾਲ ਵੀ ਰਿਹਾ ਹੈ। ਇਹਨਾਂ ਵਿਚ ਮੋਟੇ ਤੌਰ 'ਤੇ ਪ੍ਰੋ. ਪੂਰਨ ਸਿੰਘ, ਸ. ਗੁਰਬਖਸ਼ ਸਿੰਘ ਪ੍ਰੀਤਲੜੀ, ਭਾਅਜੀ ਗੁਰਸ਼ਰਨ ਸਿੰਘ, ਅਜਮੇਰ ਰੋਡੇ, ਜਤਿੰਦਰ ਬਰਾੜ, ਸੁਰਿੰਦਰ ਧੰਜਲ, ਬਲਵਿੰਦਰ ਰਿਸ਼ੀ, ਸ. ਉਜਾਗਰ ਸਿੰਘ ਕੰਵਲ, ਕੰਵਲਜੀਤ ਢੁੱਡੀਕੇ ਗਿਣੇ ਜਾ ਸਕਦੇ ਹਨ। ਇਹਨਾਂ ਸਾਰਿਆਂ ਵਿਚੋਂ ਮੈਨੂੰ ਪ੍ਰੋ. ਪੂਰਨ ਸਿੰਘ ਸਭ ਤੋਂ ਮਹੱਤਵਪੂਰਨ ਲੱਗਦੇ ਹਨ, ਉਹ ਵੀ ਉਹਨਾਂ ਦਾ ਕਵੀ ਰੂਪ। ਗੁਰੂ ਗਰੰਥ ਸਾਹਿਬ ਦੇ ਬਾਣੀਕਾਰਾਂ ਅਤੇ ਗੁਰੂ ਗੋਬਿੰਦ ਸਿੰਘ ਤੋਂ ਪਿੱਛੋਂ ਜਿਹਨਾਂ ਦਾ ਕਾਵਿ ਮੇਰੇ ਦਿਲ ਦੇ ਵੱਧ ਕਰੀਬ ਹੈ ਉਹਨਾਂ ਵਿਚੋਂ ਪ੍ਰੋ. ਪੂਰਨ ਸਿੰਘ ਜੀ ਦਾ ਨਾਂ ਸਿਖਰ 'ਤੇ ਹੈ।

ਪ੍ਰੋ. ਪੂਰਨ ਸਿੰਘ ਦਾ ਜੀਵਨ-ਕਾਲ ਸਿਰਫ਼ 50 ਸਾਲ ਦਾ ਰਿਹਾ ਅਤੇ 80 ਸਾਲ ਤੋਂ ਵੱਧ ਹੋ ਗਏ ਉਹਨਾਂ ਨੂੰ ਕਾਲ ਦੇ ਪਰਦੇ ਓਹਲੇ ਗਿਆਂ ਨੂੰ। ਇਸ ਸਿਤਾਰੇ ਦੀ ਜਿਉਂ-ਜਿਉਂ ਇਸ ਜਹਾਨ ਤੋਂ ਕਾਲ-ਦੂਰੀ ਵਧਦੀ ਹੈ ਤਿਉਂ-ਤਿਉਂ ਇਸ ਦੀ ਚਮਕ ਅਤੇ ਬੁਲੰਦੀ ਵਧੀ ਜਾਂਦੀ ਹੈ। ਸਾਡੇ ਨੌਵੀਂ ਜਮਾਤ ਦੇ ਪਾਠਕ੍ਰਮ ਵਿਚ ਜਦ ਸਾਨੂੰ ਪ੍ਰੋ. ਪੂਰਨ ਸਿੰਘ ਦੀ ਖੁੱਲ੍ਹੀ ਕਵਿਤਾ 'ਦਰਿਆ ਕਿਨਾਰੇ' ਪੜ੍ਹਾਈ ਜਾਂਦੀ ਤਾਂ ਅਸੀਂ ਬੱਚਿਆਂ ਨੇ ਬੜਾ ਹੱਸਣਾ ਕਿ ਭਲਾ ਇਹ ਕੀ ਕਵਿਤਾ ਹੋਈ। ਉਸ ਤੋਂ ਪਹਿਲਾਂ ਅਸੀਂ ਤੋਲ-ਤੁਕਾਂਤ ਵਾਲੀਆਂ ਕਵਿਤਾਵਾਂ ਹੀ ਪੜ੍ਹੀਆਂ ਸਨ। ਹੌਲੀ-ਹੌਲੀ ਕਵਿਤਾ ਨੂੰ ਜਾਨਣ ਮਾਨਣ ਵਾਲਾ ਖਾਨਾ ਵਿਕਸਤ ਹੋਇਆ ਤਾਂ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੀ ਵਿਸ਼ਾਲਤਾ ਅਤੇ ਮਹਾਨਤਾ ਤੋਂ ਪਰਦਾ ਉਠਣ ਲੱਗਾ। ਹੁਣ ਉਨ੍ਹੀਂਵੀਂ ਸਦੀ ਤੋਂ ਮਗਰਲੇ ਪੰਜਾਬੀ ਕਵੀਆਂ ਵਿਚੋਂ ਪ੍ਰੋ. ਪੂਰਨ ਸਿੰਘ ਜੀ ਦਾ ਨਾਂ ਮੇਰੇ ਲਈ ਸਭ ਤੋਂ ਵੱਧ ਸਤਿਕਾਰਯੋਗ ਹੈ, ਮੇਰੇ ਮਹਾਂਨਾਇਕ ਹਨ ਪ੍ਰੋ. ਪੂਰਨ ਸਿੰਘ।

ਪ੍ਰੋ. ਪੂਰਨ ਸਿੰਘ ਖੁੱਲ੍ਹੇਪਨ ਦਾ ਨਾਂ ਹੈ। ਉਹਨਾਂ ਆਪਣੇ ਲਈ ਪੂਰਨਤਾ ਪ੍ਰਾਪਤ ਕਰਨ ਲਈ ਕੁਦਰਤ ਅੱਗੇ ਆਪਣੀ ਝੋਲੀ ਹਮੇਸ਼ਾਂ ਖੋਲ੍ਹੀ ਰੱਖੀ, ਹਰ ਤਰ੍ਹਾਂ ਦੇ ਗਿਆਨ ਵਿਗਿਆਨ ਲਈ ਆਪਣੇ ਦਿਮਾਗ਼ ਦੇ ਬੂਹੇ ਚਾਰੇ ਤਰਫ਼ ਖੋਲ੍ਹੀ ਰੱਖੇ।

Original with;
Jaswant Singh Zafar
Digitized by;
Panjab Digital Library

ਚਿੰਤਕਾਂ ਅਤੇ ਦਾਨਿਸ਼ਮੰਦਾਂ ਦੀ ਸੁਹਬਤ ਦੇ ਨਾਲ-ਨਾਲ ਕਿਸਾਨਾਂ-ਕਿਰਤੀਆਂ, ਮਸਤਾਂ-ਮਲੰਗਾਂ, ਪਸ਼ੂ-ਪੰਛੀਆਂ ਅਤੇ ਰੁੱਖਾਂ-ਬਿਰਖਾਂ ਨੂੰ ਜੱਫੀਆਂ ਪਾਉਣ ਲਈ ਆਪਣੀਆਂ ਬਾਹਵਾਂ ਸਦਾ ਖੁੱਲ੍ਹੀਆਂ ਰੱਖੀਆਂ। ਉਹਨਾਂ ਦਾ ਲਾਲਾ ਹਰਿਦਿਆਲ ਵਰਗੇ ਕਰਾਂਤੀਕਾਰੀ, ਖੁਦਾਦਾਦ ਵਰਗੇ ਵਿਗਿਆਨੀ, ਭਾਈ ਵੀਰ ਸਿੰਘ ਵਰਗੇ ਸਾਹਿਤਕਾਰ, ਸੁਆਮੀ ਰਾਮ ਤੀਰਥ ਵਰਗੇ ਆਤਮ ਮਾਰਗੀ ਅਤੇ ਓਕਾ ਕੁਰਾ ਵਰਗੇ ਜਪਾਨੀ ਚਿੰਤਕ ਨਾਲ ਨੇੜਤਾ ਦਾ ਸਬੰਧ ਰਿਹਾ। ਹਰ ਸਰੋਤ ਤੋਂ ਰੌਸ਼ਨੀ ਲੈਣ ਲਈ ਪੱਬਾਂ ਭਾਰ ਰਹੇ ਪ੍ਰੋ. ਪੂਰਨ ਸਿੰਘ। ਸਾਹਿਤ ਰਚਨਾ ਦੇ ਨਾਲ-ਨਾਲ ਉਹਨਾਂ ਦਾ ਜੀਵਨ ਵੰਨ-ਸੁਵੰਨੀਆਂ ਸ਼ੁਭ ਸਰਗਰਮੀਆਂ ਨਾਲ ਲਿਸ਼ਕਿਆ ਰਿਹਾ। ਉਹਨਾਂ ਕੋਲ ਧਰਮ, ਪਿਆਰ, ਦੋਸਤੀ, ਇਸ਼ਕ, ਸਦਾਚਾਰ, ਖੁਸ਼ਹਾਲੀ, ਕਲਾ ਤੇ ਸੱਭਿਆਚਾਰ ਵਾਸਤੇ ਅਲੱਗ ਅਲੱਗ ਖਾਨੇ ਨਹੀਂ ਸਨ। ਸਭ ਕੁਛ ਆਪਸ ਵਿਚ ਘੁਲਿਆ ਮਿਲਿਆ ਸੀ। ਹੁਣ ਜਦ ਪੰਜਾਬ ਦੀ ਜਵਾਨੀ ਨੂੰ ਸੁੱਚੇ ਉਤਸ਼ਾਹ ਨਾਲ ਚੜ੍ਹਦੀ ਕਲਾ ਦੀ ਅਵੱਸਥਾ ਵਿਚ ਲਿਜਾਣ ਦੀ ਲੋੜ ਮਹਿਸੂਸ ਕਰਦੇ ਹਾਂ ਤਾਂ ਪ੍ਰੋ. ਪੂਰਨ ਸਿੰਘ ਨੂੰ ਯਾਦ ਕਰਨਾ ਬਣਦਾ ਹੈ ਜੋ ਆਪਣੀ ਜਵਾਨੀ ਨੂੰ ਸੋਹਣੀ ਦੇ ਇਸ਼ਕ ਅਤੇ ਗੁਰੂ ਗੋਬਿੰਦ ਸਿੰਘ ਦੇ ਸਤਿਕਾਰ ਨਾਲ ਜੋੜਦੇ:

*ਮਹੀਂ ਮੁੜ ਚਾਰਾਂਗੇ ਤੇਰੀਆਂ*
*ਭਾਵੇਂ ਪਾਤਸ਼ਾਹਾਂ ਦੇ ਪੁੱਤ ਅਸੀਂ*
*ਫਿਰਾਂਗੇ ਬੇਲਿਆਂ ਤੇਰਿਆਂ ਵਿਚ*
*ਵਾਜਾਂ ਮਾਰਦੇ ਉਸੇ ਕਲਗੀਆਂ ਵਾਲੇ ਸਰਦਾਰ ਨੂੰ ਅਸੀਂ।*

ਹੀਰ, ਸੋਹਣੀ, ਸੱਸੀ, ਬੇਟੀ ਗਾਰਗੀ, ਖੂਹ ਤੇ ਪਾਣੀ ਭਰਦੀਆਂ ਕੁੜੀਆਂ ਅਤੇ ਹੋਰ ਇਸਤਰੀਆਂ ਦੇ ਹਵਾਲੇ ਨਾਲ ਲਿਖੀਆਂ ਕਵਿਤਾਵਾਂ ਮੁਹੱਬਤ ਅਤੇ ਸੁੰਦਰਤਾ ਦੀ ਬੁਣਤੀ ਵਾਲੇ ਸਿਹਤਮੰਦ ਪੰਜਾਬ ਦਾ ਸੁਪਨਾ ਸਿਰਜਦੀਆਂ ਹਨ। ਹੁਣ ਜਦ ਪੰਜਾਬ ਦੇ ਚਲੰਤ ਕਿਸਮ ਦੇ ਗਾਇਕਾਂ ਦੇ ਜਲਾਲਤ ਭਰੇ ਹੋਛੇ ਗੀਤ ਸੁਣਕੇ ਖਿਝਦੇ ਕਲਪਦੇ ਹਾਂ ਤਾਂ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੀ ਮਹਾਨਤਾ ਦਾ ਧਿਆਨ ਧਰਿਆ ਜਾਣਾ ਚਾਹੀਦਾ ਹੈ ਜੋ ਹੀਰ ਨੂੰ ਆਪਣੀ ਭੈਣ ਆਖਦੇ, ਪੰਜਾਬੀ ਗੱਭਰੂਆਂ ਨੂੰ ਰਾਂਝੇ ਦੇ ਨਿੱਕੇ-ਵੱਡੇ ਵੀਰ ਲਿਖਦੇ ਅਤੇ ਰਾਂਝੇ ਨੂੰ ਵੀ ਮਹੀਂਵਾਲ ਵਾਂਗ ਗੁਰੂ ਦਾ ਪੱਕਾ ਸਿੱਖ ਆਖਦੇ ਹਨ। ਉਹਨਾਂ ਦੀ ਕਵਿਤਾ 'ਜਵਾਨ ਪੰਜਾਬ' ਵਿਚ ਰਾਂਝਾ ਕੰਨ ਪੜਵਾ ਕੇ ਜੋਗ ਲੈਣ ਮਗਰੋਂ ਬਾਲ ਨਾਥ ਦਾ ਉਪਦੇਸ਼ ਸੁਣ ਕੇ ਉਸ ਨੂੰ ਆਖਦਾ ਹੈ:

*ਜੋਗ ਦੀ ਮੈਨੂੰ ਕੀ ਲੋੜ ਸੀ? ਨਾਥਾ ਦੱਸ ਖਾਂ?*
*ਮੈਂ ਸਿੱਖਿਆ ਸੀ ਨਾਮ ਪਿਆਰ ਦਾ*

Original with; Jaswant Singh Zafar
Digitized by; Panjab Digital Library

*ਤੇ ਹੱਡਾਂ ਵਿਚ ਪਿਆਰ ਪਿਆ ਖੜਕਦਾ*
*ਨਾਮ ਪਿਆ ਵੱਜਦਾ*
*ਜੋਗ ਤੇਰਾ ਹੋੜਦਾ ਇਸ਼ਕ ਥੀਂ ਕਮਲਿਆ*
*ਮੋੜ ਮੇਰੇ ਕੰਨ, ਲੈ ਮੋੜ ਆਪਣੀਆਂ ਮੁੰਦਰਾਂ।*

--------

*ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ*
*ਸਤਿਗੁਰਾਂ ਦੇ ਸਿੱਖ ਨੂੰ ਪਾ ਹੱਥ ਰੋਇਆ।*

ਇਹ ਪ੍ਰੋ. ਪੂਰਨ ਸਿੰਘ ਦੀ ਸਿੱਖੀ ਦੀ ਵਿਸ਼ਾਲਤਾ ਹੈ ਕਿ ਉਹਨਾਂ ਨੂੰ ਰਾਂਝੇ ਵਰਗਾ ਪੰਜਾਬੀ ਲੋਕ-ਨਾਇਕ ਗੁਰੂ ਦਾ ਸਿੱਖ ਜਾਪਦਾ ਹੈ। ਰਾਂਝਾ ਹੀ ਕਿਉਂ, ਉਹ ਆਪਣੀ ਪਸੰਦ ਦੇ ਪ੍ਰਸਿੱਧ ਅੰਗਰੇਜ਼ੀ ਕਵੀ ਵਾਲਟ ਵਿਟਮਨ ਬਾਰੇ ਵੀ ਆਖਦੇ ਹਨ ਕਿ ਵਾਲਟ ਵਿਟਮਨ ਅਮਰੀਕਾ ਵਿਚ ਜੰਮਿਆਂ ਹੋਇਆ ਸਿੱਖ ਸੀ। ਉਹਨਾਂ ਦੀ ਇਸ ਸਤਰ ਨੇ ਮੈਨੂੰ ਪ੍ਰਸਿੱਧ ਭੌਤਿਕ ਵਿਗਿਆਨੀ ਸਟੀਫ਼ਨ ਹਾਕਿੰਗ ਬਾਰੇ ਕਵਿਤਾ ਲਿਖਣ ਲਈ ਪ੍ਰੇਰਤ ਕੀਤਾ ਸੀ। ਜਿਸ ਵਿਚ ਮੇਰਾ ਸਟੀਫ਼ਨ ਹਾਕਿੰਗ ਨੂੰ ਪਰਮ ਸਿੱਖ ਕਹਿਣ ਨੂੰ ਚਿੱਤ ਕੀਤਾ ਸੀ:

*ਤੇਰੇ 'ਤੇ ਵੱਡੇ ਦੀ ਬਰਕਤ*
*ਮਹਾਂ ਜਗਿਆਸੂ*
*ਸ਼ਬਦ ਗੁਰੂ ਦਾ ਮਹਾਂ ਸ਼ਿਸ਼ ਹੈਂ*
*ਐਪਰ ਤੂੰ ਨਾ ਦਾਅਵਾ ਕਰਦਾ*
*ਕਿ ਤੂੰ*
*ਏਸ ਘੜੀ ਦਾ ਪਰਮ ਸਿੱਖ ਹੈਂ*

ਪ੍ਰੋ. ਪੂਰਨ ਸਿੰਘ ਜਦ 'ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ' ਆਖਦੇ ਹਨ ਤਾਂ ਇਸ ਦਾ ਭਾਵ ਕੋਈ ਫਿਰਕੂ ਚੌਧਰ ਜਾਂ ਦਬਦਬਾ ਸਥਾਪਤ ਕਰਨਾ ਨਹੀਂ ਸਗੋਂ ਇਹ ਪੰਜਾਬ ਲਈ ਇਸ ਵੱਡੇ ਕਵੀ ਦੀ ਵੱਡੀ ਆਸੀਸ ਹੈ। ਉਹਨਾਂ ਲਈ ਸਿੱਖੀ ਕਿਸੇ ਮਜ਼ਹਬੀ ਸੰਕੀਰਨਤਾ, ਦਾਅਵੇਦਾਰੀ, ਦਿਖਾਵੇ ਜਾਂ ਭੇਖ ਨਾਲ ਸਬੰਧਤ ਗੱਲ ਨਹੀਂ ਸੀ ਸਗੋਂ ਉਹਨਾਂ ਦੀ ਸਿੱਖੀ ਦਾ ਮੁਹਾਵਰਾ ਸਮੁੱਚੇ ਮਨੁੱਖਾਂ ਦੀ ਪ੍ਰਸੰਨਤਾ ਅਤੇ ਸੁਤੰਤਰਤਾ, ਜੀਵਾਂ ਦੀ ਭਲਾਈ, ਕੁਦਰਤੀ ਸੁੰਦਰਤਾ ਅਤੇ ਪਵਿਤਰਤਾ ਦੀ ਸਲਾਮਤੀ ਦੀ ਬਾਤ ਸੀ। ਹੁਣ ਜਦ ਪੰਜਾਬ ਦੇ ਪਾਣੀ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਤ ਪਾਣੀਆਂ ਦੀ ਸੂਚੀ ਵਿਚ ਆ ਗਏ ਹਨ ਤਾਂ ਪੰਜਾਬ ਨੂੰ ਉਹਨਾਂ ਦੇ ਬੋਲ ਯਾਦ ਆਉਣੇ ਚਾਹੀਦੇ ਹਨ:

*Original with;*
Jaswant Singh Zafar
*Digitized by;*
Panjab Digital Library

*ਖਾੜ ਖਾੜ ਚੱਲਣ ਵਿਚ ਮੇਰੇ ਸੁਫ਼ਨਿਆਂ*
*ਪੰਜਾਬ ਦੇ ਦਰਿਆ*
*ਪਿਆਰ ਅੱਗ ਇਹਨਾਂ ਨੂੰ ਲੱਗੀ ਹੋਈ*
*ਪਿਆਰਾ ਜਾਪੁ ਸਾਹਿਬ ਗਾਉਂਦੇ*
*ਠੰਢੇ ਤੇ ਠਾਰਦੇ, ਪਯਾਰਦੇ*

ਸਾਡੀ ਤਰੱਕੀ ਦੇ ਮਜਾਜ਼ ਨੇ ਪਿਆਰਾ ਜਾਪੁ ਸਾਹਿਬ ਗਾਉਣ ਵਾਲੇ ਪ੍ਰੋ. ਪੂਰਨ ਸਿੰਘ ਦੇ ਪਿਆਰੇ ਦਰਿਆਵਾਂ ਨੂੰ ਜ਼ਹਿਰੀਲੇ ਬਣਾ ਦਿੱਤਾ ਹੈ। ਜਾਪੁ ਸਾਹਿਬ ਦੇ ਕਰਤਾ ਗੁਰੂ ਗੋਬਿੰਦ ਸਿੰਘ ਨੇ ਪਿਆਰੇ ਸਤਲੁਜ ਤੋਂ ਸ਼ਫਾਫ਼ ਸਵੱਛ ਜਲ ਲੈ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਸੀ ਪਰ ਅਸੀਂ ਇਸ ਜਲ ਨੂੰ ਬੰਦਿਆਂ ਤਾਂ ਕੀ ਜਾਨਵਰਾਂ ਦੇ ਪੀਣ ਯੋਗ ਵੀ ਨਹੀਂ ਰਹਿਣ ਦੇਣਾ ਚਾਹੁੰਦੇ। ਅਖ਼ਬਾਰਾਂ 'ਚ ਇਹ ਵੀ ਛਪ ਚੁੱਕਾ ਹੈ ਕਿ ਅੰਮ੍ਰਿਤਸਰ ਦੁਨੀਆਂ ਦੇ ਚੋਟੀ ਦੇ ਪਰਦੂਸ਼ਤ ਸ਼ਹਿਰਾਂ 'ਚੋਂ ਇਕ ਹੈ। ਪਰ ਪ੍ਰੋ. ਪੂਰਨ ਸਿੰਘ ਜੀ ਨੇ ਇਸ ਧਰਤੀ ਦੀ ਪਵਿੱਤਰਤਾ, ਸੁਹਾਵਣੀ ਫ਼ਿਜ਼ਾ ਅਤੇ ਅੰਮ੍ਰਿਤਸਰ ਦੀ ਰੌਣਕ ਦੇ ਹੁਸਨ ਦਾ ਆਪਣੀ ਸ਼ਾਇਰੀ ਵਿਚ ਜਸ਼ਨ ਮਨਾਇਆ ਸੀ:

*ਰੰਗਾਂ ਦਾ ਜਲੌ ਪਿਆ ਆਉਂਦਾ*
*ਚਿਹਰਿਆਂ, ਸਿਰਾਂ, ਹੱਥਾਂ, ਪੈਰਾਂ, ਲੱਤਾਂ ਦਾ ਇਕ ਝੁਰਮਟ ਪਿਆ ਪੈਂਦਾ*
*ਇਹ ਕਿਸ ਫੁੱਲ ਉੱਤੇ ਇਹਨਾਂ ਮਖੌਰਿਆਂ ਦੀ ਡਾਰ ਹੈ*

ਸਾਡੇ ਆਪ ਸਹੇੜੇ ਆਧੁਨਿਕ ਵਿਕਾਸ ਦੇ ਰੰਗ-ਢੰਗ ਨੇ ਜਿਥੇ ਪੰਜਾਬ ਦੇ ਪੌਣ ਪਾਣੀ ਨੂੰ ਤਬਾਹ ਕੀਤਾ ਹੈ ਉਥੇ ਹਜ਼ਾਰਾਂ ਗਰੀਬ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਰ ਦਿੱਤਾ ਹੈ। ਕਿਉਂਕਿ ਰਾਜ ਭਾਗ ਵਿਚ ਗਰੀਬ ਕਿਰਤੀਆਂ ਕਿਰਸਾਨਾਂ ਦੀ ਕੋਈ ਭਾਈਵਾਲੀ ਨਹੀਂ ਸਗੋਂ ਧਨਾਢਾਂ ਅਤੇ ਸਰਮਾਏਦਾਰਾਂ ਦਾ ਪੂਰਾ ਗਲਬਾ ਹੈ। ਅਜਿਹੀ ਜਦ ਵੀ ਕੋਈ ਖ਼ਬਰ ਪੜ੍ਹਦੇ ਹਾਂ ਤਾਂ ਪ੍ਰੋ. ਪੂਰਨ ਸਿੰਘ ਯਾਦ ਆਉਂਦੇ ਹਨ। ਯਾਦ ਆਉਂਦੀ ਹੈ ਉਹਨਾਂ ਦੀ ਪੰਜਾਬ ਦੇ ਧਰਤੀ-ਪੁੱਤਰ ਨੂੰ ਸੰਬੋਧਨ ਕਰਕੇ ਲਿਖੀ ਚੜ੍ਹਦੀ ਕਲਾ ਦੀ ਕਵਿਤਾ 'ਮੁੱਲ ਪਾ ਤੂੰ ਆਪਣਾ':

*ਨਿੰਮੋਝੂਣ ਤੇਰੀ ਬਲਾ ਹੋਵੇ,*
*ਮਾਯੂਸ ਤੇਰੀ ਜੁੱਤੀ,*
*ਨਿਰਾਸ਼ ਤੇਰੇ ਵੈਰੀ ਹੋਣ,*
*ਚਸ਼ਮਾ ਫੁੱਟਿਆ ਤੂੰ ਹਮੇਸ਼ ਦੀ ਜਵਾਨੀ ਦਾ*
*ਸਦਾ ਦੀ ਬਸੰਤ ਤੇਰੇ ਪ੍ਰਾਣ ਸੋਹਣਿਆਂ।*

*Original with;*
Jaswant Singh Zafar
*Digitized by;*
Panjab Digital Library

ਕਿਰਸਾਨੀ ਦੇ ਗੌਰਵ, ਮਿਹਨਤ ਅਤੇ ਸਾਦਗੀ ਪ੍ਰਤੀ ਬਲਿਹਾਰਤਾ ਪ੍ਰਗਟ ਕਰਦੇ ਹੋਏ ਪ੍ਰੋ. ਪੂਰਨ ਸਿੰਘ ਵਾਰ-ਵਾਰ ਪੰਜਾਬ ਦੇ 'ਹਲ ਵਾਹੁਣ ਵਾਲੇ' ਦਾ ਗੁਣਗਾਨ ਕਰਦੇ ਰਹੇ ਹਨ:

*ਬੀਜ ਬੀਜਣ, ਇਹ ਹਲ ਚਲਾਣ,*
*ਘਾਲਾਂ ਘਾਲਣ ਪੂਰੀਆਂ।*
*ਖਾਣ ਥੋੜ੍ਹਾ, ਪਹਿਨਣ ਮੋਟਾ ਸੋਟਾ,*
*ਵੇਖਣ ਮੁੜ ਮੁੜ ਵੱਲ ਬੱਦਲਾਂ*
*ਇਹ ਹਨ ਜਗ ਦੇ ਭੰਡਾਰੀ,*
*ਰਾਜੇ ਹੱਥ ਅੱਡ ਅੱਡ ਮੰਗਦੇ ਇਥੋਂ ਰੋਟੀਆਂ*

ਕਿਸਾਨ ਦੇ ਨਾਲ-ਨਾਲ 'ਪੰਜਾਬ ਦੇ ਮਜੂਰ' ਦੀ ਘਾਲਣਾ ਪ੍ਰਤੀ ਵੀ ਪ੍ਰੋ. ਸਾਹਿਬ ਆਪਣੀ ਦਿਲੀ ਸ਼ਰਧਾ ਅਤੇ ਆਦਰ ਪ੍ਰਗਟ ਕਰਦੇ ਹੋਏ ਕਿਰਤ ਦੇ ਗੌਰਵ ਅਤੇ ਸਵੈਮਾਨ ਨੂੰ ਉਜਾਗਰ ਕਰਦੇ ਹਨ। ਕਾਮਿਆਂ ਪ੍ਰਤੀ ਧੰਨਵਾਦ ਦਾ ਭਾਵ੍ਹ ਪ੍ਰਗਟ ਕਰਦੇ ਹਨ:

*ਇਨ੍ਹਾਂ ਦੀ ਗਰੀਬੀ ਨਿੱਕੀ,*
*ਇਨ੍ਹਾਂ ਦਾ ਸੰਤੋਖ ਵੱਡਾ,*
*ਇਹ ਠੰਡੇ ਪਾਣੀ ਵਾਂਗ*
*ਮੇਰੇ ਜੀ ਨੂੰ ਠਾਰਦੇ।*

ਜੇ ਅਸੀਂ ਪ੍ਰੋ. ਪੂਰਨ ਸਿੰਘ ਦੀ ਸਤਰ "ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ" ਨੂੰ ਫਿਰਕੂ ਤੰਗ ਨਜ਼ਰੀ ਨਾਲ ਦੇਖਣ ਦਾ ਯਤਨ ਵੀ ਕਰੀਏ ਤਾਂ ਵੀ ਉਹਨਾਂ ਦੀਆਂ ਪੰਜਾਬ ਦੇ ਕਾਮਿਆਂ, ਕਾਰੀਗਰਾਂ, ਹੁਨਰਮੰਦਾਂ, ਤ੍ਰੀਮਤਾਂ, ਪ੍ਰੇਮੀਆਂ ਦੇ ਨਾਲ ਨਾਲ ਸ੍ਰੀ ਕ੍ਰਿਸ਼ਨ ਅਤੇ ਹਨੂੰਮਾਨ ਬਾਰੇ ਲਿਖੀਆਂ ਅਨੇਕਾਂ ਕਵਿਤਾਵਾਂ ਸਾਡੇ ਸਾਹਮਣੇ ਆ ਖਲੋਂਦੀਆਂ ਹਨ ਅਤੇ ਸਾਡੀ ਤੰਗ ਨਜ਼ਰੀ ਨੂੰ ਵਰਜਦੀਆਂ ਹਨ। ਪੰਜਾਬ ਦੀ ਮਜ਼ਹਬੀ ਇਕਸੁਰਤਾ, ਭਾਈਚਾਰਕ ਸਾਂਝ ਅਤੇ ਸਹਿਣਸ਼ੀਲਤਾ ਪ੍ਰਥਾਏ ਪ੍ਰੋ. ਸਾਹਿਬ ਦਾ ਸੁਨੇਹਾ ਗੂੰਜਦਾ ਹੈ:

*ਮੁਸਲਮਾਨ, ਸਿੱਖ, ਹਿੰਦੂ, ਕੋਈ ਹੋਵੇ*
*ਪੰਜਾਬ-ਗਲੀ ਦੀ ਸੱਚੀ ਸਜ ਸਾਰੀ,*
*ਇਹ ਰਲੀ ਮਿਲੀ, ਮਿਲੀ ਜੁਲੀ*

ਪ੍ਰੋ. ਪੂਰਨ ਸਿੰਘ ਗਹਿਰੀ ਅਤੇ ਸੁੱਚੀ ਧਾਰਮਿਕਤਾ ਦੇ ਧਾਰਨੀ ਸਨ।

Original with;
Jaswant Singh Zafar
Digitized by;
Panjab Digital Library

ਅਜਿਹੇ ਧਾਰਮਿਕ ਬੰਦੇ ਦੀ ਪ੍ਰਾਰਥਨਾ ਤਾਂ ਸਰਬੱਤ ਦਾ ਭਲਾ ਹੁੰਦੀ ਹੈ। ਇਸ 'ਸਰਬੱਤ' ਵਿਚ ਕੇਵਲ ਪਸ਼ੂ, ਪੰਛੀ, ਬਨਸਪਤੀ, ਕੀਟ, ਪਤੰਗੇ ਹੀ ਨਹੀਂ ਆਉਂਦੇ ਸਗੋਂ ਹਰ ਜਾਤ, ਮਜ਼ਹਬ, ਨਸਲ, ਪਾਰਟੀ, ਫਿਰਕੇ, ਧੜੇ, ਸੰਸਥਾ, ਵਿਚਾਰਧਾਰਾ ਅਤੇ ਭੇਖ ਦੇ ਵਿਅਕਤੀ ਵੀ ਆਉਂਦੇ ਹਨ। ਆਸਤਿਕ ਹੋਣ ਦਾ ਅਰਥ ਰੱਬ ਦੀ ਹੋਂਦ ਨੂੰ ਮਹਿਜ਼ ਮੰਨਣਾ ਹੀ ਨਹੀਂ, ਸਹਿਜੇ-ਸਹਿਜੇ ਰੱਬੀ ਗੁਣਾ ਨੂੰ ਗ੍ਰਹਿਣ ਕਰਨਾ ਵੀ ਹੈ। ਪ੍ਰਮਾਤਮਾ ਦੀ ਬੁੱਕਲ ਵਿਚ ਤਾਂ ਸਾਰੇ ਮਨੁੱਖਾਂ ਸਮੇਤ ਸਾਰੀ ਕਾਇਨਤ ਹੈ। ਉਹ ਨਾਸਤਕਾਂ ਨੂੰ ਵੀ ਪਾਲਦਾ ਪਿਆਰਦਾ ਹੈ ਜੋ ਉਸ ਦੀ ਹੋਂਦ ਤੋਂ ਹੀ ਇਨਕਾਰੀ ਹਨ। ਅਸੀਂ ਉਂਜ ਆਸਤਕ ਜਾਂ ਧਾਰਮਿਕ ਅਖਵਾਉਂਦੇ ਹਾਂ ਪਰ ਥੋੜ੍ਹੇ ਜਿਹੇ ਭਿੰਨ ਵਿਚਾਰਾਂ ਵਾਲੇ ਆਪਣਿਆਂ ਨੂੰ ਵੀ ਬੇਗਾਨੇ, ਬੁਰੇ ਅਤੇ ਦੁਸ਼ਮਣ ਗਰਦਾਨ ਕੇ ਆਪਣੇ ਦੁਸ਼ਮਣੀ ਭਰੇ ਬੋਲਾਂ ਦੀ ਤਪਸ਼ ਨਾਲ ਆਪਣੇ ਤੋਂ ਦੂਰ ਕਰਦੇ ਰਹਿੰਦੇ ਹਾਂ ਅਤੇ ਆਏ ਦਿਨ ਆਪਣੀ ਦੁਸ਼ਮਣੀ ਦੀਆਂ ਲਿਸਟਾਂ ਲੰਮੀਆਂ ਕਰਦੇ ਰਹਿੰਦੇ ਹਾਂ। ਪਰ ਸਾਡੇ ਗੁਰੂ ਨੇ ਆਪਣੇ ਮਾਤਾ, ਪਿਤਾ, ਪੁੱਤਰ, ਜਾਇਦਾਦ, ਧਨ, ਦੌਲਤ ਭਾਵ ਸਭ ਕੁਝ ਗੁਆ ਲੈਣ ਮਗਰੋਂ ਵੀ ਔਰੰਗਜੇਬ ਨੂੰ ਭੇਜੇ ਬੋਲਾਂ ਨਾਲ ਉਸ ਦੇ ਅੰਦਰੋਂ ਦੁਸ਼ਮਣੀ ਨੂੰ ਹੂੰਝ ਸੁਟਿਆ ਸੀ ਅਤੇ ਉਸ ਨੂੰ ਪਛਤਾਵੇ ਦੇ ਭਾਵ ਨਾਲ ਭਰ ਦਿੱਤਾ ਸੀ। ਇਸ ਤੇ ਬਾਦਸ਼ਾਹ ਨੇ ਪੰਜਾਬ ਦੇ ਹੁਰਮਰਾਨਾਂ ਨੂੰ ਆਦੇਸ਼ ਦਿੱਤਾ ਸੀ ਕਿ ਉਹ ਗੁਰੂ ਨਾਲ ਵੈਰ ਨਾ ਕਮਾਉਣ। ਨਤੀਜੇ ਵਜੋਂ ਇਸ ਤੋਂ ਅਗਲੀ ਵਿਸਾਖੀ ਤੇ ਤਲਵੰਡੀ ਸਾਬੋ ਵਿਖੇ ਲੱਖਾਂ ਦੀ ਗਿਣਤੀ ਵਿਚ ਸਿੱਖ ਇਕੱਤਰ ਹੋ ਸਕੇ ਸਨ। ਆਸਤਿਕਤਾ-ਨਾਸਤਿਕਤਾ ਬਾਰੇ ਇਹ ਗੱਲਾਂ ਕਰਦਿਆਂ ਵੀ ਪ੍ਰੋ. ਪੂਰਨ ਸਿੰਘ ਯਾਦ ਆਉਂਦੇ ਹਨ:

*ਹਾਲੇ ਮੇਰੀਆਂ ਅੱਖਾਂ ਪੂਰੀਆਂ ਸੁਜਾਖੀਆਂ ਨਾਂਹ*
*ਮੈਨੂੰ ਰੱਬ ਨਾ ਦਿਸਦਾ ਹਰ ਚੀਜ਼ ਵਿਚ*

---------

*ਮੈਨੂੰ ਤਾਂ ਰੱਬ ਕਦੀ ਕਦੀ ਦਿਸਦਾ,*
*ਮੇਰੀ ਹਾਲਤ ਕੁਝ ਤਰਸ ਯੋਗ ਹੈ।*

ਅੱਜ-ਕੱਲ੍ਹ ਪੰਜਾਬ ਨੂੰ ਗਰਜ਼ਾਂ, ਧੜੇਬੰਦੀਆਂ, ਖੁਸ਼ਾਮਦਾਂ, ਚੌਧਰਾਂ, ਹਵਾਖੋਰੀਆਂ, ਮੁਕਾਬਲੇਬਾਜ਼ੀਆਂ, ਸ਼ੋਹਰਤਾਂ, ਦਾਅਵੇਦਾਰੀਆਂ ਅਤੇ ਖੋਹਾ-ਖਿੱਚੀ ਦੇ ਸੱਭਿਆਚਾਰ ਨੇ ਮਰਨਹਾਕਾ ਕੀਤਾ ਪਿਆ ਹੈ। ਜੇ ਪੰਜਾਬ ਨੇ ਆਰਥਿਕ, ਮਾਨਸਿਕ, ਬੌਧਿਕ ਅਤੇ ਆਤਮਿਕ ਨਿਵਾਣਾ ਵੱਲ ਹੋਰ ਜਾਣੋਂ ਬਚਣਾ ਹੈ ਤਾਂ ਸਾਨੂੰ ਪ੍ਰੋ. ਪੂਰਨ ਸਿੰਘ ਦੀ ਸ਼ਾਇਰੀ ਨੂੰ ਮਿਲਣਾ ਅਤੇ ਉਹਨਾਂ ਦੇ ਇਹਨਾਂ ਕਾਵਿ-ਬੋਲਾਂ ਨੂੰ ਆਪਣੇ ਮਸਤਕਾਂ ਦਾ ਸ਼ਿੰਗਾਰ ਬਣਾਉਣਾ ਪਏਗਾ।

•

Original with:
Jaswant Singh Zafar
Digitized by;
Panjab Digital Library

# ਬਦਲਾ ਕਿ ਬਖਸ਼ਿੰਦਗੀ

ਬਾਬਾ ਫ਼ਰੀਦ ਜੀ ਨੇ ਆਪਣੀ ਜਵਾਨੀ ਵੇਲ਼ੇ ਅਫਗਾਨਿਸਤਾਨ ਅਤੇ ਮੱਧ ਏਸ਼ੀਆ ਤੱਕ ਪੈਦਲ ਯਾਤਰਾਵਾਂ ਕੀਤੀਆਂ। ਇਹਨਾਂ ਯਾਤਰਾਵਾਂ ਦੌਰਾਨ ਬਗ਼ਦਾਦ, ਕੰਧਾਰ, ਗਜ਼ਨੀ, ਖੁਰਾਸਾਨ, ਬੁਖਾਰਾ ਆਦਿ ਥਾਵਾਂ 'ਤੇ ਸਥਿਤ ਇਲਮ ਦੇ ਕੇਂਦਰਾਂ ਤੇ ਜਾ ਕੇ ਆਪਣੇ ਮਸਤਕ ਨੂੰ ਰੌਸ਼ਨ ਕੀਤਾ। ਇਸਾਈਆਂ ਅਤੇ ਇਸਲਾਮੀ ਸੂਫੀਆਂ ਦੇ ਸਾਂਝੇ ਖਿੱਤੇ ਤੁਰਕੀ ਤੱਕ ਗਏ। ਦੁਨੀਆਂ ਨੂੰ ਖੂਬ ਦੇਖਿਆ, ਜਾਣਿਆਂ ਅਤੇ ਸਮਝਿਆ। ਇਸਲਾਮ ਦੇ ਸਾਰੇ ਰੰਗਾਂ-ਢੰਗਾਂ ਨੂੰ ਜਾਨਣ ਸਮਝਣ ਦੇ ਨਾਲ-ਨਾਲ ਹੋਰ ਮਜ਼ਹਬਾਂ ਦੇ ਵਿਚਾਰਾਂ ਨਾਲ ਵੀ ਸਾਂਝ ਪਾਈ। ਹੋਰ ਧਰਤੀਆਂ ਤੇ ਵਿਚਰਦਿਆਂ, ਹੋਰ ਲੋਕਾਂ ਨੂੰ ਮਿਲਦਿਆਂ, ਹੋਰ ਸੱਭਿਆਚਾਰਾਂ ਨੂੰ ਦੇਖਦਿਆਂ ਉਹਨਾਂ ਦੇ ਅੰਦਰ ਆਪਣੀ ਧਰਤੀ ਅਤੇ ਆਪਣੇ ਸੱਭਿਆਚਾਰ ਨਾਲ ਸੰਵਾਦ ਵੀ ਚਲਦਾ ਰਿਹਾ। ਇਸ ਦੌਰਾਨ ਉਹ ਆਪਣੀ ਧਰਤੀ ਦੇ ਲੋਕਾਂ ਲਈ ਬੜੇ ਨਿਵੇਕਲੇ ਅਤੇ ਅੱਲੋਕਾਰੇ ਸੁਨੇਹੇ ਵੀ ਲਿਖਦੇ ਰਹੇ:

*ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥*
*ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥ (1378)*

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥ (1382)*

ਫਰੀਦ ਜੀ ਜਿਸ ਸੱਭਿਆਚਾਰ ਨਾਲ ਸਬੰਧਤ ਸਨ ਜਾਂ ਜਿਸ ਖਿੱਤੇ ਵਿਚ ਉਹ ਜੰਮੇ, ਪਲ਼ੇ ਅਤੇ ਰਹੇ ਸਨ ਉਥੇ "ਬੁਰੇ ਦਾ ਭਲਾ" ਵਾਲੀ ਸਿਆਣਪ ਸ਼ਾਇਦ ਲੋਕ-ਮਨ ਦਾ ਹਿੱਸਾ ਨਹੀਂ ਸੀ। ਕਮਜ਼ੋਰ ਨਾਲ ਅਨਿਆਂ ਅਤੇ ਮਾਸੂਮ 'ਤੇ ਜ਼ੁਲਮ, ਜਾਂ ਕਹਿ ਲਓ "ਭਲੇ ਨਾਲ ਬੁਰਾ" ਤਾਂ ਬਹੁਤ ਸੀ, "ਭਲੇ ਦਾ ਭਲਾ" ਗਰਜ਼ ਮੁਤਾਬਕ ਹੋ ਸਕਦਾ ਸੀ ਪਰ "ਬੁਰੇ ਦਾ ਭਲਾ" ਸੋਚਿਆ ਨਹੀਂ ਸੀ ਜਾਂਦਾ। ਵੈਸੇ ਇਹ ਤੱਥ ਅਜੇ ਤੱਕ ਇਸ ਖਿੱਤੇ ਦੇ ਸੱਭਿਆਚਾਰ ਦੀ ਤਾਸੀਰ ਵਿਚ ਗੁੰਨ੍ਹਿਆਂ ਹੋਇਆ ਹੈ। ਫ਼ਰੀਦ ਜੀ ਦੇ ਇਸ ਉਪਦੇਸ਼ ਨੂੰ ਬਾਬਾ ਨਾਨਕ ਜੀ ਹੋਰ ਗੂੜ੍ਹਾ ਅਤੇ ਗਹਿਰਾ ਕਰਨਾ ਚਾਹੁੰਦੇ ਹਨ। ਉਹਨਾਂ ਮੁਤਾਬਕ ਸਾਨੂੰ ਬੁਰੇ ਦਾ ਭਲਾ ਕਰਨ ਵਿਚ ਓਨਾ ਚਿਰ ਦਿੱਕਤ ਆਉਂਦੀ ਰਹਿੰਦੀ ਹੈ ਜਦ ਤੱਕ ਬੁਰੇ ਨੂੰ ਬੁਰਾ ਸਮਝਦੇ ਰਹਿੰਦੇ ਹਾਂ ਜਾਂ ਕਹਿ ਲਓ

Originals with
Jaswant Singh Zafar
Digitized by;
Panjab Digital Library

ਕਿ ਜਦ ਤੱਕ ਬੁਰੇ ਅਤੇ ਭਲੇ ਨੂੰ ਅਲਹਿਦਾ-ਅਲਹਿਦਾ ਤਸਲੀਮ ਕਰਦੇ ਹਾਂ ਤਦ ਤੱਕ ਸਾਡਾ ਮਨ ਬੁਰੇ ਦਾ ਭਲਾ ਕਰਨ ਵੱਲ ਰੁਚਿਤ ਨਹੀਂ ਹੁੰਦਾ। ਇਸ ਲਈ ਬਾਬਾ ਨਾਨਕ ਜੀ ਬੁਰੇ ਨੂੰ ਬੁਰਾ ਸਮਝਣ ਤੇ ਹੀ ਰੋਕ ਲਾਉਂਦੇ ਹਨ:

*ਬੁਰਾ ਭਲਾ ਕਹੁ ਕਿਸ ਨੋ ਕਹੀਐ॥*
*ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ॥ (353, ਮ.1)*

ਗੁਰੂ ਨਾਨਕ ਸਾਹਿਬ ਦੂਸਰਿਆਂ ਨੂੰ ਬੁਰੇ ਅਤੇ ਭਲੇ ਵਿਚ ਨਿਖੇੜਨ ਤੇ ਰੋਕ ਲਾਉਣ ਲਈ ਕਬੀਰ ਜੀ ਦੀ ਦੱਸੀ ਜੁਗਤ ਦੀ ਪੁਸ਼ਟੀ ਕਰਦੇ ਹਨ ਕਿ ਸਾਰੇ ਲੋਕ ਤਾਂ ਹੀ ਭਲੇ ਲੱਗ ਸਕਦੇ ਹਨ ਜੇ ਅਸੀਂ ਆਪਣੇ-ਆਪ ਨੂੰ ਬੁਰੇ ਅਤੇ ਹੋਰਨਾਂ ਨੂੰ ਆਪਣੇ ਤੋਂ ਚੰਗੇ ਸਮਝੀਏ:

*ਕਬੀਰ ਸਭ ਤੇ ਹਮ ਬੁਰੇ*
*ਹਮ ਤਜਿ ਭਲੋ ਸਭੁ ਕੋਇ॥ (1364, ਕਬੀਰ ਜੀ)*

*ਹਮ ਨਹੀ ਚੰਗੇ ਬੁਰਾ ਨਹੀ ਕੋਇ॥*
*ਪ੍ਰਣਵਤਿ ਨਾਨਕੁ ਤਾਰੇ ਸੋਇ॥ (728, ਮ.1)*

ਗੁਰੂ ਨਾਨਕ ਦੂਸਰੇ ਸ਼ਬਦਾਂ ਵਿਚ ਸਪਸ਼ਟ ਕਰਦੇ ਹਨ ਕਿ ਫ਼ਰੀਦ ਜੀ ਦੇ 'ਬੁਰੇ ਦਾ ਭਲਾ ਕਰਨ' ਦੇ ਉਪਦੇਸ਼ ਨੂੰ ਤਾਂ ਹੀ ਜੀਵਿਆ ਜਾ ਸਕਦਾ ਹੈ ਜੇਕਰ ਅਸੀਂ ਆਪਣੀ ਹਾਊਮੈ ਤਿਆਗ ਸਕਦੇ ਹੋਈਏ:

*ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ॥*
*ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ॥ (1015, ਮ.1)*

ਇਹ ਗੱਲ ਜਿੰਨੀ ਕਹਿਣੀ ਸੌਖੀ ਹੈ, ਸੁਣਨੀ ਓਸ ਤੋਂ ਔਖੀ, ਮੰਨਣੀ ਓਸ ਤੋਂ ਵੀ ਔਖੀ ਅਤੇ ਅਪਨਾਉਣੀ ਲਗਪਗ ਅਸੰਭਵ ਹੈ। ਜਿਸ ਧਰਤੀ ਦੇ ਸੱਭਿਆਚਾਰ ਵਿਚ 'ਦੁਸ਼ਮਣੀ' ਅਤੇ 'ਬਦਲਾ' ਏਨਾ ਰਚਿਆ ਹੋਵੇ ਉਥੋਂ ਦੇ ਲੋਕ-ਮਨ ਵਿਚ ਉੱਪਰੋਕਤ ਵਿਚਾਰ ਨੂੰ ਟਿਕਾਉਣਾ ਬਹੁਤ ਔਖਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਮਹਿਸੂਸ ਕਰਦੇ ਹਨ ਕਿ ਇਸ ਵਿਚਾਰ ਨੂੰ ਵਾਰ-ਵਾਰ ਦੁਹਰਾਉਣ ਦੀ ਲੋੜ ਹੈ ਕਿ ਸਿੱਖ ਨੇ ਕਿਸੇ ਨੂੰ ਆਪਣਾ ਦੁਸ਼ਮਣ ਕਰਕੇ ਨਹੀਂ ਜਾਨਣਾ, ਕਿਸੇ ਨਾਲ ਵੈਰ ਨਹੀਂ ਕਮਾਉਣਾ, ਕਿਸੇ ਪ੍ਰਤੀ ਬਦਲੇ ਦੀ ਭਾਵਨਾ ਨਹੀਂ ਰੱਖਣੀ:

*Original with;*
Jaswant Singh Zafar
*Digitized by;*
Panjab Digital Library

*ਬੁਰਾ ਭਲਾ ਕੋਈ ਨ ਕਹੀਜੈ॥*
*ਛੋਡਿ ਮਾਨੁ ਹਰਿ ਚਰਨ ਗਹੀਜੈ॥ (186, ਮ.5)*

*ਮਨ ਅਪੁਨੇ ਤੇ ਬੁਰਾ ਮਿਟਾਨਾ॥*
*ਪੇਖੈ ਸਗਲ ਸ੍ਰਿਸਟਿ ਸਾਜਨਾ॥ (266, ਮ.5)*

*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥ (278, ਮ.5)*

*ਬੁਰਾ ਭਲਾ ਕਹੁ ਕਿਸ ਨੋ ਕਹੀਐ*
*ਸਗਲੇ ਜੀਅ ਤੁਮ੍ਾਰੇ॥ (383, ਮ.5)*

*ਪਰ ਕਾ ਬੁਰਾ ਨ ਰਾਖਹੁ ਚੀਤ॥*
*ਤੁਮ ਕਉ ਦੁਖੁ ਨਹੀ ਭਾਈ ਮੀਤ॥ (386, ਮ.5)*

*ਬੈਰੀ ਸਭਿ ਹੋਵਹਿ ਮੀਤ॥*
*ਨਿਰਮਲੁ ਤੇਰਾ ਹੋਵੈ ਚੀਤ॥ (895, ਮ.5)*

*ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ॥ (1077, ਮ.5)*

*ਬੈਰੀ ਮੀਤ ਹੋਏ ਸੰਮਾਨ॥*
*ਸਰਬ ਮਹਿ ਪੂਰਨ ਭਗਵਾਨ॥(1147, ਮ.5)*

*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ॥ (1299, ਮ.5)*

ਇਹ ਗਿਣਤੀ ਦੀਆਂ ਉਦਾਹਰਣਾਂ ਹਨ, ਪਰ ਗੁਰੂ ਸਾਹਿਬ ਨੇ ਇਸ ਸੰਦੇਸ਼ ਨੂੰ ਅਣਗਿਣਤ ਵਾਰ ਦੁਹਰਾਇਆ ਹੈ। ਇਸ ਦੇ ਬਾਵਜੂਦ ਗੁਰਮਤਿ ਵਿਚਾਰਧਾਰਾ ਦਾ ਇਹ ਬੁਨਿਆਦੀ ਤੱਤ ਇਸ ਖਿੱਤੇ ਦੇ ਸਥਾਨਕ ਸੱਭਿਆਚਾਰ ਦੇ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤ ਨੂੰ ਅਜੇ ਤੱਕ ਮਾਤ ਨਹੀਂ ਦੇ ਸਕਿਆ। ਮੈਂ ਆਪਣੇ ਬਚਪਨ ਤੋਂ ਹੁਣ ਤੱਕ ਸਿੱਖ ਸਟੇਜਾਂ ਤੋਂ ਸਿੱਖ ਪ੍ਰਚਾਰਕਾਂ, ਢਾਡੀਆਂ, ਕਵੀਸ਼ਰਾਂ ਅਤੇ ਲੀਡਰਾਂ ਤੋਂ ਇਹੀ ਸੁਣਿਆਂ ਹੈ ਅਤੇ 'ਸਿੱਖ ਹਿਤੈਸ਼ੀ' ਅਖਵਾਉਣ ਵਾਲੇ ਅਖ਼ਬਾਰਾਂ, ਰਸਾਲਿਆਂ 'ਚ ਇਹੀ ਪੜ੍ਹਿਆ ਹੈ ਕਿ ਸਿੱਖਾਂ ਦੇ ਮੁਗਲ ਦੁਸ਼ਮਣ, ਅਫ਼ਗਾਨ ਦੁਸ਼ਮਣ, ਡੋਗਰੇ ਦੁਸ਼ਮਣ, ਮਰਹੱਟੇ ਦੁਸ਼ਮਣ, ਅੰਗਰੇਜ਼ ਦੁਸ਼ਮਣ, ਮਹੰਤ

*Original with;*
Jaswant Singh Zafar
*Digitized by;*
Panjab Digital Library

ਦੁਸ਼ਮਣ, ਮੁਸਲਮਾਨ ਦੁਸ਼ਮਣ, ਕਾਂਗਰਸ ਦੁਸ਼ਮਣ, ਕੇਂਦਰ ਦੁਸ਼ਮਣ, ਹਿੰਦੂ ਦੁਸ਼ਮਣ, ਆਰ.ਐਸ.ਐਸ. ਦੁਸ਼ਮਣ, ਕਮਿਊਨਿਸਟ ਦੁਸ਼ਮਣ, ਮੀਡੀਆ ਦੁਸ਼ਮਣ। ਕਈ ਵਾਰ ਤਾਂ ਗੱਲ ਇਸ ਤੋਂ ਵੀ ਅਗਾਂਹ ਚਲੀ ਜਾਂਦੀ ਹੈ ਕਿ ਮਾਸਟਰ ਤਾਰਾ ਸਿੰਘ ਦੁਸ਼ਮਣ, ਸੰਤ ਲੌਂਗੋਵਾਲ ਦੁਸ਼ਮਣ, ਵਗ਼ੈਰਾ ਵਗ਼ੈਰਾ। ਓਦੋਂ ਤਾਂ ਹੱਦ ਹੀ ਹੋ ਜਾਂਦੀ ਹੈ ਜਦ ਸੁਣਦੇ ਹਾਂ ਕਿ ਸਿੱਖ ਦਾ ਹਰ ਸਿੱਖ ਦੁਸ਼ਮਣ। ਕਿਸੇ ਵਲੋਂ ਸਾਡੇ ਨਾਲ ਦੁਸ਼ਮਣੀ ਕਰਨਾ ਹੋਰ ਗੱਲ ਹੈ ਪਰ ਸਾਡਾ ਉਸ ਨੂੰ ਆਪਣਾ ਦੁਸ਼ਮਣ ਤਸਲੀਮ ਕਰਨਾ ਹੋਰ ਗੱਲ ਹੈ। ਗੁਰੂ ਸਾਹਿਬ ਤਾਂ ਕਹਿ ਰਹੇ ਹਨ ਕਿ ਸਿੱਖ ਹੋ ਕੇ ਉਹ ਅਵੱਸਥਾ ਧਾਰਨ ਕਰਨੀ ਹੈ ਜਿਥੇ ਕੋਈ ਦੁਸ਼ਮਣ ਮਹਿਸੂਸ ਹੀ ਨਾ ਹੋਵੇ, ਦੁਸ਼ਮਣੀ ਦਾ ਭਾਵ ਹਿਰਦੇ ਤੋਂ ਦੂਰ ਰਹੇ। ਪਰ ਸਾਨੂੰ ਸਾਰੇ ਹੀ ਦੁਸ਼ਮਣ ਲੱਗਦੇ ਹਨ, ਕੋਈ ਮੀਤ ਨਜ਼ਰ ਹੀ ਨਹੀਂ ਆਉਂਦਾ। ਗੁਰੂ ਦੇ ਸਨਮੁਖ ਸਾਡੀ ਸਥਿਤੀ ਕਿੰਨੀ ਹਾਸੋਹੀਣੀ ਹੈ, ਗੁਰੂ ਕਿਵੇਂ ਬਹੁੜੀ ਕਰੇਗਾ?

ਸਾਡੇ ਮਨ ਨੂੰ ਜੋ ਹੁਲਾਰਾ 'ਦੁਸ਼ਮਣੀ' ਜਾਂ 'ਬਦਲੇ' ਦੇ ਜੈਕਾਰੇ ਜਾਂ ਲਲਕਾਰੇ ਨਾਲ ਮਿਲ਼ਦਾ ਹੈ ਉਹ ਗੁਰੂ ਦੇ 'ਸਰਬੱਤ ਦੇ ਭਲੇ' ਦੇ ਸੰਦੇਸ਼ ਨਾਲ ਨਹੀਂ ਮਿਲਦਾ। 1984 ਤੋਂ 1992 ਦੌਰਾਨ ਜਦ ਡਾਹਢੇ ਸਿੱਖਾਂ ਨੇ ਪੰਜਾਬੀ ਗਵੱਈਆਂ ਨੂੰ ਇਸ਼ਕੀਆ ਕਿਸਮ ਦੇ ਗੀਤ ਗਾਉਣ ਤੋਂ ਵਰਜ ਦਿੱਤਾ ਸੀ ਤਾਂ ਇਹਨਾਂ ਗਵੱਈਆਂ ਨੇ ਸਿਰਾਂ ਤੇ ਗੋਲ ਕੇਸਰੀ ਪਰਨੇ ਸਜਾ ਕੇ "ਪੱਤਾ ਪੱਤਾ ਸਿੰਘਾਂ ਦਾ ਵੈਰੀ" ਵਰਗੇ ਗੀਤ ਰਿਕਾਰਡ ਕਰਾਉਣੇ ਸ਼ੁਰੂ ਕਰ ਦਿਤੇ ਸਨ, ਜੋ ਲੱਚਰ ਗੀਤਾਂ ਨਾਲੋਂ ਵੀ ਜ਼ਿਆਦਾ ਮਕਬੂਲ ਹੋਏ। ਭਾਵ ਹਰੇਕ ਨੂੰ ਆਪਣਾ ਵੈਰੀ ਤਸਲੀਮ ਕਰਨਾ ਸਾਨੂੰ ਬੜਾ ਸੁਖਦ ਲੱਗਦਾ ਹੈ, ਆਪਣੀ ਵਡਿਆਈ ਲਗਦੀ ਹੈ। ਬਾਬਾ ਫ਼ਰੀਦ, ਕਬੀਰ ਜੀ, ਬਾਬਾ ਨਾਨਕ ਅਤੇ ਗੁਰੂ ਅਰਜਨ ਦੇ ਉਪਰੋਕਤ ਵਿਚਾਰਾਂ ਸਮੇਤ ਆਦਿ ਸ੍ਰੀ ਗਰੰਥ ਸਾਹਿਬ ਨੂੰ ਗੁਰੂ ਦਰਜਾ ਮਿਲਣ ਤੋਂ ਬਾਅਦ ਦੇ ਬਹੁ-ਗਿਣਤੀ ਸਿੱਖ ਯੋਧਿਆਂ ਭਾਵ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਸ. ਬਲਵੰਤ ਸਿੰਘ ਰਾਜੋਆਣਾ ਤੱਕ ਦੀ ਮਹਿਮਾ (ਸਮੇਤ ਸ. ਭਗਤ ਸਿੰਘ, ਸ. ਊਧਮ ਸਿੰਘ ਦੇ) ਅਸੀਂ ਉਹਨਾਂ ਵਲੋਂ 'ਦੁਸ਼ਮਣਾਂ ਤੋਂ ਲਏ ਬਦਲੇ' ਕਾਰਨ ਗਾਉਂਦੇ, ਸੁਣਦੇ ਅਤੇ ਜਾਣਦੇ ਹਾਂ। ਨਾ ਬਾਬਾ ਬੰਦਾ ਸਿੰਘ ਨੂੰ ਵੱਡੀਆਂ ਅਤੇ ਸਿਫਤੀ ਪ੍ਰਸ਼ਾਸਨਕ ਤਬਦੀਲੀਆਂ ਲਿਆਉਣ ਵਾਲੇ ਸ਼ਾਸਕ ਵਜੋਂ ਅਤੇ ਨਾ ਸ. ਭਗਤ ਸਿੰਘ ਨੂੰ ਸਮਾਜਵਾਦੀ ਚਿੰਤਕ ਅਤੇ ਕਾਰਕੁੰਨ ਵਜੋਂ ਗਾਇਆ ਜਾਂਦਾ ਹੈ। ਸਰਬੱਤ ਦਾ ਭਲਾ ਚਾਹੁੰਣ ਵਾਲੇ ਅਤੇ ਮਨੁੱਖਤਾ ਦਾ ਦੁੱਖ ਘਟਾਉਣ ਵਾਲੇ ਭਗਤ ਪੂਰਨ ਸਿੰਘ ਦੀ ਬਜਾਏ 'ਦੁਸ਼ਮਣਾ ਤੋਂ ਬਦਲਾ ਲੈਣ' ਵਾਲੇ ਜਿਊਣੇ ਮੌੜ ਅਤੇ ਸੁੱਚੇ ਸੂਰਮੇ ਦੀਆਂ ਵਾਰਾਂ ਗਾਈਆਂ, ਸੁਣੀਆਂ ਜਾਂਦੀਆਂ ਹਨ। ਭਾਈ ਤਾਰੂ ਸਿੰਘ ਜੈਸੇ ਨਾਇਕ ਦੇ ਸਿੱਖੀ ਪਿਆਰ ਅਤੇ ਸਿੱਖੀ ਸਿਦਕ ਬਾਰੇ ਜਿੰਨੀ ਭਾਵਪੂਰਤ ਕਵਿਤਾ ਬੰਗਾਲ 'ਚ

Original with;
Jaswant Singh Zafar
Digitized by;
Panjab Digital Library

ਬੈਠੇ ਕਵੀ ਰਾਬਿੰਦਰ ਨਾਥ ਟੈਗੋਰ ਨੇ ਲਿਖੀ ਓਨੀ ਸਾਡੇ ਵੱਡੇ ਤੋਂ ਵੱਡੇ ਪੰਜਾਬੀ ਜਾਂ ਕਿਸੇ ਸਿੱਖ ਕਵੀ ਦੇ ਲਿਖਣੀਂ ਭਾਗੀਂ ਨਹੀਂ ਹੋਈ।

ਪੰਜਾਬ ਦੇ ਮੁਸਲਮਾਨ 'ਬੁਰੇ ਦਾ ਭਲਾ ਕਰਿ' ਕਹਿਣ ਵਾਲੇ ਬਾਬਾ ਫਰੀਦ ਨੂੰ ਆਪਣਾ ਪੀਰ ਮੰਨਦੇ ਹਨ ਅਤੇ ਸਿੱਖ 'ਬੁਰਾ ਨ ਦਿਸੈ ਕੋਇ' ਕਹਿਣ ਵਾਲੇ ਬਾਬੇ ਨਾਨਕ ਨੂੰ ਆਪਣਾ ਪੈਗੰਬਰ ਜਾਣਦੇ ਹਨ। ਪਰ 1947 ਦੀ ਪੰਜਾਬ ਵੰਡ ਵੇਲੇ ਪੱਛਮੀ ਪਾਸੇ ਦੇ ਮੁਸਲਮਾਨਾਂ ਨੇ ਬੇਕਸੂਰ ਹਿੰਦੂ ਅਤੇ ਸਿੱਖਾਂ ਦਾ ਅਤੇ ਪੂਰਬੀ ਪਾਸੇ ਦੇ ਹਿੰਦੂ ਅਤੇ ਸਿੱਖਾਂ ਨੇ ਬੇਕਸੂਰ ਮੁਸਲਮਾਨਾਂ ਦਾ ਰੱਜ ਕੇ ਲਹੂ ਵਹਾਇਆ, ਮਾਸੂਮ ਬੱਚਿਆਂ ਨੂੰ ਨਹੀਂ ਬਖ਼ਸ਼ਿਆ, ਦਿਲ ਖੋਲ੍ਹ ਕੇ ਲੁੱਟਾਂ-ਖੋਹਾਂ ਕੀਤੀਆਂ, ਔਰਤਾਂ ਦੀ ਰੱਜ ਕੇ ਬੇਪਤੀ ਕੀਤੀ। ਗੁਰਾਂ ਦੇ ਨਾਂ ਤੇ ਵਸਦੇ ਪੰਜਾਬ ਦੀ ਧਰਤੀ ਤੇ ਵਾਪਰਿਆ ਇਹ ਦੁਖਾਂਤ ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚ ਵਾਪਰੀਆਂ ਸਭ ਤੋਂ ਘਿਨਾਉਣੀਆਂ ਘਟਨਾਵਾਂ ਵਿਚ ਗਿਣਿਆਂ ਜਾਂਦਾ ਹੈ। ਅਸਲ ਵਿਚ "ਬੁਰੇ ਦਾ ਭਲਾ ਕਰਿ" ਕਹਿਣ ਵਾਲੇ ਬਾਬਾ ਫ਼ਰੀਦ ਤੋਂ ਲੈ ਕੇ "ਬੈਰੀ ਮੀਤ ਸਮਾਨਿ" ਕਹਿਣ ਵਾਲੇ ਗੁਰੂ ਤੇਗ ਬਹਾਦਰ ਤੱਕ ਸਾਰੇ ਰਹਿਬਰ ਗੁਰੂ ਗ੍ਰੰਥ ਸਾਹਿਬ ਦੇ ਰੂਪ 'ਚ ਇਕਜੁੱਟ ਹੋ ਕੇ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤ ਨੂੰ ਸਾਡੇ ਸੱਭਿਆਚਾਰ 'ਚੋਂ ਮੇਟਣਾ ਚਾਹੁੰਦੇ ਹਨ। ਇਸ ਲਈ ਉਹ ਸਾਰੇ 'ਹਉਮੈ' ਨੂੰ ਮਿਟਾਉਣ ਦੀ ਗੁਹਾਰ ਲਗਾ ਰਹੇ ਹਨ। ਪਰ ਅਸੀਂ ਉਹਨਾਂ ਨੂੰ ਹਰਗਿਜ਼ ਕਾਮਯਾਬ ਨਹੀਂ ਹੋਣ ਦੇਣਾ ਚਾਹੁੰਦੇ, ਕਿਉਂਕਿ ਸਾਡੇ ਪੰਜਾਬੀ ਸੱਭਿਆਚਾਰ ਦੀ ਤਾਂ ਬੱਲੇ-ਬੱਲੇ ਹੀ ਇਸ 'ਦੁਸ਼ਮਣੀ' ਅਤੇ 'ਬਦਲਾ' ਦੇ ਤੱਤ ਕਾਰਨ ਹੈ। ਇਹ ਗੱਲ ਵੱਖਰੀ ਹੈ ਕਿ ਗੁਰੂ ਨੂੰ ਘਚਾਨੀ ਦੇਣ ਲਈ ਅਸੀਂ ਆਪਣੀ ਵਿਅਕਤੀਗਤ ਅਤੇ ਜਮਾਤੀ ਹਉਮੈ ਦਾ ਨਾਂ ਬਦਲ ਕੇ 'ਅਣਖ' ਰੱਖ ਲੈਂਦੇ ਹਾਂ।

ਪੁਰਾਣੇ ਜ਼ਮਾਨੇ ਵਿਚ ਰਾਜ ਭਾਗ ਤੇ ਕਬਜ਼ੇ ਦਾ ਫ਼ੈਸਲਾ ਜੰਗਾਂ-ਯੁੱਧਾਂ ਵਿਚ ਹੋਣ ਵਾਲੀ ਹਾਰ ਜਿੱਤ ਨਾਲ ਹੁੰਦਾ ਸੀ। ਵਰਤਮਾਨ ਸਮੇਂ ਵਿਚ ਰਾਜ ਸੱਤਾ ਲਈ ਖ਼ੂਨ ਖਰਾਬੇ ਦੀ ਬਜਾਏ ਚੋਣਾਂ ਵਿਚ ਵੱਧ ਵੋਟਾਂ ਲੈਣ ਦਾ ਤਰੀਕਾ ਪ੍ਰਚੱਲਤ ਹੈ। ਪਰ ਸਾਡਾ ਆਪਣੇ ਪੁਰਾਣੇ ਸੱਭਿਆਚਾਰ ਨਾਲ ਪਿਆਰ ਦੇਖੋ। ਅਸੀਂ ਅਜੇ ਵੀ ਚੋਣਾਂ ਵਿਚ ਭਾਗ ਲੈਣ ਨੂੰ ਚੋਣ ਲੜਨਾ ਆਖਦੇ ਹਾਂ। ਗੱਲ ਕੀ, ਸਾਡਾ ਲੜਾਈ, ਟਾਕਰੇ, ਹਿੰਸਾ ਤੋਂ ਬਿਨਾ ਜਿਵੇਂ ਗੁਜ਼ਾਰਾ ਨਹੀਂ ਹੈ। ਹਿੰਸਾ, ਬਦਲੇ, ਹੈਂਕੜ, ਧੌਂਸ ਅਦਿ ਦੇ ਮਸਾਲੇ ਨਾਲ ਨੱਕੋ-ਨੱਕ ਭਰੇ ਪੰਜਾਬੀ ਗੀਤ ਗਾਉਣ ਵਾਲੇ ਗਵੱਈਏ ਜਦ ਆਪਣੇ ਆਪ ਨੂੰ ਪੰਜਾਬੀ ਸੱਭਿਆਚਾਰ ਨੂੰ ਬਚਾਉਣ ਵਾਲੇ ਰਖਵਾਲੇ ਦੱਸਦੇ ਹਨ ਤਾਂ ਜਾਪਦਾ ਹੈ ਕਿ ਉਹ ਠੀਕ ਹੀ ਕਹਿ ਰਹੇ ਹਨ ਕਿਉਂਕਿ ਅਜਿਹਾ ਕਰਕੇ ਉਹ ਪੰਜਾਬੀ ਸੱਭਿਆਚਾਰ ਨੂੰ ਗੁਰੂ ਗਰੰਥ ਸਾਹਿਬ ਦੇ ਫਲਸਫ਼ੇ ਦੇ ਪ੍ਰਭਾਵ ਤੋਂ ਬਚਾ ਰਹੇ ਹਨ।

Origin with;
Jaswant Singh Zafar
Digitized by;
Panjab Digital Library

ਦੁਸ਼ਮਣ ਵਲੋਂ ਇਕ ਗੱਲ੍ਹ ਤੇ ਚਪੇੜ ਮਾਰੇ ਜਾਣ ਤੇ ਦੂਜੀ ਗੱਲ੍ਹ ਅੱਗੇ ਕਰਨ ਵਾਲੀ ਮਹਾਤਮਾ ਗਾਂਧੀ ਦੀ ਗੱਲ ਦਾ ਪੰਜਾਬੀਆਂ ਵਲੋਂ ਸਭ ਤੋਂ ਵੱਧ ਮਜ਼ਾਕ ਉਡਾਇਆ ਜ਼ਾਂਦਾ ਹੈ ਹਾਲਾਂ ਕਿ ਮਹਾਤਮਾ ਗਾਂਧੀ ਦੀ ਇਸ ਗੱਲ ਦੀ ਭਾਵਨਾ ਪੰਜਾਬੀ ਦੇ ਮੋਢੀ ਸ਼ਾਇਰ ਬਾਬਾ ਫਰੀਦ ਦੇ ਗੁਰੂ ਗਰੰਥ ਸਾਹਿਬ ਵਿਚ ਦਰਜ "ਤਿਨ੍ਹਾ ਨ ਮਾਰੇ ਘੁੰਮਿ" ਅਤੇ "ਬੁਰੇ ਦਾ ਭਲਾ ਕਰਿ" ਵਾਲੇ ਦੋਹਾਂ ਸਲੋਕਾਂ ਦੇ ਬੜੀ ਨੇੜੇ-ਤੇੜੇ ਹੈ। ਜਦ ਮੈਂ ਫ਼ਰੀਦ ਜੀ ਦੇ ਇਹਨਾਂ ਸਲੋਕਾਂ ਦਾ ਧਿਆਨ ਧਰਦਾ ਹਾਂ ਤਾਂ ਮੈਨੂੰ 1999 ਵਿਚ ਉੜੀਸਾ 'ਚ ਇਕ ਪਰਿਵਾਰ ਨਾਲ ਵਾਪਰੀ ਭਿਆਨਕ ਘਟਨਾ ਯਾਦ ਆ ਜਾਂਦੀ ਹੈ। ਆਸਟ੍ਰੇਲੀਆ ਦੇ ਇਸਾਈ ਮਿਸ਼ਨਰੀ ਡਾ. ਗਰ੍ਹੱਮ ਸਟੇਨਜ਼ 1965 ਤੋਂ ਉੜੀਸਾ ਦੇ ਕਬਾਇਲੀ ਇਲਾਕਿਆਂ ਦੇ ਗਰੀਬਾਂ ਖਾਸਕਰ ਕੋਹੜ ਦੇ ਮਰੀਜ਼ਾਂ ਲਈ ਕੰਮ ਕਰਦੇ ਸਨ। ਕਬਾਇਲੀ ਲੋਕ ਉਹਨਾਂ ਨੂੰ ਮਸੀਹੇ ਵਾਂਗ ਸਮਝਦੇ ਸਨ। ਉਹਨਾਂ ਦੀ ਨੇਕੀ ਕਰਕੇ ਕਈ ਲੋਕ ਇਸਾਈਅਤ ਵੱਲ ਵੀ ਆਕਰਸ਼ਤ ਹੋਏ ਹੋਣਗੇ। ਇਸ ਗੱਲ ਤੋਂ ਖ਼ਫ਼ਾ ਹੋ ਕੇ ਇਕ ਮਜ਼ਹਬੀ ਸੰਗਠਨ ਦੇ ਕਾਰਕੁੰਨਾ ਨੇ ਇਕ ਰਾਤ ਉਹਨਾਂ ਨੂੰ ਉਹਨਾਂ ਦੇ 9 ਸਾਲ ਅਤੇ 6 ਸਾਲ ਦੇ ਪੁੱਤਰਾਂ ਸਮੇਤ ਉਸ ਸਮੇਂ ਜਿੰਦਾ ਜਲ਼ਾ ਦਿੱਤਾ ਜਦ ਉਹ ਤਿੰਨੋਂ ਆਪਣੀ ਗੱਡੀ ਵਿਚ ਸੁੱਤੇ ਪਏ ਸਨ। ਆਪਣੇ ਪਤੀ ਅਤੇ ਮਾਸੂਮ ਬੱਚਿਆ ਦੇ ਇਸ ਬੇਰਹਿਮ ਕਤਲ ਮਗਰੋਂ ਸ਼੍ਰੀਮਤੀ ਗਲੈਡੀ ਸਟੇਨਜ਼ ਨੇ ਜੋ ਅਦਾਲਤੀ ਬਿਆਨ ਦਿੱਤਾ ਉਹ ਦੇਖਣ ਅਤੇ ਵਿਚਾਰਨ ਵਾਲਾ ਹੈ:

> *"ਡਾ. ਗਰ੍ਹੱਮ ਦੁਆਰਾ ਆਰੰਭੇ ਕਾਰਜ ਨੂੰ ਅੱਗੇ ਤੋਰਨ ਲਈ ਅਤੇ ਮੈਨੂੰ ਨੇਕੀ ਦਾ ਰਸਤਾ ਦਿਖਾਉਣ ਲਈ ਪ੍ਰਮਾਤਮਾ ਹਮੇਸ਼ਾਂ ਮੇਰੇ ਅੰਗ-ਸੰਗ ਹੈ। ਮੈਨੂੰ ਆਪਣੇ ਪਤੀ ਅਤੇ ਬੱਚਿਆਂ ਦੇ ਏਨੀ ਬੇਰਹਿਮੀ ਨਾਲ ਮਾਰੇ ਜਾਣ 'ਤੇ ਕਈ ਵਾਰ ਹੈਰਾਨੀ ਤਾਂ ਹੁੰਦੀ ਹੈ ਪਰ ਮੇਰੇ ਦਿਲ'ਚ ਇਹ ਬਿਲਕੁਲ ਨਹੀਂ ਆਉਂਦਾ ਕਿ ਜ਼ਿੰਮੇਵਾਰ ਵਿਅਕਤੀਆਂ ਨੂੰ ਕੋਈ ਸਜ਼ਾ ਦਿੱਤੀ ਜਾਵੇ। ਮੈਨੂੰ ਆਸ ਹੈ ਕਿ ਉਹਨਾਂ ਦੇ ਮਨਾਂ 'ਚ ਜ਼ਰੂਰ ਆਪਣੇ ਕੀਤੇ ਲਈ ਪਛਤਾਵਾ ਹੋਵੇਗਾ ਅਤੇ ਉਹ ਆਪਣੇ-ਆਪ ਨੂੰ ਸੁਧਾਰ ਲੈਣਗੇ।"*

ਸ਼੍ਰੀਮਤੀ ਗਲੈਡੀ ਨੇ ਆਪਣੇ ਪਤੀ ਡਾ. ਗਰ੍ਹੱਮ ਸਟੇਨਜ਼ ਤੋਂ ਮਗਰੋਂ ਉਸ ਦੇ ਮਿਸ਼ਨਰੀ ਕਾਰਜਾਂ ਨੂੰ ਉਸੇ ਤਰ੍ਹਾਂ ਜਾਰੀ ਰੱਖਿਆ, ਕੋਈ ਢਿੱਲ ਨਹੀਂ ਆਉਣ ਦਿੱਤੀ। ਕਬਾਇਲੀ ਖੇਤਰ ਵਿਚ ਕੋਹੜ ਦੇ ਰੋਗੀਆਂ ਦੀ ਭਲਾਈ ਲਈ ਕੀਤੇ ਕਾਰਜਾਂ ਲਈ ਉਸ ਨੂੰ 2005 ਵਿਚ ਪਦਮ ਸ਼੍ਰੀ ਐਵਾਰਡ ਦਿੱਤਾ ਗਿਆ। ਇਸ ਉਦਾਹਰਨ ਦਾ ਇਹ ਮਤਲਬ ਨਹੀਂ ਕਿ ਇਸਾਈਆਂ ਨੇ ਕਦੀ ਮਨੁੱਖਤਾ ਵਿਰੋਧੀ ਕੰਮ ਨਹੀਂ ਕੀਤੇ ਜਾਂ ਇਸਾਈਅਤ ਕਰਕੇ ਮਨੁੱਖਤਾ ਦਾ ਖ਼ੂਨ ਨਹੀਂ ਡੁਲ੍ਹਿਆ ਜਾਂ

*Original with;*
Jaswant Singh Zafar
*Digitized by;*
Panjab Digital Library

ਸਾਰੇ ਇਸਾਈ ਡਾ. ਗਰ੍ਹਮ ਜਾਂ ਗਲੈਡੀ ਸਟੇਨਜ਼ ਵਰਗੇ ਨੇਕ ਹਨ। ਅਸੀਂ ਜਾਣਦੇ ਹਾਂ ਕਿ ਸਿੱਖਾਂ 'ਤੇ ਸਟੇਨਜ਼ ਪਰਿਵਾਰ ਨਾਲੋਂ ਵੀ ਵੱਡੇ ਅਤੇ ਅਣਗਿਣਤ ਕਹਿਰ ਵਾਪਰੇ ਹਨ, ਅਸਹਿ ਅਤੇ ਅਕਹਿ ਕਸ਼ਟ ਸਹਾਰੇ ਹਨ ਪਰ ਗੁਰੂ ਸਾਹਿਬਾਨਾਂ ਤੋਂ ਮਗਰਲੇ ਸਿੱਖ ਇਤਿਹਾਸ ਵਿਚ ਕਿਸੇ ਵੀ ਦੁਖਦਾਈ ਘਟਨਾ ਮਗਰੋਂ ਕਦੀ ਇਹੋ ਜਿਹਾ ਪ੍ਰਤੀਕਰਮ ਸਾਹਮਣੇ ਨਹੀਂ ਆਇਆ ਜਿਸ ਤਰ੍ਹਾਂ ਦਾ ਅਸੀਂ ਸ਼੍ਰੀਮਤੀ ਗਲੈਡੀ ਦੇ ਲਫ਼ਜ਼ਾਂ ਵਿਚ ਉੱਪਰ ਪੜ੍ਹਿਆ ਹੈ।

•

*Original with;*
Jaswant Singh Zafar
*Digitized by;*
Panjab Digital Library

# ਪ੍ਰੋ. ਮੋਹਨ ਸਿੰਘ ਦਾ ਰੱਬ

ਸਾਵੇ ਪੱਤਰ ਵਾਲੇ ਪ੍ਰੋ. ਮੋਹਨ ਸਿੰਘ ਦੇ ਦਿਹਾਂਤ ਤੋਂ ਬਾਅਦ ਪਿਛਲੇ ਲਗਪਗ 30 ਸਾਲਾਂ ਦੌਰਾਨ ਅਕਸਰ ਵਿਦਵਾਨਾਂ/ਸਮੀਖਿਆਕਾਰਾਂ ਵਲੋਂ ਪ੍ਰੋ. ਮੋਹਨ ਸਿੰਘ ਨੂੰ ਯੁੱਗ-ਕਵੀ ਕਹਿ ਕੇ ਯਾਦ ਕੀਤਾ ਜਾਂਦਾ ਹੈ ਕਿ ਪ੍ਰੋ. ਮੋਹਨ ਸਿੰਘ ਦੀ ਸ਼ਾਇਰੀ ਨਾਲ ਆਧੁਨਿਕ ਜਾਂ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਨਵਾਂ ਯੁੱਗ ਸ਼ੁਰੂ ਹੋਇਆ। ਅੰਮ੍ਰਿਤਾ ਪ੍ਰੀਤਮ ਜੀ ਦੇ ਜੀਵਨ ਦੇ ਮਗਰਲੇ ਦਿਨੀਂ ਕੁੱਝ ਕਾਹਲੀਆਂ ਸੰਸਥਾਵਾਂ ਅਤੇ ਸ਼ਖ਼ਸੀਅਤਾਂ ਵਲੋਂ ਉਹਨਾਂ ਨੂੰ 'ਮਲੇਨੀਅਮ ਦੀ ਕਵਿਤਰੀ' ਦਾ ਖਿਤਾਬ ਦਿੱਤਾ ਗਿਆ ਭਾਵ ਉਹਨਾਂ ਦੀ ਕਵਿਤਾ ਨੂੰ ਸੰਨ 1001 ਤੋਂ ਲੈ ਕੇ ਸੰਨ 2000 ਤੱਕ ਦਸ ਸਦੀਆਂ ਦੇ ਕਾਲ ਦੌਰਾਨ ਰਚੀ ਗਈ ਸਾਰੀ ਕਵਿਤਾ ਚੋਂ ਸਰਬ-ਸ਼੍ਰੇਸ਼ਠ ਐਲਾਨਿਆਂ ਗਿਆ। ਪਰ ਅਜਿਹਾ ਕਰਦਿਆਂ ਇਹ ਖਿਆਲ ਨਹੀਂ ਰੱਖਿਆ ਗਿਆ ਕਿ ਇਸੇ ਸਮੇਂ ਦੌਰਾਨ ਸ਼ੇਖ਼ ਫਰੀਦ, ਗੁਰੂ ਨਾਨਕ, ਗੁਰੂ ਅਰਜਨ, ਭਾਈ ਗੁਰਦਾਸ, ਗੁਰੂ ਗੋਬਿੰਦ ਸਿੰਘ, ਸ਼ਾਹ ਹੁਸੈਨ, ਬੁੱਲੇ ਸ਼ਾਹ, ਵਾਰਿਸ ਸ਼ਾਹ, ਪ੍ਰੋ. ਪੂਰਨ ਸਿੰਘ, ਭਾਈ ਵੀਰ ਸਿੰਘ, ਪ੍ਰੋ: ਮੋਹਨ ਸਿੰਘ ਆਦਿ ਰਚਨਾਕਾਰ ਵੀ ਪੈਦਾ ਹੋਏ ਹਨ। ਅਸਲ ਵਿੱਚ ਮਲੇਨੀਅਮ ਨਿਸਚਿਤ ਕੈਲੰਡਰੀ ਕਾਲ ਹੁੰਦਾ ਹੈ। ਜਿਸ ਕਰਕੇ ਚੰਗੇਰੀ ਭਾਵਨਾ ਨਾਲ ਕੀਤੀ ਇਹ ਜਜ਼ਬਾਤੀ ਖਿਤਾਬਪੋਸ਼ੀ ਹਾਸੋਹੀਣੀ ਲਗਦੀ ਸੀ। ਦੂਜੇ ਪਾਸੇ 'ਯੁੱਗ' ਦੇ ਸ਼ੁਰੂ ਜਾਂ ਖਤਮ ਹੋਣ ਦੀ ਕੋਈ ਤਰੀਕ, ਸਾਲ ਜਾਂ ਸਮਾਂ ਨਿਸਚਿਤ ਨਹੀਂ ਹੁੰਦੇ। ਇਹ ਲੱਖਾਂ, ਹਜ਼ਾਰਾ, ਸੈਂਕੜਿਆਂ ਜਾਂ ਕੁੱਝ ਵਰ੍ਹਿਆਂ ਦਾ ਵੀ ਹੋ ਸਕਦਾ ਹੈ। ਕਿਸੇ ਖਾਸ ਸੰਦਰਭ ਵਿਚ ਕੁੱਝ ਦਹਾਕਿਆਂ ਦੇ ਦੌਰ ਨੂੰ ਸਹਿਜੇ ਹੀ ਯੁੱਗ ਕਹਿ-ਸੁਣ ਲਿਆ ਜਾਂਦਾ ਹੈ।

ਅਸਲ ਵਿੱਚ ਪੰਜਾਬੀ ਕਵਿਤਾ ਦੇ ਦ੍ਰਿਸ਼ 'ਤੇ ਪ੍ਰੋ. ਮੋਹਨ ਸਿੰਘ ਦੀ ਆਮਦ ਤੋਂ ਪਹਿਲਾਂ ਅਤੇ ਮਗਰੋਂ ਦੀ ਸ਼ਾਇਰੀ ਵਿੱਚ ਸਪੱਸ਼ਟ ਨਜ਼ਰ ਆਉਂਦੇ ਅੰਤਰ ਉਹਨਾਂ ਨੂੰ ਯੁੱਗ ਕਵੀ ਅਖਵਾਉਣ ਦੇ ਅਧਿਕਾਰੀ ਬਣਾਉਂਦੇ ਹਨ। ਪਰ ਸਾਹਿਤ ਵਿੱਚ ਨਵੀਨਤਾ ਜਾਂ ਅਧੁਨਿਕਤਾ ਦਾ ਮਤਲਬ ਇਹ ਹਰਗਿਜ਼ ਨਹੀਂ ਹੁੰਦਾ ਕਿ ਪਹਿਲੇ ਸਾਰੇ ਵਿਚਾਰਾਂ, ਵਿਸ਼ਵਾਸਾਂ, ਜੁਗਤਾਂ, ਰਵਾਇਤਾਂ, ਸੰਕਲਪਾਂ ਅਤੇ ਬੋਧ ਨੂੰ ਰੱਦ ਕਰ ਦਿੱਤਾ ਜਾਂਦਾ ਹੈ। ਕਈ ਵਾਰ ਅਧੁਨਿਕਤਾਵਾਦ ਦੀ ਹੋੜ ਜਾਂ

*Original with;*
Jaswant Singh Zafar
*Digitized by;*
Panjab Digital Library

ਫੈਸ਼ਨਪ੍ਰਸਤੀ ਕਾਰਨ ਪ੍ਰੰਪਰਾ ਦੇ ਹਾਜ਼ਰ ਤੱਤ ਵੀ ਗ਼ੈਰਹਾਜ਼ਰ ਲੱਗਣ ਲੱਗ ਜਾਂਦੇ ਹਨ ਜਾਂ ਉਹਨਾਂ ਨੂੰ ਗੈਰਹਾਜ਼ਰ ਸਿੱਧ ਕਰਨ ਦੀ ਰਾਜਨੀਤੀ ਦੇ ਤਹਿਤ ਉਹਨਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਪ੍ਰੋ: ਮੋਹਨ ਸਿੰਘ ਦੇ ਅਧੁਨਿਕ ਬੋਧ ਦੀ ਗੱਲ ਕਰਦਿਆਂ ਉਹਨਾਂ ਦੀ ਸਾਵੇ ਪੱਤਰ ਵਿਚਲੀ ਲੰਮੀ ਕਵਿਤਾ 'ਰੱਬ' ਦੇ ਪਹਿਲੇ ਬੰਦ ਦਾ ਹੀ ਪ੍ਰਮਾਣ ਦਿੱਤਾ ਜਾਂਦਾ ਹੈ:

*ਰੱਬ ਇੱਕ ਗੁੰਝਲਦਾਰ ਬੁਝਾਰਤ*<br>
*ਰੱਬ ਇੱਕ ਗੋਰਖ-ਧੰਦਾ।*<br>
*ਖੋਲ੍ਹਣ ਲੱਗਿਆਂ ਪੇਚ ਏਸ ਦੇ*<br>
*ਕਾਫ਼ਰ ਹੋ ਜਾਏ ਬੰਦਾ।*<br>
*ਕਾਫ਼ਰ ਹੋਣੋਂ ਡਰ ਕੇ ਜੀਵੇਂ*<br>
*ਖੋਜੋਂ ਮੂਲ ਨਾ ਖੁੰਝੀ*<br>
*ਲਾਈਲੱਗ ਮੋਮਨ ਦੇ ਕੋਲੋਂ*<br>
*ਖੋਜੀ ਕਾਫ਼ਰ ਚੰਗਾ।* *(ਰੱਬ)*

ਉੱਪਰੋਕਤ ਬੰਦ ਦਾ ਇਹੀ ਅਰਥ ਕੀਤਾ ਜਾਂਦਾ ਹੈ ਕਿ ਖੋਜੀ ਹੋਣਾ ਨਾਸਤਿਕ ਹੋਣਾ ਹੈ, ਨਵੀਨ ਹੋਣ ਲਈ ਰੈਸ਼ਨਲ ਹੋਣਾ ਲਾਜ਼ਮੀ ਹੈ ਜਾਂ ਪ੍ਰਗਤੀਵਾਦੀ ਅਖਵਾਉਣ ਲਈ ਕੇਵਲ ਤਰਕਸ਼ੀਲ ਹੋਣਾ ਜ਼ਰੂਰੀ ਹੈ। ਪ੍ਰੰਤੂ ਇਸ ਪੂਰੀ ਕਵਿਤਾ ਵਿੱਚ ਪ੍ਰੋ. ਮੋਹਨ ਸਿੰਘ ਰੱਬ ਦੀ ਹਸਤੀ ਦੀ ਖੋਜ ਦੇ ਅਜੇ ਤੱਕ ਸੰਪੂਰਨ ਨਾ ਹੋਣ ਦੀ ਕਹਾਣੀ ਦਰਜ ਕਰਦੇ ਹੋਏ ਇਸ ਦੇ ਸੰਪੂਰਨ ਹੋਣ ਦੀ ਪ੍ਰਾਰਥਨਾ ਕਰਦੇ ਹਨ ਤਾਂ ਕਿ ਵੱਖ-2 ਵਿਧੀਆਂ ਰਾਹੀਂ ਇਸ ਖੋਜ ਵਿੱਚ ਲੱਗਿਆਂ ਵਿਚਲਾ ਵਖਰੇਵਾਂ ਅਤੇ ਤਨਾਓ ਖਤਮ ਹੋ ਜਾਵੇ। ਕਵਿਤਾ ਦੇ ਅਖੀਰ ਵਿਚ ਪ੍ਰੋ. ਮੋਹਨ ਸਿੰਘ ਰੱਬ ਨੂੰ ਸਾਂਝੀਵਾਲਤਾ ਅਤੇ ਸਰਬ-ਪਿਆਰ ਦੇ ਸੰਕਲਪ ਦੇ ਤੌਰ 'ਤੇ ਸਥਾਪਤ ਕਰਦੇ ਹਨ:

*ਇਕ ਘੜੀ ਜੇ ਖੁੱਲ੍ਹਾ ਦੀਦਾਰ ਦੇਵੇਂ*<br>
*ਸਾਡਾ ਨਿੱਤ ਦਾ ਰੇੜਕਾ ਚੁੱਕ ਜਾਵੇ।*<br>
*ਤੇਰੀ ਜ਼ੁਲਫ਼ ਦਾ ਸਾਂਝਾ ਪਿਆਰ ਹੋਵੇ*<br>
*ਝਗੜਾ ਮੰਦਰ ਮਸੀਤ ਦਾ ਮੁੱਕ ਜਾਵੇ।* *(ਰੱਬ)*

ਸਾਡੇ ਮੱਧਕਾਲੀ ਸੁਖ਼ਨਵਰਾਂ ਨੇ ਆਪਣੀ ਰਚਨਾ ਨੂੰ ਬਾਣੀ ਆਖਿਆ ਹੈ ਅਤੇ ਅਸੀਂ ਉਹਨਾਂ ਨੂੰ ਬਾਣੀਕਾਰ ਕਹਿ ਕੇ ਯਾਦ ਕਰਦੇ ਹਾਂ। ਲਗਪਗ ਸਾਰੇ ਬਾਣੀਕਾਰਾਂ ਨੇ ਪ੍ਰਮਾਤਮਾ ਨੂੰ ਆਪਣੀ ਰਚਨਾ ਦਾ ਸਰੋਤ ਕਿਹਾ ਹੈ:

*Original with;*
Jaswant Singh Zafar
*Digitized by;*
Panjab Digital Library

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥ (722, ਮ.1)*

*ਧੁਰ ਕੀ ਬਾਣੀ ਆਈ॥*
*ਤਿਨਿ ਸਗਲੀ ਚਿੰਤ ਮਿਟਾਈ॥ (628, ਮ.5)*

ਲੋਕਾਈ ਅੰਦਰ ਬਾਣੀ ਨੂੰ ਪ੍ਰਚਾਰਨ ਅਤੇ ਸੰਚਾਰਨ ਲਈ ਬਾਣੀਕਾਰਾਂ ਵਲੋਂ ਇਸ ਪ੍ਰਤੀ ਸ਼ਰਧਾ ਪੈਦਾ ਕਰਨ ਨੂੰ ਜ਼ਰੂਰੀ ਸਮਝਿਆ ਗਿਆ। ਜਾਂ ਕਹਿ ਲਈਏ ਕਿ ਲੋਕਾਈ ਅੰਦਰ ਬਾਣੀ ਪ੍ਰਤੀ ਅਸਰਦਾਰ Listening ਪੈਦਾ ਕਰਨ ਲਈ ਇਸਨੂੰ ਵਾਰ-2 ਪ੍ਰਮਾਤਮਾ ਤੋਂ ਆਈ ਹੋਈ ਕਿਹਾ ਗਿਆ ਕਿਉਂਕਿ ਪ੍ਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਸਰਬ-ਸਥਾਪਤ ਸੀ। ਪ੍ਰੋ. ਮੋਹਨ ਸਿੰਘ ਆਪਣੀ ਰਚਨਾ ਨੂੰ 'ਕਵਿਤਾ' ਅਤੇ ਆਪਣੇ ਆਪ ਨੂੰ 'ਕਵੀ' ਆਖਦੇ ਹਨ। ਪਰ ਆਪਣੀ ਕਵਿਤਾ ਦੀ ਉਤਪਤੀ ਬਾਰੇ ਕਹਿੰਦੇ ਉਹ ਵੀ ਇਹੀ ਹਨ ਕਿ ਇਸ ਦਾ ਆਦਿ-ਸਰੋਤ ਰੱਬ ਹੈ:

*ਆਪਣੀ ਜ਼ਾਤ ਵਿਖਾਲਣ ਬਦਲੇ,*
*ਰੱਬ ਨੇ ਹੁਸਨ ਬਣਾਇਆ।*
*ਦੇਖ ਹੁਸਨ ਦੇ ਤਿੱਖੇ ਜਲਵੇ,*
*ਜ਼ੋਰ ਇਸ਼ਕ ਨੇ ਪਾਇਆ।*
*ਫੁਰਿਆ ਜਦੋਂ ਇਸ਼ਕ ਦਾ ਜਾਦੂ,*
*ਦਿਲ ਵਿੱਚ ਕੁੱਦੀ ਮਸਤੀ,*
*ਇਹ ਮਸਤੀ ਜਦ ਬੋਲ ਉਠੀ ਤਾਂ,*
*ਹੜ੍ਹ ਕਵਿਤਾ ਦਾ ਆਇਆ।* *(ਕਵਿਤਾ)*

ਉਹ ਪ੍ਰਮਾਤਮਾ ਦੀ ਹਸਤੀ ਸਬੰਧੀ ਸਰਬ-ਸਥਾਪਤ ਵਿਸ਼ਵਾਸ ਨਾਲ ਆਹਢਾ ਲੈਣ ਦੀ ਬਜਾਏ ਆਪਣੀ ਕਵਿਤਾ ਨੂੰ ਲੋਕ-ਵਿਸ਼ਵਾਸਾਂ ਦੀ ਉਸੇ ਧਰਾਤਲ ਤੋਂ ਲਾਂਚ ਕਰਦੇ ਹਨ ਜਿਸ ਧਰਾਤਲ ਤੋਂ ਬਾਣੀਕਾਰਾਂ ਨੇ ਆਪਣੀ ਬਾਣੀ ਨੂੰ ਲਾਂਚ ਕੀਤਾ ਸੀ। ਪਰ ਪ੍ਰੋ: ਮੋਹਨ ਸਿੰਘ ਦੀ ਨਵੀਨਤਾ ਇਹ ਹੈ ਕਿ ਉਹ ਆਪਣੀ ਰਚਨਾ ਪ੍ਰਤੀ ਸ਼ਰਧਾ ਪੈਦਾ ਕਰਨ ਵਾਲੀ ਜੁਗਤ ਦੀ ਬਜਾਏ ਪੜ੍ਹਨਹਾਰ ਦੀ ਇਸ ਵਿੱਚ ਦਿਲਚਸਪੀ ਪੈਦਾ ਕਰਨ ਕਰਨ ਦੀ ਜੁਗਤ ਵਰਤਦੇ ਹਨ। ਦਿਲਚਸਪੀ ਪੈਦਾ ਕਰਨ ਲਈ ਉਹ ਕਵਿਤਾ ਦੀ ਰੱਬ ਤੋਂ ਕਵੀ ਤੱਕ ਦੀ ਯਾਤਰਾ ਦੇ ਪੜਾਵਾਂ ਅਤੇ ਪ੍ਰਕਿਰਿਆ ਦਾ ਖੁਲਾਸਾ ਕਰਦੇ ਹਨ ਜਦੋਂ ਕਿ ਬਾਣੀਕਾਰ ਬਾਣੀ ਨੂੰ ਪ੍ਰਮਾਤਮਾ ਤੋਂ ਸਿੱਧੀ ਪ੍ਰਾਪਤ ਹੋਈ ਕਹਿ ਕੇ ਇਸ ਪ੍ਰਤੀ ਸ਼ਰਧਾ ਅਤੇ ਆਦਰ ਸਥਾਪਤ ਕਰਦੇ

Original with;
Jaswant Singh Zafar
Digitized by;
Panjab Digital Library

ਹਨ। ਪ੍ਰੋ. ਸਾਹਿਬ ਰੱਬ ਨੂੰ ਕੇਵਲ ਕਵਿਤਾ ਦਾ ਸਰੋਤ ਹੀ ਨਹੀਂ ਆਖਦੇ ਸਗੋਂ ਸਾਰੀ ਸ੍ਰਿਸ਼ਟੀ ਦਾ ਕਰਤਾ ਜਾਂ ਸਾਰੀਆਂ ਜੂਨਾਂ ਨਿਰਧਾਰਤ ਕਰਨ ਵਾਲੀ ਸ਼ਕਤੀ ਮੰਨਣ ਵਾਲੇ ਸਥਾਪਤ ਵਿਸ਼ਵਾਸ ਨੂੰ ਵੀ ਰੱਦ ਨਹੀਂ ਕਰਦੇ:

*ਜੂਨ ਬੰਦੇ ਦੀ ਚੰਗੀ ਹੋਸੀ,*
*ਐ ਪਰ ਮੈਂ ਪਛਤਾਂਦਾ*
*ਚੰਗਾ ਹੁੰਦਾ ਜੇ ਰੱਬ ਮੈਨੂੰ*
*ਜੰਗਲੀ ਫੁੱਲ ਬਣਾਂਦਾ।* *(ਜੰਗਲ ਦਾ ਫੁੱਲ)*

ਪ੍ਰੰਪਰਾਗਤ ਵਿਚਾਰਧਾਰਾ ਜਾਂ ਸਥਾਪਤ ਧਾਰਮਿਕਤਾ ਜਿਸ ਮਨੁੱਖੀ ਜੂਨ ਨੂੰ ਹੋਰ ਸਾਰੀਆਂ ਜੂਨਾਂ ਤੋਂ ਸ੍ਰੇਸ਼ਠ ਮੰਨਦੀ ਹੈ ਇਸ ਧਾਰਮਿਕਤਾ ਦੁਆਰਾ ਸਥਾਪਤ ਕੀਤੀ ਨੈਤਿਕਤਾ ਉਸੇ ਮਨੁੱਖੀ ਜੀਵਨ ਦੇ ਖਿੜਾਉ ਨੂੰ ਦਬਾਅ ਕੇ ਰੱਖਦੀ ਹੈ, ਇਸਦੀ ਆਜ਼ਾਦੀ ਅਤੇ ਸੁੰਦਰਤਾ ਦਾ ਦਮਨ ਕਰਦੀ ਹੈ। ਆਜ਼ਾਦੀ ਅਤੇ ਖਿੜਾਉ ਭਰਪੂਰ ਮਾਨਵੀ ਜੀਵਨ ਤਾਂ ਹੀ ਸੰਭਵ ਹੈ ਜੇ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਝੰਜਟਾਂ ਤੋਂ ਮੁਕਤੀ ਦੇ ਨਾਲ-ਨਾਲ ਨਰਕਾਂ ਦੇ ਕਸ਼ਟਾਂ ਦਾ ਡਰ ਨਾ ਹੋਵੇ, ਕਿਸੇ ਅਣਦੇਖੇ ਸਵਰਗ ਦੇ ਸੁੱਖਾਂ ਦਾ ਲਾਲਚ ਬਾਕੀ ਨਾ ਰਹੇ। ਪ੍ਰੋ. ਮੋਹਨ ਸਿੰਘ ਨਰਕਾਂ ਦੇ ਡਰ ਅਤੇ ਸਵਰਗਾਂ ਦੀ ਝਾਕ ਤੋਂ ਮੁਕਤ ਖੁਸ਼ਹਾਲ ਅਤੇ ਆਨੰਦ ਭਰਪੂਰ ਜੀਵਨ ਨੂੰ ਰੱਬ ਦੀ ਪ੍ਰਾਪਤੀ ਆਖਦੇ ਹਨ:

*ਇਹ ਗਾਧੀ ਬਣੀ ਨਵਾਰੀ*
*ਅੱਗੇ ਵਗਦਾ ਬਲਦ ਹਜ਼ਾਰੀ*
*ਕਰ ਇਸ ਉੱਤੇ ਅਸਵਾਰੀ*
*ਭੁੱਲ ਜਾਵਣ ਦੋਵੇਂ ਜੱਗ ਨੀ*
*ਸਾਡੇ ਖੂਹ ਤੇ ਵੱਸਦਾ ਰੱਬ ਨੀ।* *(ਖੂਹ ਦੀ ਗਾਧੀ ਉੱਤੇ)*

ਪ੍ਰੋ. ਮੋਹਨ ਸਿੰਘ ਰੱਬ ਨਾਲ ਮਿਲਾਪ ਦੀ ਅਜਿਹੀ ਸ਼ਖ਼ਸੀ ਅਤੇ ਜਮਾਤੀ ਵਿਵਸਥਾ ਲਈ ਪਾਖੰਡਾਂ ਅਤੇ ਕਰਮਕਾਡਾਂ ਨੂੰ ਨਕਾਰਦੇ ਹਨ। ਇਸ ਗੀਤ ਦੇ ਅਗਲੇ ਬੰਦਾਂ ਤੋਂ ਪਤਾ ਲੱਗਦਾ ਹੈ ਕਿ ਪ੍ਰੋ. ਮੋਹਨ ਸਿੰਘ ਦਾ ਰੱਬ ਉੱਥੇ ਵੱਸਦਾ ਹੈ ਜਿੱਥੇ ਕਿਰਤ, ਸਫਾਈ, ਸੁੰਦਰਤਾ, ਸੰਗੀਤ, ਧਿਆਨ, ਖੇੜਾ, ਹੁਸਨ, ਚੰਚਲਤਾ, ਸੰਵਾਦ, ਭਾਈਚਾਰਕ ਸਾਂਝ ਅਤੇ ਵਾਤਾਵਰਨ ਦੀ ਸ਼ੁੱਧਤਾ ਜਹੇ ਤੱਤ ਮੌਜੂਦ ਹੋਣ। ਉਹ ਸਥਾਪਤ ਧਾਰਮਿਕ ਮਰਿਯਾਦਾਵਾਂ/ਕਰਮਕਾਂਢਾਂ ਨਾਲ ਪ੍ਰਾਪਤ ਹੋਣ ਵਾਲੇ ਖ਼ਿਆਲੀ ਸੁਰਗ ਦੀ ਚਾਹਤ ਦਾ ਤਿਆਗ ਕਰਦੇ ਹੋਏ ਉੱਪਰੋਕਤ ਤੱਤਾਂ ਨਾਲ ਭਰਪੂਰ ਹਕੀਕੀ ਸਵਰਗ ਨੂੰ ਸਥਾਪਤ ਕਰਦੇ ਹਨ:

Original with;
Jaswant Singh Zafar
Digitized by;
Panjab Digital Library

*ਇੱਥੇ ਘੱਮ-ਘੱਮ ਵਗਣ ਹਵਾਵਾਂ*
*ਅਤੇ ਘੁਮਰੀਆਂ-ਘੁਮਰੀਆਂ ਛਾਵਾਂ*
*ਨੀ ਮੈਂ ਅੱਗ ਸੁਰਗਾਂ ਨੂੰ ਲਾਵਾਂ*
*ਜਦ ਪਏ ਇਥਾਈਂ ਲੱਭ ਨੀਂ*
*ਸਾਡੇ ਖੂਹ ਤੇ ਵੱਸਦਾ ਰੱਬ ਨੀ।*

*ਮੈਂ ਥਾਂ-ਥਾਂ ਟੁੱਭੀ ਲਾਈ*
*ਨਾ ਮੈਲ ਕਿਸੇ ਵੀ ਲਾਹੀ*
*ਸ਼ਾਬਾ ਆਊਲੂ ਦੇ ਆਈ*
*ਜਿਸ ਮੈਲ ਵੰਡਾਈ ਸਭ ਨੀ*
*ਸਾਡੇ ਖੂਹ ਤੇ ਵੱਸਦਾ ਰੱਬ ਨੀ।* *(ਖੂਹ ਦੀ ਗਾਧੀ ਉੱਤੇ)*

ਪ੍ਰੋ. ਮੋਹਨ ਸਿੰਘ ਲਈ ਜਿਸ ਤਰ੍ਹਾਂ ਖੂਹ ਦਾ ਨਜ਼ਾਰਾ ਖੇਤੀਂ ਕੰਮ ਕਰਨ ਵਾਲੇ ਦਾ ਸਵਰਗ ਹੈ ਉਸੇ ਤਰ੍ਹਾਂ ਆਪਣੇ ਪਿਆਰੇ ਮਾਹੀ ਦੇ ਸਾਥ ਵਿਚ ਹੱਸਣ, ਖੇਡਣ, ਨੱਚਣ, ਗਾਉਣ ਅਤੇ ਚਰਖੀ ਕੱਤਣ ਵਾਲੀ ਤ੍ਰੀਮਤ ਲਈ ਵਿਹੜੇ ਵਿਚ ਲੱਗੇ ਅੰਬੀ ਦੇ ਬੂਟੇ ਦੀ ਛਾਂ ਸਵਰਗੀ ਅਨੁਭਵ ਹੈ:

*ਇਕ ਬੂਟਾ ਅੰਬੀ ਦਾ*
*ਘਰ ਸਾਡੇ ਲੱਗਾ ਨੀ*
*ਜਿਸ ਥੱਲੇ ਬਹਿਣਾ ਨੀ*
*ਸੁਰਗਾਂ ਦਾ ਰਹਿਣਾ ਨੀ।* *(ਅੰਬੀ ਦੇ ਬੂਟੇ ਥੱਲੇ)*

ਇਸੇ ਤਰ੍ਹਾਂ ਇਕ ਨਿੱਕੀ ਕਵਿਤਾ ਵਿੱਚ ਉਹ ਰੱਬ ਦੇ ਖਿਆਲੀ ਸੁਰਗ ਦੀ ਹੋਂਦ ਨੂੰ ਨਕਾਰੇ ਬਗੈਰ ਮੁਹੱਬਤ ਭਰੇ ਰਿਸ਼ਤਿਆਂ ਅਤੇ ਮਮਤਾ ਦੀ ਸੰਘਣੀ ਛਾਂ ਨੂੰ ਵੀ ਇਸ ਹਕੀਕੀ ਸਵਰਗ ਦੇ ਜ਼ਰੂਰੀ ਤੱਤਾਂ ਦੀ ਸੂਚੀ ਵਿਚ ਦਰਜ਼ ਕਰਦੇ ਹਨ:

*ਮਾਂ ਵਰਗਾ ਘਣ-ਛਾਵਾਂ ਬੂਟਾ*
*ਮੈਨੂੰ ਨਜ਼ਰ ਨਾ ਆਏ।*
*ਲੈ ਕੇ ਜਿਸ ਤੋਂ ਛਾਂ ਉਧਾਰੀ*
*ਰੱਬ ਨੇ ਸੁਰਗ ਬਣਾਏ।* *(ਮਾਂ)*

ਮੋਹਨ ਸਿੰਘ ਦੀ ਦਿਲਚਸਪੀ ਰੱਬ ਦੇ ਸੰਕਲਪ ਨੂੰ ਨਕਾਰਨ ਜਾਂ ਰੱਦ ਕਰਨ ਵਿਚ ਨਹੀਂ। ਇਸ ਦੇ ਉਲਟ ਉਹ ਮੁਕਾਬਲੇਬਾਜੀ, ਪਦਾਰਥਕ ਦੌੜ ਅਤੇ ਬੇਲੋੜੀ ਸਿਆਣਪ ਭਰੀ ਜ਼ਿੰਦਗੀ ਵਿੱਚ ਬੰਦੇ ਲਈ ਰੱਬ ਦੀ ਵਧੀ ਹੋਈ ਲੋੜ ਨੂੰ

Original with;
Jaswant Singh Zafar
Digitized by;
Panjab Digital Library

ਮਹਿਸੂਸ ਕਰਦੇ ਹਨ। ਉਹਨਾਂ ਦਾ ਰੱਬ ਬੰਦੇ ਨੂੰ ਮੁਕਾਬਲੇਬਾਜੀ ਵਿੱਚ ਅੰਨ੍ਹਾ ਹੋ ਕੇ ਹਿੰਸਕ ਹੋਣ ਤੋਂ ਹੋੜਦਾ ਹੈ ਅਤੇ ਉਸਨੂੰ ਸੱਭਿਅਕ, ਸਹਿਣਸ਼ੀਲ ਅਤੇ ਨਿਮਰ ਬਨਾਉਂਦਾ ਹੈ:

*ਅੱਜ ਓਏ ਜੇ ਕੋਈ ਆਖੇ*
*ਅਸੀਂ ਹੋਈਏ ਲੋਹੇ ਲਾਖੇ*
*ਅੱਜ ਸਾਨੂੰ ਕੋਈ ਜੋ ਘੂਰੇ*
*ਅਸੀਂ ਚੁੱਕ-ਚੁੱਕ ਪਈਏ ਹੂਰੇ*
*ਗਾਲ੍ਹਾਂ ਰਹੀਆਂ ਇੱਕ ਪਾਸੇ*
*ਅਸੀਂ ਝੱਲ ਨਾ ਸਕੀਏ ਹਾਸੇ*
*ਗਲ ਗਲ ਤੇ ਭੱਜੀਏ ਥਾਣੇ*
*ਅਸੀਂ ਭੁੱਲ ਬੈਠੇ 'ਉਹ ਜਾਣੇ'।* *(ਛੱਤੋ ਦੀ ਬੇਗੀ)*

ਇਸ "ਉਹ ਜਣੇ" ਜਾਣੇ ਵਾਲੀ ਸਹਿਜ ਸਿਆਣਪ ਨੂੰ ਉਹ ਇਕ ਹੋਰ ਕਵਿਤਾ ਵਿਚ ਵੀ ਵਡਿਆਉਂਦੇ ਹਨ। ਉਸ ਕਵਿਤਾ ਦੀ ਕਾਵਿ-ਨਾਇਕਾ ਉਹਨਾਂ ਦੀ ਪਤਨੀ ਬਸੰਤ ਰੱਬ (ਕੁਦਰਤ) ਦਾ ਭਾਣਾ ਮੰਨਣ ਦੀ ਗੱਲ ਕਰਦੀ ਹੋਈ ਦਿਲਾਸਾ ਦਿੰਦੀ ਹੈ। ਬਸੰਤ ਦੀ ਇਹ ਸਿਆਣਪ ਕਵੀ ਨੂੰ ਬਹੁਤ ਸੁਖਦ ਅਤੇ ਪਿਆਰੀ ਲੱਗਦੀ ਹੈ:

*ਪੂੰਝ ਅੱਥਰੂ ਮੇਰੇ ਬੋਲੀ*
*"ਜੋ ਰੱਬ ਕਰਦਾ ਚੰਗੀ*
*ਮੋਹਨ! ਕਿੰਜ ਬਣਦਾ ਤੂੰ ਸ਼ਾਇਰ*
*ਜੇਕਰ ਮੈਂ ਨਾ ਮਰਦੀ।"* *(ਬਸੰਤ)*

ਇਸੇ ਤਰ੍ਹਾਂ ਇਕ ਹੋਰ ਕਵਿਤਾ ਵਿਚ ਜੰਗ 'ਚੋਂ ਜਿਉਂਦੇ ਪਰਤੇ ਸਿਪਾਹੀ ਨੂੰ ਉਸ ਦੀ ਪਤਨੀ ਵਲੋਂ "ਰੱਖ ਸਾਈਂ ਦੀ" ਬੁਲਾ ਕੇ ਸ਼ੁਕਰਾਨਾ ਕਰਨਾ ਮੋਹਨ ਸਿੰਘ ਦੇ ਦਿਲ ਨੂੰ ਬਹੁਤ ਛੂੰਹਦਾ ਹੈ:

*ਜੇ ਮੈਂ ਜਿਉਂਦਾ ਜਾਗਦਾ ਪਰਤ ਆਇਆ*
*'ਰੱਖ ਸਾਈਂ ਦੀ' ਮੈਨੂੰ ਬੁਲਾ ਛੱਡੀਂ।* *(ਸਿਪਾਹੀ ਦਾ ਦਿਲ)*

ਮੋਹਨ ਸਿੰਘ ਦਾ ਰੱਬ ਕੁਦਰਤ ਦਾ ਸਹਿਜ ਸੰਚਾਲਕ ਹੈ। ਉਹ ਮਨੁੱਖ ਵਲੋਂ ਬਣਾਏ ਸਮਾਜੀ ਨਿਯਮਾਂ ਅਤੇ ਧਾਰਮਿਕ ਮਰਿਯਾਦਾਵਾਂ ਵਾਂਗ ਕਠੋਰ ਨਹੀਂ। ਉਹ ਇਹਨਾਂ ਨਿਯਮਾਂ, ਮਰਿਯਾਦਾਵਾਂ ਅਤੇ ਨੈਤਿਕਤਾ ਦੀ ਪਾਲਣਾ ਨਾ ਕਰਨ

Original with;
Jaswant Singh Zafar
Digitized by;
Panjab Digital Library

ਵਾਲਿਆਂ ਨੂੰ ਦੰਡਿਤ ਨਹੀਂ ਕਰਦਾ ਸਗੋਂ ਬਖਸ਼ਿੰਦ ਹੈ। ਪਰ ਉਹ ਕੁਦਰਤ ਦੇ ਨਿਯਮਾਂ ਦਾ ਆਦਰ ਨਾ ਕਰਨ 'ਤੇ ਬੰਦੇ ਨੂੰ ਨਹੀਂ ਬਖਸ਼ਦਾ:

*ਰੱਬ ਸਾਰੇ ਗੁਨਾਹੀਆਂ ਨੂੰ ਬਖ਼ਸ਼ ਦਿੰਦਾ*
*ਪਰ ਨਹੀਂ ਬਖ਼ਸ਼ਦਾ ਇਸ਼ਕ ਦੇ ਚੋਰ ਤਾਈਂ।* *(ਬਸੰਤ)*

ਬਾਬੇ ਫਰੀਦ ਵਾਂਗ ਮੋਹਨ ਸਿੰਘ ਦੇ ਰੱਬ ਨੂੰ ਵੀ ਅਮੀਰਾਂ ਦੀ ਚਮਕ ਦਮਕ ਅਤੇ ਠਾਠ ਚੰਗੇ ਨਹੀਂ ਲੱਗਦੇ। ਉਸ ਨੂੰ ਫਕੀਰਾਂ ਦਾ ਗਰੀਬੀ ਵੇਸ ਬਹੁਤ ਪਿਆਰਾ ਹੈ:

*ਲਾਹ ਕੇ ਆਪਣੇ ਜੁੱਸਿਓਂ, ਸਿੱਟੀ ਕਿਸੇ ਫ਼ਕੀਰ*
*ਸਿਰ ਤੇ ਚੁੱਕ ਲਈ ਰੱਬ ਨੇ, ਮਿੱਠੀ ਕਰ ਕੇ ਲੀਰ*
*ਨਾ ਕੁਝ ਉਸ ਦੀ ਜ਼ਰਤ ਸੀ ਨਾ ਕੁਝ ਉਸ ਦੀ ਛੱਬ*
*ਖਬਰੇ ਕਿਹੜੀ ਗੱਲ ਤੇ ਡੁੱਲਿਆ ਭੁੱਖਾ ਰੱਬ।* *(ਬਦਲੋਟੀ)*

ਕਵਿਤਾ 'ਹਵਾ ਦਾ ਜੀਵਨ' ਵਿਚ ਪ੍ਰੋ. ਮੋਹਨ ਸਿੰਘ ਰੱਬ ਨੂੰ ਹਵਾ ਜਿਹਾ ਲਗਾਤਾਰ ਗਤੀਸ਼ੀਲ, ਰੇਤੜ ਵਹੁਣ ਵਰਗਾ ਅਣਖਿਝ ਅਤੇ ਪਹਾੜ ਨਾਲ ਖਹਿਣ ਵਰਗਾ ਦ੍ਰਿੜ ਜੀਵਨ ਦੇਣ ਦੀ ਪ੍ਰਾਰਥਨਾ ਕਰਦੇ ਹਨ। ਨਾਲ ਦੀ ਨਾਲ ਹੋਰ ਲੋਕਾਂ ਦੇ ਦੁੱਖ ਦਰਦ ਨੂੰ ਦੇਖ ਕੇ ਉਹ ਆਪਣੇ ਰੱਬ ਨਾਲ ਨਰਾਜ਼ ਵੀ ਹੁੰਦੇ ਹਨ, ਉਸ ਦੇ ਨਿਜ਼ਾਮ 'ਤੇ ਖ਼ਫ਼ਾ ਵੀ ਹੁੰਦੇ ਹਨ। ਉਹ ਅੰਨ੍ਹੀ ਕੁੜੀ ਨੂੰ ਦੇਖ ਕੇ ਰੱਬ ਨੂੰ ਉਸੇ ਭਾਸ਼ਾ ਅਤੇ ਅੰਦਾਜ਼ ਵਿਚ ਮੁਖਾਤਿਬ ਹੁੰਦੇ ਹਨ ਜਿਸ ਤਰ੍ਹਾਂ ਕਦੀ ਗੁਰੂ ਨਾਨਕ ਬਾਬਰ ਦੇ ਹਮਲੇ ਦੌਰਾਨ ਲੋਕਾਂ ਤੇ ਹੁੰਦੇ ਜ਼ੁਲਮ ਨੂੰ ਦੇਖ ਕੇ ਹੋਏ ਸਨ:

*ਰੱਬਾ ਤੈਨੂੰ ਤਰਸ ਨਾ ਆਇਆ?*
*ਇਹ ਕੀ ਤੂੰ ਨ੍ਹੇਰ ਮਚਾਇਆ?*
*ਰਚ ਕੇ ਐਸਾ ਸੋਹਣਾ ਮੰਦਰ*
*ਇਕ ਦੀਵਾ ਵੀ ਨਾ ਜਗਾਇਆ।* *(ਅੰਨ੍ਹੀ ਕੁੜੀ)*

ਰਹੁ-ਰੀਤਾਂ ਸਬੰਧੀ ਟਿੱਪਣੀ ਕਰਨ ਸਮੇਂ ਗੁਰੂ ਨਾਨਕ ਨੇ ਬਹੁਤ ਕਮਾਲ ਦੀ ਵਿਧੀ ਅਪਣਾਈ ਹੈ। ਉਹ ਮਰਿਯਾਦਾਵਾਂ, ਚਿੰਨ੍ਹਾਂ ਜਾਂ ਸੰਕਲਪਾਂ ਨੂੰ ਭੰਡਣ ਦੀ ਬਜਾਏ ਉਹਨਾਂ ਨੂੰ ਨਵੇਂ ਅਰਥ ਦਿੰਦੇ ਹਨ। ਇਹਨਾਂ ਦੀ significance ਬਦਲ ਦਿੰਦੇ ਹਨ। ਉਹ ਆਖਦੇ ਹਨ ਕਿ ਜਨੇਊ ਗਿਆਨ ਦਾ ਹੋਵੇ, ਵਿਭੂਤੀ ਧਿਆਨ ਦੀ ਹੋਵੇ, ਮਸੀਤ ਮਿਹਰ ਦੀ ਹੋਵੇ, ਕੁਰਾਨ ਹੱਕ-ਹਲਾਲ ਦੀ ਹੋਵੇ। ਇੰਜ ਹੀ ਉਹ ਧਾਰਮਿਕ ਵਿਸ਼ਵਾਸਾਂ ਜਾਂ ਮਿੱਥਾਂ ਨਾਲ ਕਰਦੇ ਹਨ। ਇਕ ਮਿੱਥ ਹੈ ਕਿ ਧਰਤੀ

Original with:
Jaswant Singh Zafar
Digitized by;
Panjab Digital Library

ਬਲਦ ਦੇ ਸਿੰਗ ਤੇ ਟਿਕੀ ਹੋਈ ਹੈ। ਗੁਰੂ ਸਾਹਿਬ ਇਸ ਤੋਂ ਇਨਕਾਰ ਨਹੀਂ ਕਰਦੇ। ਉਹ ਆਖਦੇ ਹਨ ਕਿ ਧਰਤੀ ਟਿਕੀ ਤਾਂ ਬਲਦ ਦੇ ਸਿੰਗ 'ਤੇ ਹੀ ਹੈ ਪਰ ਇਹ ਬਲਦ ਧਰਮ ਦਾ ਹੈ, ਧਰਮ ਜੋ ਦਇਆ 'ਚੋਂ ਪੈਦਾ ਹੁੰਦਾ ਹੈ:

*ਧੌਲੁ ਧਰਮੁ ਦਇਆ ਕਾ ਪੂਤੁ॥* *(13, ਮ.1)*

ਪ੍ਰੋ. ਮੋਹਨ ਸਿੰਘ ਇਸੇ ਮਿੱਥ ਰਾਹੀਂ ਆਪਣੀ ਗੱਲ ਕਰਦੇ ਹਨ ਕਿ ਦੁਨੀਆਂ ਦਾ ਸਾਰਾ ਦਾਰੋਮਦਾਰ ਕਿਰਤ ਦੀ ਸ਼ਕਤੀ ਨਾਲ ਸੰਚਾਲਿਤ ਹੋ ਰਿਹਾ ਹੈ। ਸਾਰਾ ਆਰਥਿਕ ਨਿਜ਼ਾਮ ਕਿਰਤੀਆਂ ਅਤੇ ਮਿਹਨਤੀ ਲੋਕਾਂ ਦੇ ਸਿਰ 'ਤੇ ਖੜ੍ਹਾ ਹੈ:

*ਬੱਲੇ ਬੱਲੇ ਬੱਗਿਆ ਸ਼ੇਰਾ*
*ਅਸ਼ਕੇ ਅਸ਼ਕੇ ਵਗਣਾ ਤੇਰਾ*
*ਤੂੰ ਚਲਦਾ ਤਾਂ ਦੁਨੀਆਂ ਚਲਦੀ*
*ਤੂੰ ਖਲਦਾ ਤੇ ਦੁਨੀਆਂ ਖਲਦੀ*
*ਤੇਰੇ ਵਰਗਾ ਕਿਹੜਾ ਬਲੀ*
*ਜਿਸ ਦੇ ਸਿੰਙ 'ਤੇ ਦੁਨੀਆਂ ਖਲੀ।* *(ਹਾਲੀ ਦਾ ਗੀਤ)*

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪ੍ਰੋ. ਮੋਹਨ ਸਿੰਘ ਲੋਕ-ਮਨ ਅੰਦਰ ਸਥਾਪਤ ਵਿਸ਼ਵਾਸਾਂ, ਸੰਕਲਪਾਂ ਅਤੇ ਮਨੌਤਾਂ ਨੂੰ ਰੱਦਣ ਜਾਂ ਭੰਡਣ ਦੀ ਬਜਾਏ ਉਹਨਾਂ ਨੂੰ ਆਪਣੀ ਗੱਲ ਦੀ ਅਸਰਦਾਰੀ ਲਈ ਮਾਧਿਅਮ ਅਤੇ ਸਾਧਨ ਵਜੋਂ ਵਰਤਦੇ ਹਨ। ਜਦ ਉਹ ਖ਼ਲਕਤ ਨੂੰ ਲੋਕਾਂ ਅਤੇ ਜੋਕਾਂ ਦੇ ਦੋ ਧੜਿਆਂ ਵਿਚ ਵੰਡੀ ਦੇਖਦੇ ਹਨ ਤਾਂ ਲਤਾੜੇ ਜਾਂ ਸ਼ੋਸ਼ਿਤ ਵਰਗ ਨੂੰ ਰੱਬ ਦੀ ਧਿਰ ਆਖਦੇ ਹਨ:

*ਡੰਗਰਾਂ ਵਾਂਗੂੰ ਬੰਦੇ ਰੱਬ ਦੇ*
*ਬੱਘੀਆਂ ਅੱਗੇ ਦੇਖੇ ਵਗਦੇ।* *(ਮੈਂ ਨਹੀਂ ਰਹਿਣਾ ਤੇਰੇ ਗਿਰਾਂ)*

ਇਸ ਤੋਂ ਪਹਿਲਾਂ ਸਾਡੇ ਬਾਣੀਕਾਰਾਂ ਨੇ ਜ਼ੋਰਾਵਰਾਂ ਦੀ ਸੱਤਾ ਦੇ ਜਮੂਦ ਨੂੰ ਤੋੜਨ ਲਈ ਉਹਨਾਂ ਤੋਂ ਉੱਪਰ ਰੱਬ ਦੀ ਸੱਤਾ ਨੂੰ ਸਥਾਪਤ ਅਤੇ ਮਜ਼ਬੂਤ ਕਰਕੇ ਜੋਕਾਂ ਦੇ ਧੜੇ ਦਾ ਮੂੰਹ ਚਿੜਾਇਆ ਸੀ:

*ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ॥*
*(658, ਰਵਿਦਾਸ ਜੀ)*

*ਆਪੇ ਸਿਧ ਸਾਧਿਕੁ ਵੀਚਾਰੀ॥ ਆਪੇ ਰਾਜਨੁ ਪੰਚਾ ਕਾਰੀ॥*
*ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ॥*
*(1022, ਮ.1)*

Original with;
Jaswant Singh Zafar
Digitized by;
Panjab Digital Library

*ਆਪੇ ਰਾਜਨੁ ਆਪੇ ਲੋਗਾ॥ ਆਪਿ ਨਿਰਬਾਣੀ ਆਪੇ ਭੋਗਾ॥*
*ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ॥*
*(97, ਮ.5)*
*ਹਮਰਾ ਰਾਜਨੁ ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ॥*
*(1235, ਮ.5)*

ਪਰ ਮੋਹਨ ਸਿੰਘ ਦਾ ਹਰਿ (ਰੱਬ) ਧਾਰਮਿਕ ਦੀ ਬਜਾਏ ਸੱਭਿਆਚਾਰਕ ਰੰਗ ਦਾ ਹੈ। ਉਹ ਆਪਣੇ ਰੱਬ ਨੂੰ ਰੱਬ ਹੀ ਆਖਦੇ ਹਨ; ਹਰਿ, ਪ੍ਰਭੂ, ਈਸ਼ਵਰ, ਪ੍ਰਮਾਤਮਾ, ਨਿਰੰਕਾਰ ਆਦਿ ਨਹੀਂ ਲਿਖਦੇ। ਉਹਨਾਂ ਨੂੰ ਰੱਬ ਮਜ਼ਹਬੀ ਵਲਗਣਾ ਅੰਦਰ ਵਿਚਰਦਾ ਨਹੀਂ ਦਿਸਦਾ। ਕਿਉਂਕਿ ਉਹਨਾਂ ਦਾ ਰੱਬ ਮਜ਼ਹਬੀ ਨਹੀਂ ਸਗੋਂ ਲੋਕ-ਧਾਰਾਈ ਹੈ, ਸਰਬ ਸਾਂਝਾ ਹੈ। ਜੈਸਾ ਕਿ ਗੁਰੂ ਗੋਬਿੰਦ ਸਿੰਘ ਨੇ ਜਾਪੁ ਸਾਹਿਬ ਵਿਚ ਕਿਹਾ ਹੈ:

*ਨਮਸਤੰ ਅਨਾਮੇ। ਨਮਸਤੰ ਅਠਾਮੇ। ਨਮਸਤੰ ਅਕਰਮੰ। ਨਮਸਤੰ ਅਧਰਮੰ।*

•

*Original with;*
Jaswant Singh Zafar
*Digitized by;*
Panjab Digital Library

# ਜੁੜਦਾ ਫ਼ੈਲਦਾ ਪੰਜਾਬ

ਪ੍ਰਾਚੀਨ ਭਾਰਤੀ ਸਾਹਿਤ ਵਿਚ ਪੰਜਾਬ ਨੂੰ 'ਸਪਤ ਸਿੰਧੂ' ਕਿਹਾ ਗਿਆ ਹੈ। ਇਰਾਨੀ ਸਾਹਿਤ ਵਿਚ ਇਸ ਨੂੰ 'ਹਪਤ ਸਿੰਧੂ' ਕਹਿ ਕੇ ਬੁਲਾਇਆ ਗਿਆ। ਬੋਧੀ ਸਾਹਿਤ ਵਿਚ ਇਸ ਨੂੰ 'ਉੱਤਰਪਥ' ਕਿਹਾ ਗਿਆ ਹੈ। ਵੇਦਾਂ ਵਿਚ ਇਸ ਲਈ 'ਪੰਚਨਦ' ਸ਼ਬਦ ਵਰਤਿਆ ਗਿਆ ਜਿਸ ਨੂੰ ਅਮੀਰ ਖੁਸਰੋ ਨੇ ਬਦਲ ਕੇ 'ਪੰਜ-ਆਬ' ਕਰ ਦਿੱਤਾ। ਪਹਿਲਾਂ ਪੰਜਾਬ ਕੇਵਲ ਇਕ ਇਲਾਕੇ ਦਾ ਨਾਂ ਸੀ ਅਤੇ ਪੰਜਾਬੀ ਇਸ ਇਲਾਕੇ ਵਿਚ ਵਸਣ ਵਾਲੇ ਲੋਕ। ਹੁਣ ਦੁਨੀਆਂ ਵਿਚ ਅਣਗਿਣਤ ਪੰਜਾਬ ਹਨ। ਇਕ ਉਤਰ ਪੱਛਮੀ ਭਾਰਤ ਵਿਚ ਪੰਜਾਬ ਹੈ, ਦੂਸਰਾ ਇਸ ਦੇ ਨਾਲ ਲੱਗਦਾ ਸਰਹੱਦੋਂ ਪਾਰ ਪਾਕਿਸਤਾਨ ਵਿਚ ਹੈ। ਇਧਰਲੇ ਪੰਜਾਬ ਨਾਲ ਲਗਦੇ ਹਰਿਆਣਾ, ਰਾਜਸਥਾਨ, ਹਿਮਾਚਲ, ਜੰਮੂ ਸੂਬਿਆਂ ਵਿਚ ਪੰਜਾਬੀ ਬੋਲਣ ਵਾਲੇ ਇਲਾਕੇ ਵੀ ਪੰਜਾਬ ਹਨ। ਅੱਧੋਂ ਵੱਧ ਦਿੱਲੀ ਵੀ ਪੰਜਾਬ ਹੈ। ਪੰਜਾਬ ਮੁੰਬਈ ਵਿਚ ਵੀ ਹੈ ਅਤੇ ਕੋਲਕਤੇ ਵਿਚ ਵੀ। ਦੂਸਰੇ ਪ੍ਰਾਂਤਾਂ ਵਿਚ ਖੇਤੀ ਲਈ ਜ਼ਮੀਨਾਂ ਆਬਾਦ ਕਰਨ ਲਈ ਗਏ ਪੰਜਾਬੀ ਆਪੋ-ਆਪਣਾ ਪੰਜਾਬ ਵਸਾਈ ਬੈਠੇ ਹਨ। ਇੰਗਲੈਂਡ, ਅਮਰੀਕਾ, ਕੈਨੇਡਾ, ਅਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਿਚ ਵਸਦੇ ਪੰਜਾਬੀਆਂ ਦਾ ਆਪੋ-ਆਪਣਾ ਪੰਜਾਬ ਹੈ। ਦੁਨੀਆਂ ਦਾ ਹੋਰ ਕੋਈ ਭਾਈਚਾਰਾ ਸ਼ਾਇਦ ਇਸ ਕਦਰ ਨਹੀਂ ਪਸਰਿਆ।

ਪੰਜ ਦਰਿਆਵਾਂ ਜਾਂ ਪੰਜ ਦੁਆਬਾਂ ਵਾਲੇ ਖਿੱਤੇ ਵਿਚ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਕਾਰਨਾਂ ਕਰਕੇ ਵੱਖ-ਵੱਖ ਥਾਵਾਂ ਤੋਂ ਵੱਖ-ਵੱਖ ਨਸਲਾਂ, ਬੋਲੀਆਂ, ਸੁਭਾਵਾਂ ਅਤੇ ਧੰਦਿਆਂ ਵਾਲੇ ਲੋਕਾਂ ਦੇ ਮਿਲਣ ਨਾਲ ਪੰਜਾਬ ਬਣਦਾ ਰਿਹਾ ਹੈ। ਹੁਣ ਰੁਜ਼ਗਾਰ, ਵਪਾਰ ਅਤੇ ਹੋਰ ਉਦੇਸ਼ਾਂ ਲਈ ਪੰਜਾਬ ਦੁਨੀਆਂ ਦੀਆਂ ਸਾਰੀਆਂ ਦਿਸ਼ਾਵਾਂ ਵੱਲ ਖਿਲਰ ਰਿਹਾ ਹੈ। ਇਸ ਲਈ ਬੋਲੀ, ਕੰਮਾਂ-ਕਾਰਾਂ ਅਤੇ ਰਹਿਣ ਸਹਿਣ ਦੀ ਵੰਨ-ਸੁਵੰਨਤਾ ਹਮੇਸ਼ਾ ਬਣੀ ਰਹੀ ਹੈ। ਹੁਣ ਦੇ ਵੱਖ-ਵੱਖ ਪੰਜਾਬਾਂ ਦੇ ਭੁਗੋਲਕ, ਸਮਾਜਕ, ਆਰਥਿਕ ਅਤੇ ਰਾਜਸੀ ਹਾਲਤ ਵੱਖੋ-ਵੱਖਰੇ ਹਨ। ਪੰਜਾਬ ਦੀ ਬੋਲੀ ਵੀ ਵੰਨ-ਸੁਵੰਨੀ ਰਹੀ ਹੈ। ਇਸ ਦੇ ਅਨੇਕਾਂ ਰੰਗ-ਰੂਪ ਹਨ। ਪੋਠੋਹਾਰੀ, ਝਾਂਗੀ ਅਤੇ ਸਰਾਇਕੀ ਮੁੱਖ ਤੌਰ 'ਤੇ ਪਾਕਿਸਤਾਨ ਵਾਲੇ ਪਾਸੇ ਰਹਿ ਗਈਆਂ ਹਨ। ਇਧਰਲੇ ਪਾਸੇ ਮਲਵਈ, ਡੋਗਰੀ, ਪਹਾੜੀ, ਪੁਆਧੀ ਆਦਿ

Original with;
Jaswant Singh Zafar
Digitized by;
Panjab Digital Library

ਪੰਜਾਬ ਦੀ ਬੋਲੀ ਦੇ ਵਿਭਿੰਨ ਰੰਗ ਹਨ। ਸੰਸਾਰ ਦੇ ਸਭ ਤੋਂ ਪੁਰਾਣੇ ਲਿਖਤ ਸਾਹਿਤ ਭਾਵ ਰਿਗ ਵੇਦ ਦੀ ਰਚਨਾ ਪੰਜਾਬ ਵਿਚ ਹੋਈ।

ਪੰਜਾਬ ਬਹੁਤ ਸਾਰੀਆਂ ਚੀਜ਼ਾਂ ਦਾ ਮਿਲਣ ਅਤੇ ਖਿਲਰਨ ਬਿੰਦੂ ਹੈ। ਸੂਫੀ ਸੰਤ ਬਾਬਾ ਫਰੀਦ ਨੂੰ ਪੰਜਾਬੀ ਜ਼ੁਬਾਨ ਦਾ ਮੋਢੀ ਕਵੀ ਮੰਨਿਆਂ ਜਾਂਦਾ ਹੈ। ਪਰ ਉਨਾਂ ਦੇ ਪੁਰਖੇ ਬਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਕਾਬਲ ਤੋਂ ਆ ਕੇ ਪੰਜਾਬ ਵਸੇ ਸਨ। ਜਵਾਨੀ ਵਿਚ ਗਿਆਨ ਹਾਸਲ ਕਰਨ ਲਈ ਉਹਨਾਂ ਬਗ਼ਦਾਦ, ਕੰਧਾਰ, ਗਜ਼ਨੀ, ਖੁਰਾਸਾਨ, ਬੁਖਾਰਾ ਅਤੇ ਤੁਰਕੀ ਦੀ ਪੈਦਲ ਯਾਤਰਾ ਕੀਤੀ। ਇਸਲਾਮ ਦੇ ਸਾਰੇ ਰੰਗਾਂ-ਢੰਗਾਂ ਨੂੰ ਜਾਨਣ ਦੇ ਨਾਲ-ਨਾਲ ਇਸਾਈਅਤ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਇਸ ਪ੍ਰਭਾਵ ਅਧੀਨ ਆਪ ਪੰਜਾਬ ਲਈ ਨਵੇਂ ਸੰਦੇਸ਼ ਲੈ ਕੇ ਆਏ।

ਗੁਰੂ ਨਾਨਕ ਦਾ ਟਿਕਾਣਾ ਪੰਜਾਬ ਦੇ ਕੇਂਦਰ ਵਿਚ ਸੀ। ਉਹਨਾਂ ਪੰਜਾਬੋਂ ਬਾਹਰ ਚਾਰਾਂ ਦਿਸ਼ਾਵਾਂ ਵਿਚ ਪੈਦਲ ਚਾਰ ਲੰਮੀਆਂ ਯਾਤਰਾਵਾਂ ਕੀਤੀਆਂ। ਇਹਨਾਂ ਯਾਤਰਾਵਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ। ਪਹਿਲੀ ਉਦਾਸੀ ਪੂਰਬ ਦਿਸ਼ਾ ਦੀ ਹੋਈ। ਉਹ ਕੁਰਕਸ਼ੇਤਰ, ਹਰਿਦੁਆਰ, ਮਥਰਾ, ਬ੍ਰਿੰਦਾਬਨ, ਅਯੁੱਧਿਆ, ਬਨਾਰਸ, ਗਯਾ, ਢਾਕਾ, ਜਗਨ ਨਾਥ ਪੁਰੀ ਆਦਿ ਥਾਵਾਂ 'ਤੇ ਗਏ। ਹਿੰਦੂ ਧਰਮ ਦੇ ਮੁਖੀਆਂ ਅਤੇ ਵਿਦਵਾਨਾਂ ਨਾਲ ਵਿਚਾਰ ਚਰਚਾ ਹੋਈ। ਇਸ ਦੌਰਾਨ ਉਹਨਾਂ ਕਬੀਰ ਜੀ, ਰਵਿਦਾਸ ਜੀ, ਰਾਮਾਨੰਦ ਜੀ, ਜੈਦੇਵ ਜੀ, ਸੈਣ ਜੀ ਆਦਿ ਦੀ ਬਾਣੀ ਇਕੱਠੀ ਕੀਤੀ। ਦੂਸਰੀ ਉਦਾਸੀ ਦੌਰਾਨ ਉਹ ਦੱਖਣ ਦਿਸ਼ਾ ਵੱਲ ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਪਾਂਡੀਚਰੀ ਤੋਂ ਹੁੰਦੇ ਹੋਏ ਲੰਕਾ ਤੱਕ ਗਏ। ਜੈਨ ਅਤੇ ਬੁੱਧ ਧਰਮ ਦੇ ਕੇਂਦਰਾਂ 'ਤੇ ਜਾ ਕੇ ਜੈਨੀ ਅਤੇ ਬੋਧੀ ਅਚਾਰੀਆਂ ਨਾਲ ਵਾਰਤਾਲਾਪ ਕੀਤੀ। ਇਸ ਦੌਰਾਨ ਨਾਮਦੇਵ ਜੀ, ਤਰਲੋਚਨ ਜੀ ਅਤੇ ਪਰਮਾਨੰਦ ਜੀ ਦੀ ਬਾਣੀ ਪ੍ਰਾਪਤ ਕੀਤੀ। ਤੀਸਰੀ ਉਦਾਸੀ ਦੌਰਾਨ ਪਾਕ ਪਟਨ ਤੋਂ ਬਾਬਾ ਫਰੀਦ ਦੀ ਬਾਣੀ ਪ੍ਰਾਪਤ ਕਰਦੇ ਹੋਏ ਉੱਤਰ ਦਿਸ਼ਾ ਵਿਚ ਹਿਮਾਲਾ ਪਰਬਤ ਵਿਚ ਵਿਚਰੇ ਅਤੇ ਜੰਮੂ, ਕਸ਼ਮੀਰ, ਗੜ੍ਹਵਾਲ, ਤਿੱਬਤ, ਭੂਟਾਨ ਅਤੇ ਨੇਪਾਲ ਗਏ। ਇਸ ਦੌਰਾਨ ਉਹਨਾਂ ਦੀ ਸਿੱਧਾਂ ਨਾਲ ਗੋਸ਼ਿਟ ਹੋਈ। ਚੌਥੀ ਉਦਾਸੀ ਸਿੰਧ ਦੇ ਰਸਤਿਓਂ ਮੱਕੇ ਤੱਕ ਕੀਤੀ। ਇਸਲਾਮ ਦੇ ਕੇਂਦਰਾਂ 'ਤੇ ਗਏ ਅਤੇ ਇਸਲਾਮੀ ਆਲਮਾ ਨਾਲ ਵਿਚਾਰ ਵਟਾਂਦਰਾ ਕੀਤਾ। ਇਸੇ ਦੌਰਾਨ ਸਿੰਧ ਵਾਸੀ ਸਧਨਾ ਜੀ ਦੀ ਬਾਣੀ ਲੈ ਕੇ ਆਏ। ਇਸ ਤਰ੍ਹਾਂ ਇਕੱਠੀ ਕੀਤੀ ਬਾਣੀ ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗਰੰਥ ਵਿਚ ਦਰਜ ਕਰਕੇ ਪ੍ਰਕਾਸ਼ਤ ਕੀਤਾ। ਗੁਰੂ ਨਾਨਕ ਨੇ ਭਾਰਤ ਦੇ ਧੁਰ ਉੱਤਰ ਅਤੇ ਪੂਰਬ ਤੋਂ ਲੈ ਕੇ ਏਸ਼ੀਆ ਦੇ ਧੁਰ ਦੱਖਣ ਅਤੇ ਪੱਛਮ ਤੱਕ ਦੇ ਇਲਾਕਿਆਂ ਵਿਚ ਜਾ ਕੇ ਉਹਨਾਂ ਤੋਂ

*Original with;*
Jaswant Singh Zafar
*Digitized by;*
Panjab Digital Library

ਪਹਿਲੀਆਂ ਤਿੰਨ ਸਦੀਆਂ ਦੌਰਾਨ ਰਚੇ ਗਏ ਗੁਰਮਤਿ ਕਾਵਿ ਅਤੇ ਗਿਆਨ ਨੂੰ ਇਕੱਠਾ ਕਰਕੇ ਪੰਜਾਬ ਨੂੰ ਇਸ ਦਾ ਮਿਲਣ ਬਿੰਦੂ ਬਣਾ ਦਿੱਤਾ। ਇਸ ਤਰ੍ਹਾਂ ਪੰਜਾਬ ਗੁਰਮਤਿ ਜਾਂ ਸਿੱਖੀ ਦੇ ਕੇਂਦਰ ਵਜੋਂ ਸਥਾਪਤ ਹੋ ਗਿਆ।

ਪੰਜਾਬ ਨੂੰ ਖਾਲਸੇ ਦੀ ਜਨਮ ਭੂਮੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਪੰਜਾਬ ਦੀ ਧਰਤੀ ਤੇ ਅਨੰਦਪੁਰ ਸਾਹਿਬ ਵਿਖੇ ਪੰਜ ਪਿਆਰੇ ਥਾਪ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਹਨਾਂ ਪੰਜਾਂ ਵਿਚੋਂ ਕੋਈ ਵੀ ਸਾਡੇ ਹੁਣ ਵਾਲੇ ਏਧਰਲੇ ਪੰਜਾਬ ਦਾ ਵਾਸੀ ਨਹੀਂ ਸੀ। ਇਹ ਸਾਰੇ ਵੱਖ-ਵੱਖ ਜਾਤਾਂ ਨਾਲ ਸਬੰਧਤ ਵੱਖ-ਵੱਖ ਬੋਲੀਆਂ ਵਾਲੇ ਦੂਰ-ਦੁਰਾਡੇ ਇਲਾਕਿਆਂ ਤੋਂ ਆਏ ਸਨ:

| | | |
|---|---|---|
| 1. | ਭਾਈ ਦਇਆ ਸਿੰਘ | ਲਹੌਰ ਦੇ ਖੱਤਰੀ |
| 2. | ਭਾਈ ਧਰਮ ਸਿੰਘ | ਮੇਰਠ ਦੇ ਜੱਟ |
| 3. | ਭਾਈ ਹਿੰਮਤ ਸਿੰਘ | ਜਗਨ ਨਾਥ ਪੁਰੀ ਦੇ ਝਿਉਰ |
| 4. | ਭਾਈ ਮੋਹਕਮ ਸਿੰਘ | ਗੁਜਰਾਤ ਦੇ ਛੀਂਬੇ |
| 5. | ਭਾਈ ਸਾਹਿਬ ਸਿੰਘ | ਬਿਦਰ ਦੇ ਨਾਈ |

ਇਸ ਤਰ੍ਹਾਂ ਪੰਜਾਬ ਤੋਂ ਦੂਰ-ਦੂਰ ਤੱਕ ਫੈਲੀ ਸਿੱਖੀ ਦੀ ਵੰਨ-ਸੁਵੰਨਤਾ ਨੇ ਪੰਜਾਬ ਵਿਚ ਇਕ ਜੁੱਟ ਹੋ ਕੇ ਖਾਲਸੇ ਦਾ ਰੂਪ ਧਾਰਿਆ। ਹੁਣ ਦੁਨੀਆਂ ਦੇ ਹਰ ਕੋਨੇ ਵਿਚ ਬਣੇ ਗੁਰਦੁਆਰੇ ਸਿੱਖੀ ਦੇ ਮਾਧਿਅਮ ਰਾਹੀਂ ਦੁਨੀਆਂ ਭਰ ਵਿਚ ਪੰਜਾਬ ਦੀ ਹਾਜ਼ਰੀ ਦੇ ਸੂਚਕ ਹਨ। ਦੁਨੀਆਂ ਦੇ ਹਰ ਕੋਨੇ ਵਿਚ ਪੰਜਾਬੀਆਂ ਦੀ ਹਾਜ਼ਰੀ ਕਾਰਨ ਹੁਣ ਪੰਜਾਬੀ ਨੂੰ ਪੰਜਾਂ ਦਰਿਆਵਾਂ ਦੀ ਬਜਾਏ ਸੱਤਾਂ ਸਮੁੰਦਰਾਂ ਦੀ ਬੋਲੀ ਕਹਿ ਕੇ ਮਾਣ ਕੀਤਾ ਜਾਣ ਲੱਗਾ ਹੈ।

ਕਈ ਖੇਤਰਾਂ ਵਿਚ ਪੰਜਾਬੀਆਂ ਨੂੰ ਪ੍ਰਸਿੱਧੀ ਜਾਂ ਕਾਮਯਾਬੀ ਹਾਸਲ ਕਰਨ ਲਈ ਪੰਜਾਬੋਂ ਬਾਹਰ ਜਾਣਾ ਹੀ ਪੈਂਦਾ ਹੈ। ਮਿਸਾਲ ਦੇ ਤੌਰ 'ਤੇ ਸੰਸਾਰ ਪ੍ਰਸਿੱਧ ਪੰਜਾਬੀ ਚਿਤਰਕਾਰ ਸ਼੍ਰੀ ਮਨਜੀਤ ਬਾਵਾ, ਸ਼੍ਰੀ ਸਤੀਸ਼ ਗੁਜਰਾਲ ਅਤੇ ਸ਼੍ਰੀ ਸਿਧਾਰਥ ਦਿੱਲੀ ਜਾ ਵਸੇ। ਸ. ਸੋਭਾ ਸਿੰਘ ਹਿਮਾਚਲ ਦੇ ਐਨ੍ਹ ਕੇਂਦਰ ਵਿਚ ਅੰਦਰੇਟੇ ਰਹਿਣ ਲੱਗੇ। ਪੰਜਾਬ ਦੇ ਖਿਲਰਨ ਦੀ ਇਕ ਹੋਰ ਵੀ ਉਘੜਵੀਂ ਉਦਾਹਰਨ ਹੈ। 1947 ਤੋਂ ਪਹਿਲਾਂ ਉਤਰੀ ਭਾਰਤ ਵਿਚ ਫਿਲਮ ਇੰਡਸਟਰੀ ਦਾ ਕੇਂਦਰ ਲਾਹੌਰ ਸੀ। ਪਰ ਵੰਡ ਤੋਂ ਬਾਅਦ ਲਹੌਰ ਪਾਕਿਸਤਾਨ ਵਿਚ ਚਲਾ ਗਿਆ ਅਤੇ ਫਿਲਮ ਜਗਤ ਨਾਲ ਜੁੜੇ ਇਧਰਲੇ ਸੈਂਕੜੇ ਪੰਜਾਬੀ ਕਲਾਕਾਰਾਂ ਨੂੰ ਬੰਬਈ ਜਾਣਾ ਪਿਆ ਜਿਥੇ ਉਹਨਾਂ ਆਪਣੀ ਸਫ਼ਲਤਾ ਅਤੇ ਪ੍ਰਸਿੱਧੀ ਦੀਆਂ ਨਵੀਆਂ ਉਚਾਈਆਂ ਛੋਹੀਆਂ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਤੇ ਪਾਲਣ-ਪੋਸਨ ਬਿਹਾਰ ਦੇ

Original with;
Jaswant Singh Zafar
Digitized by;
Panjab Digital Library

ਸ਼ਹਿਰ ਪਟਨੇ ਵਿਚ ਹੋਇਆ। ਮਗਰਲੇ ਸਮੇਂ ਉਹ ਪੰਜਾਬ ਛੱਡ ਕੇ ਦੱਖਣੀ ਭਾਰਤ ਚਲੇ ਗਏ। ਉਹਨਾਂ ਦੇ ਆਦੇਸ਼ 'ਤੇ ਪੰਜਾਬ ਵਿਚ ਵੱਡੀ ਕ੍ਰਾਂਤੀ ਲਿਆਉਣ ਵਾਲੇ ਬੰਦਾ ਸਿੰਘ ਬਹਾਦਰ ਵੀ ਦੱਖਣ ਭਾਰਤ ਤੋਂ ਆਏ ਸਨ। ਬੰਦਾ ਬਹਾਦਰ ਦੀ ਆਮਦ ਤੋਂ ਪਹਿਲਾਂ ਪੰਜਾਬ ਮੁਗਲ ਸਾਮਰਾਜ ਦੇ ਅਧੀਨ ਸੀ। ਪੰਜਾਬ ਦੇ ਵੱਖ-ਵੱਖ ਸੂਬੇ ਅਤੇ ਰਿਆਸਤਾਂ ਵੱਖ-ਵੱਖ ਰਾਜਿਆਂ ਜਾਂ ਸੂਬੇਦਾਰਾਂ ਦੇ ਅਧੀਨ ਸਨ। ਅੱਗੋਂ ਜ਼ਮੀਨਾਂ ਦੇ ਵੱਡੇ-ਵੱਡੇ ਟੁਕੜਿਆਂ 'ਤੇ ਜਿਮੀਂਦਾਰ ਕਾਬਜ਼ ਸਨ। ਖੇਤਾਂ ਵਿਚ ਕੰਮ ਕਰਨ ਵਾਲੇ ਕਿਸਾਨਾਂ ਨੂੰ ਹੱਡ-ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਪੇਟ ਭਰ ਰੋਟੀ ਨਸੀਬ ਨਹੀਂ ਸੀ ਹੁੰਦੀ। ਬੰਦਾ ਸਿੰਘ ਨੇ ਪੰਜਾਬ ਦੇ ਅਜਿਹੇ ਪ੍ਰਬੰਧ ਨੂੰ ਖਤਮ ਕਰਕੇ ਜ਼ਮੀਨਾਂ ਦੀ ਮਾਲਕੀ ਹਲ ਵਾਹੁਣ ਵਾਲੇ ਕਿਸਾਨਾਂ ਦੇ ਨਾਂ ਕਰ ਦਿੱਤੀ। ਜਮਨਾ ਤੋਂ ਲੈ ਕੇ ਰਾਵੀ ਤੱਕ ਪੰਜਾਬ ਆਜ਼ਾਦ ਕਿਸਾਨੀ ਦਾ ਠਾਠਾਂ ਮਾਰਦਾ ਸਮੁੰਦਰ ਬਣ ਗਿਆ ਸੀ। ਨੀਵੀਂ ਸਮਝੀ ਜਾਂਦੀ ਜਾਤ ਦਾ ਵਿਅਕਤੀ ਬੰਦੇ ਬਹਾਦਰ ਦੇ ਸੰਗਠਨ ਵਿਚ ਖਾਲੀ ਹੱਥ ਸ਼ਾਮਲ ਹੁੰਦਾ ਸੀ ਅਤੇ ਘਰ ਪਰਤਣ ਸਮੇਂ ਉਸ ਕੋਲ ਜ਼ਮੀਨ ਮਾਲਕੀ ਦਾ ਪ੍ਰਵਾਨਾ ਹੁੰਦਾ ਸੀ ਅਤੇ ਪੁਰਾਣੇ ਧਨੀ ਉਸ ਦਾ ਹੱਥ ਬੰਨ੍ਹ ਕੇ ਸੁਆਗਤ ਕਰਦੇ ਸਨ। ਬੰਦੇ ਬਹਾਦਰ ਵਲੋਂ ਜਾਤ ਪ੍ਰਥਾ ਖਤਮ ਕਰਨ ਲਈ ਉਠਾਏ ਕਦਮਾਂ ਨਾਲ ਸ਼ੂਦਰਾਂ ਲਈ ਕਸ਼ੱਤਰੀ ਹੋਣ ਦਾ ਰਸਤਾ ਖੁੱਲ੍ਹਿਆ। ਪੀੜ੍ਹੀ ਦਰ ਪੀੜ੍ਹੀ ਚਲਦੇ ਜਾਤ ਅਧਾਰਿਤ ਕਿੱਤਿਆਂ ਦੀ ਪਾਬੰਦੀ ਘਟ ਗਈ ਸੀ।

ਸਿੰਧ ਘਾਟੀ ਦੀ ਸੱਭਿਅਤਾ ਨਾਲ ਸਬੰਧਤ ਖੁਦਾਈਆਂ ਤੋਂ ਮਗਰੋਂ ਇਹ ਸਮਝਿਆ ਜਾਣ ਲੱਗਾ ਕਿ ਪੰਜਾਬ ਦੇ ਮੂਲ ਨਿਵਾਸੀ ਦਰਾਵੜ ਸਨ ਜਿੰਨ੍ਹਾਂ ਨੂੰ ਖਦੇੜ ਕੇ ਆਰੀਅਨ ਲੋਕ ਕਾਬਜ਼ ਹੋ ਗਏ। ਜਾਤ ਪ੍ਰਥਾ ਵੀ ਆਰੀਅਨ ਲੋਕਾਂ ਦੀ ਦੇਣ ਮੰਨੀ ਗਈ। ਪਰ ਨਵੀਆਂ ਖੋਜਾਂ ਨਾਲ ਇਹ ਪਤਾ ਲੱਗਾ ਹੈ ਕਿ ਇਹਨਾਂ ਦੋਹਾਂ ਤੋਂ ਪਹਿਲਾਂ ਪੰਜਾਬ ਵਿਚ ਦੁਨੀਆਂ ਦੀਆਂ ਹੋਰ ਬਹੁਤ ਸਾਰੀਆਂ ਥਾਵਾਂ ਤੋਂ ਆ ਕੇ ਲੋਕ ਵਸੇ ਹੋਏ ਸਨ ਅਤੇ ਜਾਤ ਪ੍ਰਥਾ ਵੀ ਬਹੁਤ ਪਹਿਲਾਂ ਦੀ ਹੈ। ਖੋਜਾਂ ਦਸਦੀਆਂ ਹਨ ਕਿ ਹੜੱਪਾ ਤੋਂ ਪਹਿਲਾਂ ਵੀ ਇਥੇ ਬਹੁਤ ਸਾਰੇ ਵਿਕਸਤ ਸ਼ਹਿਰ ਸਨ ਅਤੇ ਇਥੇ 'ਅਮਰੀ' ਨਾਂ ਦੀ ਸੱਭਿਅਤਾ ਸੀ। ਦਰਾਵੜ ਕਬੀਲੇ ਤਾਂ 2500 ਪੂਰਬ ਈਸਾ ਦੇ ਕਰੀਬ ਇਸ ਖਿੱਤੇ ਵਿਚ ਬਾਹਰੋਂ ਪ੍ਰਵੇਸ਼ ਕੀਤੇ ਸਨ। ਉਸ ਸਮੇਂ ਸਿੰਧ ਘਾਟੀ ਦੀ ਸੱਭਿਅਤਾ ਜੋਬਨ 'ਤੇ ਸੀ। ਆਰੀਆ ਤੋਂ ਪਹਿਲਾਂ ਬਲੋਚਸਤਾਨ, ਇਰਾਨ ਅਤੇ ਹੋਰ ਕਈ ਥਾਵਾਂ ਤੋਂ ਅਨੇਕਾਂ ਨਸਲਾਂ ਦੇ ਸਮੂਹ ਇਥੇ ਆ ਕੇ ਵਸ ਚੁੱਕੇ ਸਨ। ਆਰੀਆ ਲੋਕਾਂ ਨੇ ਜਦੋਂ ਪੰਜਾਬ ਤੇ ਹਮਲਾ ਕੀਤਾ ਤਾਂ ਇਥੇ ਸੀਥੀਆ ਨਸਲ ਦੇ ਲੋਕ ਵੀ ਵੱਡੀ ਗਿਣਤੀ 'ਚ ਵਸਦੇ ਸਨ ਜੋ ਏਸ਼ੀਆ ਦੇ ਉਤਰੀ ਭਾਗਾਂ ਤੋਂ ਆਏ ਹੋਏ ਸਨ। ਇਹ ਜੰਗਜੂ ਅਤੇ ਕਿਰਤੀ ਲੋਕ ਸਨ। ਇਹਨਾਂ ਦੀਆਂ

Original with:
Jaswant Singh Zafar
Digitized by;
Panjab Digital Library

ਅਨੇਕਾਂ ਸ਼ਾਖਾਵਾਂ ਸਨ, ਜਿਵੇਂ ਤਾਤਾਰ, ਸਾਕਾ, ਤਕਸ਼ਕ, ਪਾਰਥੀਅਨ, ਹੂੰਣ ਆਦਿ। ਆਰੀਆ ਤੋਂ ਬਾਅਦ ਭਾਰਤ ਵਿਚ ਪ੍ਰਵੇਸ਼ ਕਰਨ ਵਾਲੀ ਹਰ ਬਾਹਰਲੀ ਨਸਲ ਨੇ ਆਪਣਾ ਪਹਿਲਾ ਕਦਮ ਇਸ ਖਿੱਤੇ ਵਿਚ ਰੱਖਿਆ ਜਿਵੇਂ ਮੇਡ, ਅਭੀਰ, ਮੁਗਲ ਆਦਿ। ਇਸ ਤਰ੍ਹਾਂ ਪੰਜਾਬ ਅਨੇਕਾਂ ਨਸਲਾਂ, ਕਬੀਲਿਆਂ, ਜਾਤਾਂ, ਵਿਸ਼ਵਾਸਾਂ, ਸੰਘਰਸ਼ਾਂ ਦੇ ਜੋੜ ਨਾਲ ਬਣਿਆ ਹੈ ਅਤੇ ਲਗਾਤਾਰ ਅਨੇਕਾਂ ਦਿਸ਼ਾਵਾਂ 'ਚ ਫੈਲਦਾ ਰਿਹਾ ਹੈ। ਸ੍ਰੀ ਸਤਨਾਮ ਚਾਨਾ ਨੇ ਆਪਣੀ ਪੁਸਤਕ 'ਸਿੱਖ ਫਲਸਫ਼ੇ ਦਾ ਰਾਜਨੀਤਕ ਏਜੰਡਾ ਤੇ ਪੰਜਾਬ ਕਮਿਊਨ' ਵਿਚ ਇਸ ਬਾਰੇ ਬਹੁਤ ਖੋਜ ਅਤੇ ਵਿਸਥਾਰ ਨ਼ਾਲ ਜਾਣਕਾਰੀ ਦਿੱਤੀ ਹੈ।

ਹੁਣ ਵੀ ਪੰਜਾਬ ਖੇਤੀਬਾੜੀ, ਕਾਰਖਾਨੇ, ਮਕਾਨ ਉਸਾਰੀ ਅਤੇ ਹਰ ਤਰ੍ਹਾਂ ਦੀ ਸਫਾਈ ਦੇ ਕੰਮਾਂ ਲਈ ਭਾਰਤ ਦੇ ਦੂਸਰੇ ਰਾਜਾਂ ਉੱਤਰ ਪ੍ਰਦੇਸ਼, ਬਿਹਾਰ, ਉੜੀਸਾ, ਮੱਧ ਪ੍ਰਦੇਸ਼ ਆਦਿ ਦੇ ਕਿਰਤੀਆਂ ਦੀ ਆਮਦ ਲਈ ਲਗਾਤਾਰ ਤਾਂਘਦਾ ਰਹਿੰਦਾ ਹੈ। ਦੂਜੇ ਪਾਸੇ ਪੰਜਾਬ ਦੇ ਕਿਸਾਨਾਂ, ਹੁਨਰਮੰਦਾਂ, ਦਸਤਕਾਰਾਂ ਅਤੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਪੰਜਾਬ ਛੱਡ ਕੇ ਬਾਹਰਲੇ ਦੇਸ਼ਾਂ ਵਿਚ ਜਾ ਵਸਣ ਲਈ ਉਤਾਵਲੀ ਰਹਿੰਦੀ ਹੈ। ਪੰਜਾਬ ਦਾ ਜੁੜ-ਜੁੜ ਕੇ ਬਣਨਾ ਅਤੇ ਟੁੱਟ-ਟੁੱਟ ਕੇ ਫੈਲਣਾ ਜਾਰੀ ਹੈ।

•

*Original with;*
Jaswant Singh Zafar
*Digitized by;*
Panjab Digital Library

# ਆਪਣੀ ਬੋਲੀ, ਆਪਣੀ ਤਰੱਕੀ

ਹੁਣ ਆਪਣੀ ਗੱਲ ਬਹੁਤ ਸਾਲ ਪਹਿਲਾਂ ਲਿਖੀ ਕਵਿਤਾ 'ਪੰਛੀ' ਨਾਲ ਸ਼ੁਰੂ ਕਰਨ ਨੂੰ ਜੀਅ ਕਰਦਾ ਹੈ:

*ਪੰਛੀ ਉਡ ਲੈਂਦਾ ਜਦ ਚਾਹੁੰਦਾ*
*ਸਾਨੂੰ ਪੈਣ ਜਹਾਜ਼ੀ ਕਜੀਏ*

*ਸੁਹਣਾ ਘਰ ਆਪ ਬਣਾਉਂਦਾ*
*ਅਸੀਂ ਸੌ ਸੌ ਮਿਸਤਰੀ ਸੱਦੀਏ*

*ਉਹ ਸਭ ਕਰਦਾ ਢਿੱਡ ਭਾਉਂਦਾ*
*ਅਸੀਂ ਸੰਗਲ ਸਮਾਜੀ ਬੱਝੀਏ*
- - - - - - - - - - -
*ਉਹ* - - - - - - - - -
*ਅਸੀਂ* - - - - - - - -
- - - - - - - - - - -
*ਉਹ ਰੋਮ ਰੋਮ ਮਟਕਾਉਂਦਾ*
*ਅਸੀਂ ਕੁਹਜ ਆਪਣਾ ਕੱਜੀਏ*

*ਫਿਰ ਕਿਉਂ ਪਰਿੰਦੇ ਦੀ*
*ਆਦਮ ਤੋਂ ਉਤੇ ਜ਼ਾਤ ਨਾ*
*ਏਸ ਲਈ ਕਿ ਓਸ ਕੋਲ*
*'ਸ਼ਬਦ' ਵਾਲੀ ਦਾਤ ਨਾ*
*ਸੌਗਾਤ ਨਾ*

ਪੰਛੀ ਆਦਿ-ਕਾਲ ਤੋਂ ਪਰਾਂ ਨਾਲ ਉੱਡ ਰਹੇ ਹਨ। ਮਨੁੱਖ ਕੋਲ ਪਰ ਨਹੀਂ ਹਨ ਪਰ ਹੁਣ ਇਸ ਨੇ ਵੀ ਉਡਣਾ ਸ਼ੁਰੂ ਕਰ ਦਿੱਤਾ ਹੈ, ਬਗ਼ੈਰ ਪਰਾਂ ਤੋਂ। ਇਸ ਨੇ ਆਪਣੀ ਉਡਣ-ਵਿਧੀ ਭਾਸ਼ਾ ਨਾਲ ਈਜਾਦ ਕੀਤੀ ਹੈ, ਮਨੁੱਖ ਨੇ ਭਾਸ਼ਾ ਦੇ ਆਸਰੇ ਉਡਣਾ ਸ਼ੁਰੂ ਕੀਤਾ ਹੈ। ਮਨੁੱਖ ਕੋਲ ਭਾਸ਼ਾ ਨਾ ਹੁੰਦੀ ਤਾਂ ਇਸ ਕੋਲ

Original with;
Jaswant Singh Zafar
Digitized by;
Panjab Digital Library

ਜਹਾਜ਼ ਵੀ ਨਾ ਹੁੰਦਾ। ਇਕੱਲਾ ਜਹਾਜ਼ ਹੀ ਕਿਉਂ, ਭਾਸ਼ਾ ਤੋਂ ਬਗੈਰ ਇਸ ਨੇ ਹੁਣ ਤੱਕ ਕੋਈ ਕਾਢ ਨਾ ਕੱਢੀ ਹੁੰਦੀ।

ਮਨੁੱਖ ਨੇ ਖੇਤੀ ਕਰਨੀ ਸ਼ੁਰੂ ਕੀਤੀ। ਖੇਤੀ ਕਰਨ ਦਾ ਕੰਮ ਉਸ ਨੇ ਹਲ ਨਾਲ ਨਹੀਂ ਸ਼ੁਰੂ ਕੀਤਾ, ਬੋਲੀ ਨਾਲ ਕੀਤਾ। ਇਸ ਤੋਂ ਪਹਿਲਾਂ ਜਦ ਉਹ ਚੌਪਾਏ ਜਾਨਵਰ ਤੋਂ ਮਨੁੱਖ ਬਣਨ ਲੱਗਾ, ਚਾਰ ਦੀ ਬਜਾਏ ਪਿਛਲੇ ਦੋ ਪੈਰਾਂ ਤੇ ਖੜ੍ਹਨ ਅਤੇ ਤੁਰਨ ਲੱਗਾ ਤਾਂ ਉਸ ਦੇ ਅਗਲੇ ਪੈਰ ਹੱਥਾਂ ਵਿਚ ਵਟਣ ਲੱਗੇ। ਅਗਲੇ ਪੈਰਾਂ ਦਾ ਹੱਥਾਂ ਵਿਚ ਵਟਣਾ ਮਨੁੱਖ ਅੰਦਰ ਸ਼ਬਦ ਦੇ ਪ੍ਰਕਾਸ਼ ਨਾਲ ਸ਼ੁਰੂ ਹੋਇਆ। ਇਕ ਚੌਪਾਏ ਜਾਨਵਰ ਅੰਦਰ ਭਾਸ਼ਾਈ ਵਿਕਾਸ ਦੇ ਆਰੰਭ ਨਾਲ ਉਸ ਦੀ ਮਨੁੱਖ ਹੋਣ ਦੀ ਯਾਤਰਾ ਸ਼ੁਰੂ ਹੋਈ। ਪਹਿਲਾਂ ਮਨੁੱਖ ਹਲ਼ ਅੱਗੇ ਆਪ ਜੁੜਦਾ ਸੀ। ਫਿਰ ਇਸ ਨੇ ਆਪ ਤੋਂ ਜ਼ਿਆਦਾ ਸ਼ਕਤੀਸ਼ਾਲੀ ਜਾਨਵਰਾਂ ਬਲਦ, ਘੋੜਾ, ਊਠ ਆਦਿ ਨੂੰ ਇਸ ਕੰਮ ਲਈ ਕਾਬੂ ਕਰ ਲਿਆ। ਆਪ ਤੋਂ ਤਾਕਤਵਰ ਨੂੰ ਵਰਤਣ ਲਈ ਜੁਗਤ ਚਾਹੀਦੀ ਸੀ, ਤਕਨੀਕ ਚਾਹੀਦੀ ਸੀ। ਤਕਨੀਕ ਜਾਂ ਜੁਗਤ ਭਾਸ਼ਾ ਜਾਂ ਬੋਲੀ ਨਾਲ ਜਨਮਦੀ ਹੈ। ਹਲ਼ ਜਾਂ ਗੱਡੇ ਅੱਗੇ ਜੋੜੇ ਜਾਨਵਰ ਨੂੰ ਮਨੁੱਖ ਨੇ ਭਾਸ਼ਾ ਨਾਲ ਹਿੱਕਿਆ ਹੈ। ਜੇ ਬਲਦ, ਊਠ ਜਾਂ ਘੋੜੇ ਕੋਲ ਬੰਦੇ ਨਾਲੋਂ ਵਧੇਰੇ ਵਿਕਸਤ ਭਾਸ਼ਾ ਹੁੰਦੀ ਤਾਂ ਉਹਨਾਂ ਨੇ ਬੰਦੇ ਨੂੰ ਪੰਜਾਲ਼ੀ ਪਾ ਕੇ ਹਲ਼ ਅੱਗੇ ਜੋੜ ਲੈਣਾ ਸੀ। ਮਨੁੱਖ ਦੇ ਸੱਭਿਅਕ ਹੋਣ ਦੀ ਕਹਾਣੀ ਮਨੁੱਖ ਦੇ ਭਾਸ਼ਕ ਹੋਣ ਦੀ ਕਹਾਣੀ ਹੈ। ਵੱਖ-ਵੱਖ ਮਨੁੱਖੀ ਸੱਭਿਅੱਤਾਵਾਂ ਦੇ ਵਿਕਾਸ ਦੀ ਕਹਾਣੀ ਅਸਲ ਵਿਚ ਬੋਲੀ ਦੇ ਵਿਕਾਸ ਦੀ ਕਹਾਣੀ ਹੈ। ਜਿਹੜੇ ਜੰਗਲੀ ਕਬੀਲੇ ਸਦੀਆਂ ਤੋਂ ਜਿਉਂ ਦੇ ਤਿਉਂ ਹਨ, ਉਹਨਾਂ ਦੀ ਬੋਲੀ ਵੀ ਜਿਉਂ ਦੀ ਤਿਉਂ ਹੈ।

ਬਿਜੜਾ ਬਹੁਤ ਸ਼ਾਨਦਾਰ ਅਤੇ ਖ਼ੂਬਸੂਰਤ ਘਰ ਬਣਾਉਂਦਾ ਹੈ। ਬਿਜੜਾ ਆਪਣਾ ਘਰ ਚੁੰਝ ਨਾਲ ਨਹੀਂ ਬਣਾਉਂਦਾ। ਬਿਜੜੇ ਵਰਗੀ ਚੁੰਝ ਤਾਂ ਹੋਰ ਵੀ ਅਨੇਕਾਂ ਪੰਛੀਆਂ ਕੋਲ ਹੈ। ਉਹ ਆਪਣਾ ਘਰ ਆਪਣੇ ਅੰਦਰ ਕੁਦਰਤ ਵਲੋਂ ਜਨਮ ਜਾਤ ਤੋਂ ਜੈਵਿਕ ਤੌਰ 'ਤੇ ਸਥਾਪਤ ਜੁਗਤ ਨਾਲ ਬਣਾਉਂਦਾ ਹੈ। ਸ਼ਹਿਦ ਦੀਆਂ ਮੱਖੀਆਂ ਆਪਣਾ ਸ਼ਹਿਦ ਦਾ ਛੱਤਾ ਵੀ ਉਸ ਸਥਾਈ ਜੈਵਿਕ ਪ੍ਰੋਗਰਾਮਿੰਗ ਨਾਲ ਤਿਆਰ ਕਰਦੀਆਂ ਹਨ ਜੋ ਹੋਰ ਕੀਟਾਂ ਕੋਲ ਨਹੀਂ ਹੈ। ਪਰ ਬਿਜੜੇ ਹਜ਼ਾਰਾਂ ਸਦੀਆਂ ਤੋ ਅਹਿਜੇ ਹੀ ਘਰ ਬਣਾ ਰਹੇ ਹਨ, ਸ਼ਹਿਦ ਦੀਆਂ ਮੱਖੀਆਂ ਹਜ਼ਾਰਾਂ ਸਦੀਆਂ ਤੋਂ ਇਸ ਤਰ੍ਹਾਂ ਦੇ ਛੱਤੇ ਹੀ ਬਣਾ ਰਹੀਆਂ ਹਨ। ਕੋਈ ਵੱਡੀ ਭੁਗੋਲਕ ਜਾਂ ਮੌਸਮੀ ਚੱਕਰ ਦੀ ਤਬਦੀਲੀ ਨਾ ਵਾਪਰੇ ਤਾਂ ਅੱਗੋਂ ਹੋਰ ਸਦੀਆਂ ਤੱਕ ਬਿਜੜੇ ਇਸੇ ਤਰ੍ਹਾਂ ਦੇ ਘਰ ਬਣਾਉਂਦੇ ਰਹਿਣਗੇ, ਸ਼ਹਿਦ ਦੀਆਂ ਮੱਖੀਆਂ ਅਜਿਹੇ ਹੀ ਛੱਤੇ ਬਣਾਉਂਦੀਆਂ ਰਹਿਣਗੀਆਂ। ਉਹਨਾਂ ਦੇ ਕਾਰਜ ਦੇ ਇਸ ਸਦੀਆਂ ਲੰਮੇ ਦੁਹਰਾਓ ਕਾਰਨ ਬਿਜੜੇ ਜਾਂ ਸ਼ਹਿਦ ਦੀਆਂ ਮੱਖੀਆਂ ਸਿਰਜਕ

*Original with;*
Jaswant Singh Zafar
*Digitized by;*
Panjab Digital Library

ਨਹੀਂ ਰਹੇ ਸਗੋਂ ਉਤਪਾਦਕ ਹੋ ਗਏ ਹਨ। ਪਰ ਇਸ ਤੋਂ ਉਲਟ, ਅਸੀਂ ਆਪਣੇ ਦਾਦੇ ਪੜਦਾਦੇ ਤੋਂ ਵੱਖਰੀ ਤਰ੍ਹਾਂ ਦੇ ਘਰਾਂ ਵਿਚ ਰਹਿੰਦੇ ਹਾਂ, ਸਾਡੇ ਬੱਚਿਆ ਨੇ ਸਾਡੇ ਘਰਾਂ ਨਾਲੋਂ ਵੱਖਰੀ ਤਰ੍ਹਾਂ ਦੇ ਘਰ ਬਣਾਉਣੇ ਹਨ। ਸਾਡੇ ਘਰ ਲਗਾਤਾਰ ਅਤੇ ਤੇਜ਼ੀ ਨਾਲ ਬਦਲ ਰਹੇ ਹਨ, ਵਿਕਸਤ ਹੋ ਰਹੇ ਹਨ। ਮਨੁੱਖ ਨਵੇਂ ਘਰ ਸਿਰਜਦੇ ਹਨ, ਇਸ ਦਾ ਇਕੋ ਹੀ ਕਾਰਨ ਹੈ, ਮਨੁੱਖ ਕੋਲ ਬਿਜੜੇ ਜਾਂ ਸ਼ਹਿਦ ਦੀਆਂ ਮੱਖੀਆਂ ਨਾਲੋਂ ਕਿਤੇ ਵੱਧ ਵਿਕਸਤ ਭਾਸ਼ਾ ਹੈ। ਮਨੁੱਖ ਕੋਲ ਬੋਲੀ ਹੋਣ ਦਾ ਮਤਲਬ ਹੈ ਮਨੁੱਖ ਦਾ ਸਿਰਜਕ ਹੋਣਾ।

ਅੱਗੇ ਤੋਂ ਅੱਗੇ ਜਾਣ ਜਾਂ ਸਿਰਜਕ ਹੋਣ ਦੀ ਖਿੱਚ ਜਾਂ ਸ਼ਕਤੀ ਭਾਸ਼ਾ ਰਾਹੀਂ ਉਪਜਦੀ ਹੈ। ਉਂਜ ਖਿੱਚ ਤਾਂ ਬੇਜਾਨ ਚੀਜ਼ਾਂ ਵਿਚ ਵੀ ਹੋ ਸਕਦੀ ਹੈ। ਮਿਸਾਲ ਦੇ ਤੌਰ 'ਤੇ ਆਕਾਸ਼ੀ ਪਿੰਡਾਂ ਵਿਚ ਗਰੂਤਾ ਖਿੱਚ ਹੁੰਦੀ ਹੈ, ਉਲਟ ਚੁੰਬਕੀ ਪੋਲਾਂ 'ਚ ਇਕ ਦੂਸਰੇ ਨਾਲ ਚਿੰਬੜਨ ਵਾਲੀ ਚੁੰਬਕੀ ਖਿੱਚ ਹੁੰਦੀ ਹੈ। ਪਰ ਇਹ ਖਿੱਚ ਕਿਸੇ ਅਣਕਿਆਸੀ ਚੀਜ਼ ਜਾਂ ਪ੍ਰਭਾਵ ਦੀ ਸਿਰਜਨਾ ਨਹੀਂ ਕਰਦੀ। ਪਸ਼ੂ, ਪੰਛੀਆਂ ਜਾਂ ਕੀਟਾਂ ਦੇ ਨਰ ਤੇ ਮਾਦਾ ਵਿਚ ਵੀ ਖਿੱਚ ਹੁੰਦੀ ਹੈ। ਇਹ ਖਿੱਚ ਕਾਫੀ ਹੱਦ ਤੱਕ ਸਰੀਰਕ ਹੀ ਹੁੰਦੀ ਹੈ। ਇਹਨਾਂ ਦੇ ਮਿਲਾਪ ਨਾਲ ਇਹਨਾਂ ਵਰਗੇ ਨਿਰਧਾਰਤ ਨਰ ਜਾਂ ਮਾਦਾ ਜੀਵ ਦਾ ਉਤਪਾਦਨਨੁਮਾ ਜਨਮ ਹੁੰਦਾ ਹੈ, ਕੁਝ ਅਚੰਭਤ ਕਰਨ ਵਾਲਾ ਨਵਾਂ ਨਹੀਂ ਵਾਪਰਦਾ। ਪਰ ਮਨੁੱਖੀ ਨਰ ਅਤੇ ਮਾਦੇ ਵਿਚਲੀ ਖਿੱਚ ਦਾ ਕੋਈ ਪਾਰਾਵਾਰ ਨਹੀਂ, ਇਹ ਖਿੱਚ ਨਿਰੀ ਭੌਤਿਕ ਜਾਂ ਸਰੀਰਕ ਨਹੀਂ ਹੁੰਦੀ। ਇਸ ਵਿਚ ਭਾਸ਼ਾ ਦਾ ਜਲਵਾ ਸ਼ਾਮਲ ਹੁੰਦਾ ਹੈ। ਭਾਸ਼ਾ ਕਾਰਨ ਇਹ ਖਿੱਚ ਇਸ਼ਕ ਬਣਦੀ ਹੈ ਜੋ ਸਿਰਫ਼ ਮਨੁੱਖ ਦੇ ਭਾਗੀਂ ਹੈ। ਇਹ ਖਿੱਚ ਸਿਰਜਨਾਂ ਦੀਆਂ ਨਵੀਆਂ ਤੋਂ ਨਵੀਆਂ ਬੇਅੰਤ ਸੰਭਾਵਨਾਵਾਂ ਨਾਲ ਓਤ-ਪੋਤ ਹੁੰਦੀ ਹੈ। ਬੁੱਲੇ ਸ਼ਾਹ ਦੇ ਸ਼ਬਦਾਂ ਵਿਚ:

*ਇਸ਼ਕ ਦੀ ਨਵੀਓਂ ਨਵੀਂ ਬਹਾਰ*

ਇਹ ਖਿੱਚ ਪੁਰਾਣੇ ਕਿੰਨੇ ਕਾਸੇ ਨੂੰ ਮੇਟਦੀ, ਨਵਾਂ ਸੁਪਨਦੀ, ਨਵਾਂ ਸਿਰਜਦੀ ਅਤੇ ਮਨੁੱਖ ਨੂੰ ਅੰਦਰੋਂ-ਬਾਹਰੋਂ ਨਵਿਆਉਂਦੀ ਹੈ। ਪਰ ਭਾਸ਼ਾ ਦੇ ਸਾਥ ਤੋਂ ਬਿਨਾਂ ਆਪਣੇ ਆਪ ਤੋਂ ਇਕ ਕਦਮ ਅੱਗੇ ਨਹੀਂ ਜਾਇਆ ਜਾ ਸਕਦਾ। ਇਕ ਨਿੱਕੀ ਕਵਿਤਾ ਹੈ:

*ਤੇਰੀ ਖਿੱਚ ਨਾਲ*
*ਆਪਣੇ ਆਪ ਤੋਂ*
*ਅਜੇ ਇਕ ਕਦਮ ਹੀ ਅੱਗੇ ਆਇਆ ਹਾਂ*
*ਇਥੇ ਹਵਾ ਰੰਗਦਾਰ ਹੈ*

Original with;
Jaswant Singh Zafar
Digitized by;
Panjab Digital Library

*ਧੁੱਪ ਸੰਗੀਤਮਈ*
*ਤੇ ਆਕਾਸ਼ ਖੁਸ਼ਬੂਦਾਰ ਹੈ।*

ਬੰਦੇ ਨੂੰ ਬੰਦਿਆਈ ਬੋਲੀ ਕਰਕੇ ਪ੍ਰਾਪਤ ਹੈ। ਬੰਦੇ ਦੇ ਹੋਣ ਥੀਣ ਅਤੇ ਇਸ ਦੇ ਵਿਕਾਸ ਨਾਲ ਜੁੜੀ ਜੋ ਚੀਜ਼ ਸਭ ਤੋਂ ਮਹੱਤਵਪੂਰਨ ਹੈ ਉਹ ਹੈ ਬੋਲੀ ਜਾਂ ਭਾਸ਼ਾ। ਕਿਸੇ ਬੰਦੇ, ਭਾਈਚਾਰੇ, ਕੌਮ ਦੀ ਹੋਣੀ ਅਤੇ ਹਸਤੀ ਨੂੰ ਸਿਰਜਣ ਅਤੇ ਨਿਰਧਾਰਤ ਕਰਨ ਦਾ ਕਾਰਜ ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਉਸ ਦੀ ਬੋਲੀ ਕਰਦੀ ਹੈ। ਮਿਸਾਲ ਦੇ ਤੌਰ 'ਤੇ ਸਤਾਰ੍ਹਵੀਂ ਸਦੀ ਵਿਚ ਖਾਲਸਾ ਆਪਣੇ ਘਰਾਂ ਤੋਂ ਬੇਘਰ ਹੋ ਗਿਆ, ਸਾਧਨਹੀਣ ਹੋ ਗਿਆ, ਇਕ ਤਰ੍ਹਾਂ ਨਾਲ ਨਿਆਸਰਾ ਹੋ ਗਿਆ। ਇਸ ਨੇ ਆਪਣੀ ਹੋਣੀ ਨੂੰ ਬਦਲਣ ਲਈ ਆਪਣੀ ਬੋਲੀ ਬਦਲੀ ਯਾਨੀ ਭਾਸ਼ਾਈ ਕੋਡ ਰੁਪਾਂਤ੍ਰਿਤ ਕੀਤੇ, ਗੜਗੱਜ ਬੋਲੇ ਬਣਾਏ। ਉਸ ਦੌਰ ਵਿਚ ਆਪਣੀ ਹੋਂਦ ਦੇ ਫ਼ੈਸਲਾਕੁੰਨ ਸੰਘਰਸ਼ ਵਿਚ ਉਹਨਾਂ ਲੋਕਾਂ ਦਾ ਜੋ ਸਭ ਤੋਂ ਅਸਰਦਾਰ ਹਥਿਆਰ ਸੀ ਉਹ ਇਹਨਾਂ ਦੀ ਬੋਲੀ ਜਾਂ ਭਾਸ਼ਾਈ ਕੋਡਾਂ ਦਾ ਸੀ ਜਿਸ ਦੇ ਆਸਰੇ ਉਹ ਲੋਕ ਆਪਣੀ ਹੋਂਦ ਨੂੰ ਬਚਾਉਣ ਵਿਚ ਜੇਤੂ ਹੋਏ ਆਪਣੇ ਆਪ ਤੋਂ ਅੱਗੇ ਜਾ ਸਕੇ। ਸਪੱਸ਼ਟ ਹੈ ਕਿ ਮਨੁੱਖ ਮਾਦੇ, ਮਾਦੇ ਵਿਚਲੀ ਜਾਨ ਅਤੇ ਚੇਤਨਾ ਦੇ ਨਾਲ ਨਾਲ ਉਸ ਬੋਲੀ ਦਾ ਵੀ ਬਣਿਆਂ ਹੁੰਦਾ ਹੈ ਜੋ ਉਸ ਦੀ ਆਪਣੀ ਬੋਲੀ ਹੁੰਦੀ ਹੈ, ਉਸ ਦੇ ਆਲੇ ਦੁਆਲੇ ਦੀ ਆਮ ਬੋਲੀ ਹੁੰਦੀ ਹੈ ਜਿਸ ਨੂੰ ਅਸੀਂ ਮਾਂ-ਬੋਲੀ ਜਾਂ ਮਾਤ-ਭਾਸ਼ਾ ਆਖਦੇ ਹਾਂ। ਮਨੁੱਖ ਲਈ ਬੋਲੀ ਦੇ ਮਹੱਤਵ ਨੂੰ ਸਮਝਣ ਲਈ ਜੀਵ ਵਿਕਾਸ ਨੂੰ ਮੋਟੇ ਤੌਰ 'ਤੇ ਹੇਠ ਲਿਖੇ ਅਨੁਸਾਰ ਸੂਤਰਤ ਕੀਤਾ ਜਾ ਸਕਦਾ ਹੈ:

ਪਦਾਰਥ = ਮਾਦਾ
ਬਨਸਪਤੀ = ਮਾਦਾ + ਜਾਨ
ਪਸ਼ੂ ਪੰਛੀ = ਮਾਦਾ + ਜਾਨ + ਚੇਤਨਾ
ਮਨੁੱਖ = ਮਾਦਾ + ਜਾਨ + ਚੇਤਨਾ + ਭਾਸ਼ਾ

ਵਿਗਿਆਨਕ ਖੋਜਾਂ ਅਤੇ ਕਾਢਾਂ ਵੀ ਆਪਣੇ ਆਪ ਤੋਂ ਅੱਗੇ ਜਾਣ ਦੀ ਖਿੱਚ ਦਾ ਹੀ ਨਾਂ ਹੈ, ਇਹ ਵੀ ਇਸ਼ਕ ਦਾ ਇਕ ਰੂਪ ਹੈ। ਇਸ ਦੀ ਵੀ ਨਵੀਓਂ ਨਵੀਂ ਬਹਾਰ ਹੈ। ਇਹਨਾਂ ਨਾਲ ਮਨੁੱਖ ਸੰਸਾਰ ਨੂੰ ਤੇਜ਼ੀ ਨਾਲ ਬਦਲ ਰਿਹਾ ਹੈ, ਨਿੱਤ ਨਵਾਂ ਸੰਸਾਰ ਸਿਰਜ ਰਿਹਾ ਹੈ। ਇਸ ਖੇਤਰ ਵਿਚ ਜੇਤੂ ਰਹਿਣ ਦੀ ਚਾਹਤ ਰੱਖਣ ਵਾਲੇ ਵਿਅਕਤੀ, ਭਾਈਚਾਰੇ ਜਾਂ ਦੇਸ਼ ਲਈ ਭਾਸ਼ਾ ਦੇ ਮਹੱਤਵ ਨੂੰ ਜਾਨਣਾ ਸਮਝਣਾ ਬਹੁਤ ਜ਼ਰੂਰੀ ਅਤੇ ਮਹੱਤਵਪੂਰਨ ਹੈ। ਹੁਣ ਜਦ ਵਿਗਿਆਨਕ ਤਰੱਕੀ

Original with;
Jaswant Singh Zafar
Digitized by;
Panjab Digital Library

ਨੂੰ ਹੀ ਮਨੁੱਖੀ ਤਰੱਕੀ ਵਜੋਂ ਦੇਖਿਆ ਜਾਣ ਲੱਗਾ ਹੈ ਤਾਂ ਵਿਗਿਆਨ ਦੀ ਭਾਸ਼ਾ ਦਾ ਮੁੱਦਾ ਬਹੁਤ ਅਹਿਮ ਬਣ ਜਾਂਦਾ ਹੈ। ਮੁੱਢਲੀਆਂ ਸਾਰੀਆਂ ਵਿਗਿਆਨਕ ਕਾਢਾਂ ਵੱਖ-ਵੱਖ ਦੇਸ਼ਾਂ ਅਤੇ ਭਾਈਚਾਰਿਆਂ ਦੇ ਲੋਕਾਂ ਨੇ ਆਪੋ ਆਪਣੀ ਮਾਂ-ਬੋਲੀ ਦੇ ਸਿਰ 'ਤੇ ਕੀਤੀਆਂ ਹਨ। ਵਿਗਿਆਨ ਦੇ ਖੇਤਰ ਵਿਚ ਨੋਬਲ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਵਿਚੋਂ ਬਹੁਤਿਆਂ ਦੇ ਖੋਜ-ਪੱਤਰ ਉਹਨਾਂ ਦੀਆਂ ਮਾਂ-ਬੋਲੀਆਂ ਵਿਚ ਲਿਖੇ ਹੋਏ ਹਨ। ਮਾਨਵੀ ਸੋਚ ਦਾ ਉਸ ਭਾਸ਼ਾ ਵਿਚ ਵਿਕਸਤ ਹੋਣਾ ਸਹਿਜ ਅਤੇ ਸੁਖਾਲਾ ਹੁੰਦਾ ਹੈ ਜਿਸ ਭਾਸ਼ਾ ਨਾਲ ਮਨੁੱਖ ਦੇ ਅਵਚੇਤਨ ਦੀ ਰਚਨਾ ਹੋਈ ਹੁੰਦੀ ਹੈ। ਇਸ ਲਈ ਬੱਚਿਆਂ ਅੰਦਰ ਵਿਗਿਆਨਕ ਸੋਚ ਦੇ ਵਿਕਾਸ ਲਈ ਵਿਗਿਆਨ ਦਾ ਵਿਸ਼ਾ ਮਾਂ-ਬੋਲੀ ਵਿਚ ਪੜ੍ਹਾਇਆ ਜਾਣਾ ਜ਼ਰੂਰੀ ਹੈ। ਉਸੇ ਦੇਸ਼ ਜਾਂ ਭਾਈਚਾਰੇ ਵਿਚ ਵਿਗਿਆਨੀ ਪੈਦਾ ਹੋ ਸਕਦੇ ਹਨ ਜਿਥੇ ਲੋਕ ਵਿਗਿਆਨਕ ਸੋਚ ਦੇ ਧਾਰਨੀ ਹੋਣਗੇ। ਸੰਸਾਰ ਪੱਧਰ 'ਤੇ ਵਿਗਿਆਨ ਦੇ ਖੇਤਰ ਵਿਚ ਨਾਮਣਾ ਖੱਟਣ ਵਾਲੇ ਭਾਰਤੀ ਵਿਗਿਆਨੀਆਂ ਲਈ ਉਹਨਾਂ ਦੀਆਂ ਮਾਤ-ਭਾਸ਼ਾਵਾਂ ਦਾ ਰੋਲ ਬਹੁਤ ਅਹਿਮ ਰਿਹਾ ਹੈ। ਪ੍ਰਸਿੱਧ ਭੌਤਕ ਵਿਗਿਆਨੀ ਡਾ. ਚੰਦਰ ਸ਼ੇਖਰ ਦੇ ਜਿਸ ਖੋਜ ਪੱਤਰ ਲਈ ਉਹਨਾਂ ਨੂੰ ਨੋਬਲ ਪੁਰਸਕਾਰ ਪ੍ਰਾਪਤ ਹੋਇਆ ਉਹ ਉਹਨਾਂ ਦੀ ਮਾਂ-ਬੋਲੀ ਤਮਿਲ 'ਚ ਲਿਖਿਆ ਹੋਇਆ ਹੈ। ਹੁਣ ਅੰਗਰੇਜ਼ੀ ਦੇ ਆਸਰੇ ਭਾਰਤ ਵਿਚ ਹਰ ਸਾਲ ਹਜ਼ਾਰਾਂ ਆਈ. ਆਈ. ਟੀਅਨਜ਼ ਪੈਦਾ ਹੋ ਰਹੇ ਹਨ ਪਰ ਕੋਈ ਵੱਡਾ ਵਿਗਿਆਨੀ ਨਹੀਂ ਪੈਦਾ ਹੋ ਰਿਹਾ। ਇਹ 'ਅੰਗਰੇਜ਼ੀ' ਸੰਸਥਾਨ ਬਹੁ-ਰਾਸ਼ਟਰੀ ਕੰਪਨੀਆਂ ਨੂੰ ਗਰਮੀ ਦੇ ਮੌਸਮ ਵਿਚ ਵੀ ਟਾਈਆਂ ਲਾ ਕੇ ਚਾਕਰੀ ਕਰਕੇ ਗੁਜ਼ਰ-ਬਸਰ ਕਰਨ ਵਾਲੇ ਪੁਰਜੇ ਤਾਂ ਭਰਪੂਰ ਰੂਪ ਵਿਚ ਮੁਹੱਈਆ ਕਰਵਾ ਰਹੇ ਹਨ ਪਰ ਭਾਈਚਾਰੇ ਜਾਂ ਦੇਸ਼ ਦੇ ਮਾਣ ਕਰਨ ਯੋਗ ਵਿਗਿਆਨੀ ਨਹੀਂ ਪੈਦਾ ਕਰ ਪਾ ਰਹੇ।

ਜਿਹੜੇ ਮੁਲਕ ਵਿਗਿਆਨ ਅਤੇ ਤਕਨੀਕ ਦੇ ਖੇਤਰ ਵਿਚ ਸਾਡੇ ਨਾਲੋਂ ਕਾਫੀ ਅੱਗੇ ਜਾਪਦੇ ਹਨ ਉਹਨਾਂ ਵਿਚ ਹੋਰ ਗੱਲਾਂ ਤੋਂ ਇਲਾਵਾ ਵਿਗਿਆਨ ਦੀ ਪੜ੍ਹਾਈ ਉਹਨਾਂ ਦੀ ਆਪਣੀ ਭਾਸ਼ਾ ਵਿਚ ਕਰਾਈ ਜਾਂਦੀ ਹੈ। ਦਸਵੀਂ ਜਮਾਤ ਤੱਕ ਮੇਰੀ ਵਿਗਿਆਨ ਦੀ ਪੁਸਤਕ ਮੇਰੀ ਮਾਂ-ਬੋਲੀ ਪੰਜਾਬੀ ਵਿਚ ਸੀ ਅਤੇ ਅਧਿਆਪਕ ਇਹਨੂੰ ਸਮਝਾਉਂਦੇ ਵੀ ਪੰਜਾਬੀ ਵਿਚ ਹੀ ਸਨ। ਜਿਥੋਂ ਮੈਂ ਮੈਟ੍ਰਿਕ ਪਾਸ ਕੀਤੀ ਉਹ ਸ਼ਾਇਦ ਪੰਜਾਬ ਦੇ ਸਭ ਤੋਂ ਮਾੜੇ ਸਕੂਲਾਂ ਵਿੱਚੋਂ ਇੱਕ ਸੀ। ਇਥੋਂ ਚੰਗੇ ਨੰਬਰ ਲੈ ਕੇ ਮੈਂ ਜਿਸ ਕਾਲਜ ਵਿਚ ਗਿਆਰਵੀਂ ਜਮਾਤ ਵਿਚ ਦਾਖਲ ਹੋਇਆ ਉਹ ਪੰਜਾਬ ਦੇ ਸਭ ਤੋਂ ਵਧੀਆ ਕਾਲਜਾਂ 'ਚ ਗਿਣਿਆਂ ਜਾਂਦਾ ਹੈ। ਪਰ ਇਥੇ ਵਿਗਿਆਨ ਦੀ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਹੋ ਗਿਆ। ਕਿਤਾਬਾਂ ਵੀ ਅੰਗਰੇਜ਼ੀ 'ਚ ਅਤੇ ਪੜ੍ਹਾਉਣ ਵਾਲੇ ਵੀ ਨਿਰੀ ਅੰਗਰੇਜ਼ੀ ਬੋਲਣ ਵਾਲੇ। ਇਸ

Original with;
Jaswant Singh Zafar
Digitized by;
Panjab Digital Library

ਬਦਲਾਵ ਨਾਲ ਮੈਨੂੰ ਅਜਿਹਾ ਭਾਸ਼ਾਈ ਝਟਕਾ ਲੱਗਿਆ ਕਿ ਜਿਸ ਦੇ ਅਸਰ ਤੋਂ ਅਜੇ ਤੱਕ ਤਾਬੇ ਨਹੀਂ ਆਇਆ। ਇਸ ਝਟਕੇ ਕਾਰਨ ਮੈਂ ਗਿਆਰਵੀਂ 'ਚੋਂ ਸਭ ਸਹੂਲਤਾਂ ਦੇ ਬਾਵਜੂਦ ਫੇਲ੍ਹ ਹੋਣੋਂ ਮਸੀਂ ਬਚਿਆ। ਇਸ ਤੋਂ ਦੋ ਸਾਲ ਬਾਅਦ ਇੰਜਨੀਅਰਿੰਗ ਦੀ ਪੜ੍ਹਾਈ ਸ਼ੁਰੂ ਕੀਤੀ ਤਾਂ ਥੋੜ੍ਹੀ ਜਾਨ ਸੁਖਾਲ਼ੀ ਹੋਈ। ਇਥੇ ਕਿਤਾਬਾਂ ਭਾਵੇਂ ਅੰਗਰੇਜ਼ੀ ਵਿਚ ਸਨ ਪਰ ਬਹੁਤੇ ਅਧਿਆਪਕ ਪੰਜਾਬੀ 'ਚ ਸਮਝਾਉਣ ਵਾਲੇ ਸਨ ਅਤੇ ਤਕਰੀਬਨ ਸਾਰੇ ਵਿਦਿਆਰਥੀ ਇੰਜਨੀਅਰਿੰਗ ਦੇ ਵਿਸ਼ਿਆਂ 'ਤੇ ਆਪਸੀ ਵਿਚਾਰ-ਵਟਾਂਦਰਾ ਪੰਜਾਬੀ ਵਿਚ ਕਰਨ ਵਾਲੇ ਸਨ। ਇਸ ਦਾ ਪੂਰਾ ਵਿਸਥਾਰ ਅਗਲੇ ਲੇਖ ਵਿਚ ਦਿੱਤਾ ਗਿਆ ਹੈ। ਬੇਗਾਨੀ ਬੋਲੀ ਦੇ ਵੱਸ ਪੈ ਕੇ ਜੋ ਮੇਰੇ ਵਰਗੇ ਆਮ ਜਿਹੇ ਇੰਜਨੀਅਰ ਬਣ ਸਕੇ ਹਨ ਜੇ ਉਹਨਾਂ ਨੂੰ ਬਚਪਨ ਤੋਂ ਲੈ ਕੇ ਸਿਖਰ ਤੱਕ ਵਿਗਿਆਨ ਦੀ ਪੜ੍ਹਾਈ ਨੂੰ ਆਪਣੀ ਮਾਂ-ਬੋਲੀ ਵਿਚ ਜਾਰੀ ਰੱਖਣ ਦਾ ਮੌਕਾ ਮਿਲਦਾ ਤਾਂ ਉਹ ਵਿਗਿਆਨ ਦੇ ਖੇਤਰ ਵਿਚ ਚੋਖਾ ਨਾਮਣਾ ਖੱਟ ਸਕਦੇ ਸਨ।

ਆਪਣੇ ਅਨੁਭਵ ਦੇ ਆਧਾਰ 'ਤੇ ਮੇਰੀ ਇਹ ਪੱਕੀ ਧਾਰਨਾ ਹੈ ਕਿ ਵਿਗਿਆਨ ਦੀ ਪੜ੍ਹਾਈ ਲਈ ਤਿੰਨ ਭਾਸ਼ਾਈ ਫਾਰਮੂਲਾ ਅਪਨਾਇਆ ਜਾਣਾ ਚਾਹੀਦਾ ਹੈ। ਪਹਿਲੀ ਤੇ ਮੁੱਖ ਗੱਲ ਕਿ ਵਿਗਿਆਨ ਦਾ ਵਿਸ਼ਾ ਹਰ ਪੱਧਰ ਤੱਕ ਪੜ੍ਹਿਆ-ਪੜ੍ਹਾਇਆ, ਸਮਝਿਆ-ਸਮਝਾਇਆ ਤਾਂ ਆਪਣੀ ਮਾਂ-ਬੋਲੀ ਵਿਚ ਹੀ ਜਾਣਾ ਚਾਹੀਦਾ ਹੈ। ਦੂਸਰਾ, ਵਿਗਿਆਨਕ ਲਿਖਤ ਵਿਚ ਹਿਸਾਬ ਦੇ ਜਮ੍ਹਾਂ, ਘਟਾਓ, ਜਰਬ ਆਦਿ ਚਿੰਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਅਲਫ਼ੇ, ਬੀਟੇ, ਥੀਟੇ, ਗਾਮੇ ਵਰਗੇ ਸੈਂਕੜੇ ਚਿੰਨ੍ਹ ਵਰਤੇ ਜਾਂਦੇ ਹਨ, ਇਹ ਯੂਨਾਨੀ, ਲਾਤੀਨੀ ਅਤੇ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਦੇ ਚਿੰਨ੍ਹ ਹਨ ਪਰ ਅੰਤਰ-ਰਾਸ਼ਟਰੀ ਪੱਧਰ 'ਤੇ ਇਕੋ ਹੀ ਤਰ੍ਹਾਂ ਦੇ ਵਰਤੇ ਜਾਂਦੇ ਹਨ। ਪੰਜਾਬੀ ਲਿਖਤ ਵਿਚ ਇਹਨਾਂ ਨੇ ਜਿਉਂ ਦਾ ਤਿਉਂ ਹੀ ਰਹਿਣਾ ਹੈ। ਵਿਗਿਆਨ ਦਾ ਖੇਤਰ ਅੰਤਰ-ਰਾਸ਼ਟਰੀ ਹੈ ਅਤੇ ਇਸ ਦੇ ਵਿਕਾਸ ਵਿਚ ਵੱਖ-ਵੱਖ ਦੇਸ਼ਾਂ, ਸੱਭਿਆਚਾਰਾਂ ਅਤੇ ਬੋਲੀਆਂ ਵਾਲੇ ਲੋਕ ਹਿੱਸਾ ਪਾਉਂਦੇ ਹਨ। ਇਸ ਲਈ ਵਿਗਿਆਨ ਦੀ ਸ਼ਬਦਾਵਲੀ ਅੰਗਰੇਜ਼ੀ ਵਰਗੀ ਕਿਸੇ ਇੱਕ ਭਾਸ਼ਾ ਦੀ ਨਹੀਂ ਸਗੋਂ ਸੰਸਾਰ ਦੀਆਂ ਅਨੇਕਾਂ ਭਾਸ਼ਾਵਾਂ ਵਿਚੋਂ ਹੈ। ਬਹੁਤ ਸਾਰੀਆਂ ਮਿਣਤੀ ਦੀਆਂ ਇਕਾਈਆਂ ਦੇ ਨਾਂ ਇਹਨਾਂ ਦੇ ਵੱਖ-ਵੱਖ ਦੇਸ਼ਾਂ ਅਤੇ ਬੋਲੀਆਂ ਵਾਲੇ ਖੋਜੀ ਵਿਗਿਆਨੀਆਂ ਦੇ ਨਾਂ ਤੇ ਹਨ, ਜਿਵੇਂ ਵੋਲਟ, ਵਾਟ, ਜਾਊਲ, ਓਹਮ, ਐਮਪੀਅਰ ਆਦਿ। ਅਜਿਹੀ ਸ਼ਬਦਾਵਲੀ ਆਪਣੀ ਬੋਲੀ ਦੇ ਅੰਗ ਵਜੋਂ ਜਿਉਂ ਦੀ ਤਿਉਂ ਅਪਨਾਉਣਯੋਗ ਹੈ। ਤੀਸਰਾ, ਅੰਤਰ-ਰਾਸ਼ਟਰੀ ਪੱਧਰ 'ਤੇ ਵਿਗਿਆਨ ਦੀਆਂ ਖੋਜਾਂ ਅਤੇ ਗਿਆਨ ਦੇ ਅਦਾਨ-ਪ੍ਰਦਾਨ ਲਈ ਅੰਗਰੇਜ਼ੀ ਲਿੰਕ-ਭਾਸ਼ਾ ਜਾਂ ਸੰਚਾਰ ਭਾਸ਼ਾ ਦੇ ਤੌਰ 'ਤੇ ਹੀ ਅਪਣਾਈ ਜਾਣੀ

*Original with;*
Jaswant Singh Zafar
*Digitized by;*
Panjab Digital Library

ਚਾਹੀਦੀ ਹੈ।

ਪੰਜਾਬੀ ਭਾਈਚਾਰੇ ਲਈ ਇਹ ਚੋਣ ਕਰਨ ਦਾ ਸਮਾਂ ਹੈ ਕਿ ਅਸੀਂ ਆਪਣੇ ਨੌਜਵਾਨ ਨੂੰ ਵਿਦੇਸ਼ੀ ਮਾਨਵੀ ਮੰਡੀ ਵਿਚ ਮਹਿੰਗੇ ਮੁੱਲ ਵਿਕਣ ਵਾਲੇ ਅੰਗਰੇਜ਼ੀ ਟੱਟੂ ਬਣਾਉਣਾ ਹੈ ਜਾਂ ਆਪਣੇ ਸੂਬੇ ਜਾਂ ਮੁਲਕ ਦੀ ਵਿਗਿਆਨਕ ਅਤੇ ਸੱਭਿਆਚਾਰਕ ਤਰੱਕੀ ਦੇ ਭਾਈਵਾਲ ਬਣਾਉਣਾ ਹੈ। ਆਪਣੀ ਭਾਈਚਾਰਕ ਅਤੇ ਕੌਮੀ ਹਸਤੀ ਦੀ ਬੁਲੰਦੀ ਲਈ ਸਹੀ ਅਰਥਾਂ ਵਿਚ ਆਪਣੀ ਮਾਂ-ਬੋਲੀ ਦਾ ਆਸਰਾ ਲੈਣਾ ਪਵੇਗਾ। ਜੇ ਅਸੀਂ ਆਪ ਤਰੱਕੀ ਕਰਨੀ ਹੈ ਤਾਂ ਸਾਨੂੰ ਆਪਣੀ ਭਾਸ਼ਾ ਅਤੇ ਇਸ ਦੇ ਗੌਰਵ ਦੇ ਧਾਰਨੀ ਹੋਣਾ ਪਵੇਗਾ। ਜੇ ਹੋਰਾਂ ਦੀ ਤਰੱਕੀ ਦੇ ਭੂਰ-ਚੂਰ ਜਾਂ ਜੂਠ ਨਾਲ ਸੰਤੁਸ਼ਟ ਹੋਣਾ ਹੈ ਫਿਰ ਗੱਲ ਵੱਖਰੀ ਹੈ। ਵਰਤਮਾਨ ਸਮੇਂ ਵਿਚ ਤਾਂ ਅਸੀਂ ਹੋਰਾਂ ਦੀ ਤਰੱਕੀ ਦੇ ਮਿਜ਼ਾਜ ਦੇ ਹੀ ਪਿੱਛਲਗ ਹਾਂ। ਇਹ ਤਰੱਕੀ ਜਿਸ ਤਰ੍ਹਾਂ ਦੇ ਵਿਨਾਸ਼ ਵੱਲ ਸੇਧਤ ਹੈ ਉਸ ਬਾਰੇ ਵੀ ਸੰਸਾਰ ਦੇ ਭੁਲੇਖੇ ਦਿਨੋਂ-ਦਿਨ ਦੂਰ ਹੋ ਰਹੇ ਹਨ। ਆਪਣੀ ਬੋਲੀ ਨੂੰ ਪਿੱਛੇ ਸੁੱਟ ਕੇ ਬੇਗ਼ਾਨੀ ਬੋਲੀ ਨੂੰ ਆਪਣੀ ਤਰੱਕੀ ਦਾ ਮਾਧਿਅਮ ਸਮਝਣਾ ਉਜੱਡਪੁਣਾ ਹੈ, ਬੌਧਿਕ ਜਾਂ ਸੱਭਿਆਚਾਰਕ ਗੁਲਾਮੀ ਨੂੰ ਆਪਣਾ ਸ਼ਿੰਗਾਰ ਸਮਝਣ ਦੀ ਭੁੱਲ ਹੈ। ਅਜਿਹੀ ਗੁਲਾਮੀ ਦੀ ਪ੍ਰਥਾਏ ਗੁਰੂ ਨਾਨਕ ਦਾ ਕਥਨ ਹੈ:

*ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥*

ਇਥੇ ਗੱਲ ਪੰਜਾਬੀ ਬੋਲੀ ਨੂੰ ਬਚਾਉਣ ਦੀ ਨਹੀਂ ਸਗੋਂ ਪੰਜਾਬੀ ਦਾ ਓਟ ਆਸਰਾ ਲੈ ਕੇ ਪੰਜਾਬ ਨੂੰ ਸੰਭਾਲਣ ਦੀ ਹੈ, ਆਪਣੇ ਭਵਿੱਖ ਨੂੰ ਬਚਾਉਣ ਦੀ ਹੈ। ਅੱਜ ਪੰਜਾਬ ਦਾ ਸਮੁੱਚਾ ਨੌਜਵਾਨ ਵਰਗ ਪੰਜਾਬੋਂ ਬਾਹਰ ਜਾਣਾ ਚਾਹੁੰਦਾ ਹੈ। ਜੋ ਬਾਹਰ ਜਾ ਨਹੀਂ ਸਕਦੇ ਉਹ ਨਸ਼ਿਆਂ ਦੀ ਸਹਾਇਤਾ ਨਾਲ ਇਥੋਂ ਦੇ ਅਸਲ ਜੀਵਨ ਨੂੰ ਛੱਡ ਕੇ ਕਿਸੇ ਖਿਆਲੀ ਦੁਨੀਆਂ 'ਚ ਵੱਸਣ ਨੂੰ ਤਰਜੀਹ ਦਿੰਦੇ ਹਨ। ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਨੂੰ ਤਾਂ ਪੰਜਾਬ ਛੱਡਣ ਲਈ ਜਹਾਨ ਹੀ ਛੱਡਣਾ ਪੈਂਦਾ ਹੈ। ਕੁੜੀਆਂ ਦੀ ਭਰੂਣ ਹੱਤਿਆ ਦਾ ਵੀ ਇਹੀ ਮਤਲਬ ਹੈ ਕਿ ਉਹ ਇਸ ਦੇਸ਼ ਵਿਚ ਪੈਦਾ ਹੀ ਨਾ ਹੋਣ। ਬੇਗ਼ਾਨਗੀ ਦੀ ਇਹ ਵਿਰਾਟ ਸਥਿਤੀ ਨੂੰ ਆਪਣੀ ਮਾਂ-ਬੋਲੀ ਨਾਲ ਸਾਡੇ ਸਹੀ ਸਬੰਧ ਨੂੰ ਜਾਨਣ ਨਾਲ ਸਮਝਿਆ ਜਾ ਸਕਦਾ ਹੈ। ਪੰਜਾਬ ਦਾ ਖਿੱਤਾ ਪੰਜਾਬੀ ਚਿੱਤ ਨੂੰ ਭਰਪੂਰਤਾ ਬਖਸ਼ਣ ਵਾਲਾ ਜਾਂ ਪੰਜਾਬੀ ਮਨ ਦਾ ਜੀਅ ਲਵਾਉਣ ਵਾਲਾ ਨਹੀਂ ਰਿਹਾ। ਇਹ ਸਹੀ ਆਰਥਾਂ ਵਿਚ ਸਾਡਾ ਪੇਕਾ ਘਰ ਨਹੀਂ ਰਿਹਾ ਕਿਉਂਕਿ ਪੰਜਾਬੀ ਬੋਲੀ ਨੂੰ ਇਥੇ ਮਾਂ ਵਾਲਾ ਸਥਾਨ ਪ੍ਰਾਪਤ ਨਹੀਂ ਹੈ, ਜਿਵੇਂ ਇਕ ਪ੍ਰਸਿੱਧ ਗੀਤ ਹੈ:

*Original with;*
Jaswant Singh Zafar
*Digitized by;*
Panjab Digital Library

*ਮਾਂ ਮੈਂ ਮੁੜ ਨਹੀਂ ਪੇਕੇ ਆਉਣਾ ਪੇਕੇ ਹੁੰਦੇ ਮਾਵਾਂ ਨਾਲ।*

ਦੂਜੇ ਸ਼ਬਦਾਂ ਵਿਚ ਪ੍ਰਦੇਸੀ ਬੋਲੀ ਦੇ ਵਾਰੇ-ਪਹਿਰੇ ਨਾਲ ਆਪਣਾ ਮਨ ਪ੍ਰਦੇਸੀ ਹੋ ਜਾਂਦਾ ਹੈ। ਜਦ ਮਨ ਪ੍ਰਦੇਸੀ ਹੋ ਜਾਵੇ ਤਾਂ ਆਪਣਾ ਦੇਸ਼ ਆਪਣਾ ਨਹੀਂ ਲੱਗਦਾ। ਪੰਜਾਬੀ ਮਨ ਦੀ ਇਸ ਤਕਲੀਫ ਅਤੇ ਵੇਦਨਾ ਨੂੰ ਗੁਰੂ ਨਾਨਕ ਦੇ ਸ਼ਬਦ ਨਾਲ ਸਮਝਿਆ ਜਾ ਸਕਦਾ ਹੈ:

*ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥*
*ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥*

ਪੰਜਾਬ ਨੂੰ ਵਸਦਾ-ਰਸਦਾ ਰੱਖਣ ਲਈ ਹੋਰ ਗੱਲਾਂ ਦੇ ਨਾਲ-ਨਾਲ ਪੰਜਾਬੀ ਬੋਲੀ ਨੂੰ ਹਰ ਤਰ੍ਹਾਂ ਦੀ ਸਿੱਖਿਆ ਦਾ ਮਾਧਿਅਮ ਬਣਾਉਣਾ ਬਹੁਤ ਜ਼ਰੂਰੀ ਹੈ। ਵਿਗਿਆਨ ਦੀ ਪੜ੍ਹਾਈ ਮਾਂ ਬੋਲੀ ਵਿਚ ਕਰਾਉਣ ਦਾ ਪ੍ਰਾਜੈਕਟ ਕਹਿਣ ਨੂੰ ਬਹੁਤ ਮੁਸ਼ਕਿਲ ਲੱਗ ਸਕਦਾ ਹੈ, ਪਰ ਇਸ ਦੇ ਮਹੱਤਵ ਨੂੰ ਸਮਝਦਿਆਂ ਇਸ ਨੂੰ ਅਸੰਭਵ ਨਹੀਂ ਮੰਨਿਆਂ ਜਾਣਾ ਚਾਹੀਦਾ। ਇਸ ਲਈ ਪੰਜਾਬੀ ਭਾਈਚਾਰੇ ਦੀ ਆਮ ਤੌਰ 'ਤੇ ਅਤੇ ਵਿਦਿਆ ਅਤੇ ਗਿਆਨ ਦੇ ਪਾਸਾਰ ਲਈ ਬਣੀਆਂ ਸੰਸਥਾਵਾਂ ਦੀ ਖਾਸ ਤੌਰ 'ਤੇ ਇੱਛਾ ਸ਼ਕਤੀ ਦੀ ਲੋੜ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਪੰਜਾਬ, ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਅਤੇ ਹੋਰ ਅਦਾਰੇ ਪੰਜਾਬੀ ਲੇਖਕਾਂ, ਅਧਿਆਪਕਾਂ, ਅਨੁਵਾਦਕਾਂ ਅਤੇ ਵਿਦਵਾਨਾਂ ਨੂੰ ਉਤਸ਼ਾਹਿਤ ਕਰਕੇ ਇਸ ਕੰਮ ਨੂੰ ਇਕ ਮੁਹਿੰਮ ਬਣਾ ਕੇ ਸਿਰੇ ਲਗਾ ਸਕਦੀਆਂ ਹਨ। ਦੇਖੋ, ਇਹ ਕਿੰਨੀ ਅਹਿਮਕਾਨਾ ਗੱਲ ਹੈ ਕਿ ਖੇਤੀਬਾੜੀ ਅਤੇ ਪਸ਼ੂ ਪਾਲਣ ਨਾਲ ਸਬੰਧਤ ਪੰਜਾਬ ਦੀਆਂ ਦੋਹਾਂ ਯੂਨੀਵਰਸਿਟੀਆਂ ਵਿਚ ਸਾਰੀ ਪੜ੍ਹਾਈ ਅੰਗਰੇਜ਼ੀ ਵਿਚ ਕਰਾਈ ਜਾਂਦੀ ਹੈ ਜਦ ਕਿ ਖੇਤੀਬਾੜੀ ਅਤੇ ਪਸ਼ੂ ਪਾਲਣ ਪੰਜਾਬੀਆਂ ਦੇ ਆਦਿ-ਜੁਗਾਦੀ ਪ੍ਰਮੁੱਖ ਕਿੱਤੇ ਹਨ।

•

*Original with;*
Jaswant Singh Zafar
*Digitized by;*
Panjab Digital Library

# ਮੇਰੀ ਪੜ੍ਹਾਈ

ਮੈਂ ਪਿੰਡਾਂ ਦੇ ਪੰਜਾਬੀ ਮਾਧਿਅਮ ਵਾਲੇ 4-5 ਦੇਸੀ ਸਰਕਾਰੀ ਸਕੂਲਾਂ ਦਾ ਪੜ੍ਹਿਆ ਹੋਇਆ ਹਾਂ। ਸਾਰੇ ਅਧਿਆਪਕ ਅਤੇ ਸਾਥੀ ਪੰਜਾਬੀ ਬੋਲਣ ਵਾਲੇ ਸਨ। ਦੁਆਬੇ ਦੇ ਮੰਜਕੀ ਤੇ ਦੋਨੇ ਅਤੇ ਮਾਲਵੇ ਦੇ ਚੜ੍ਹਦੇ ਪਾਸੇ ਪੁਆਧ ਨਾਲ ਲਗਦੇ ਇਲਾਕੇ ਦੀ ਪੰਜਾਬੀ ਬੋਲਣ ਵਾਲੇ ਮੇਰੇ ਸਕੂਲ ਦੇ ਜਮਾਤੀ ਰਹੇ ਹਨ। ਹਿੰਦੀ ਅਤੇ ਅੰਗਰੇਜ਼ੀ ਵੀ ਪੰਜਾਬੀ ਮਾਧਿਅਮ ਵਿਚ ਸਿੱਖੀਆਂ ਹਨ। ਸਕੂਲ 'ਚ ਜੋ ਕਹਾਣੀਆਂ, ਕਵਿਤਾਵਾਂ, ਲੇਖ ਪੜ੍ਹਾਏ ਜਾਂਦੇ ਸਨ, ਲੱਗਦਾ ਸੀ ਕਿ ਉਹ ਸਾਨੂੰ ਵੱਡੇ ਅਤੇ ਸਿਆਣੇ ਹੋਣ 'ਚ ਮੱਦਦ ਕਰ ਰਹੇ ਹਨ। ਸਮਾਜਿਕ ਸਿੱਖਿਆ ਜਨਰਲ ਨਾਲੇਜ ਲਗਦੀ ਸੀ। ਹਿਸਾਬ ਦੇ ਸੁਆਲ ਕੱਢਣਾ ਜਾਦੂ ਦੇ ਟ੍ਰਿਕ ਸਿੱਖਣ ਵਾਂਗ ਸੀ। ਪਹਾੜੇ ਲੋਕ ਗੀਤਾਂ ਵਾਂਗ ਗਾ-ਗਾ ਕੇ ਯਾਦ ਕੀਤੇ ਜਾਂਦੇ ਸਨ। ਸਾਇੰਸ ਅਚੰਭੇ ਭਰੀ ਜਾਣਕਾਰੀ ਲੱਗਦੀ ਸੀ। ਡਰਾਇੰਗ (ਕਲਾ) ਦਾ ਵਿਸ਼ਾ ਮਨੋਰੰਜਨ ਦਾ ਸਾਧਨ ਸੀ। ਜੁਮੈਟਰੀ ਦੀਆਂ ਕਿਤਾਬਾਂ ਵਿਚ ਜਦ ਅ ਬ ਰੇਖਾ ਪੜ੍ਹਦੇ ਸਾਂ ਤਾਂ ਹੈਰਾਨੀ ਹੁੰਦੀ ਸੀ ਕਿ ਇਹ ਅ ਬ ਰੇਖਾ ਕਿਉਂ ਹੈ, ੳ ਅ ਰੇਖਾ ਕਿਉਂ ਨਹੀਂ? ਇਹ ਹੁਣ ਆ ਕੇ ਪਤਾ ਲੱਗਾ ਕਿ ਉਹ ਅੰਗਰੇਜ਼ੀ ਦੀ AB ਦਾ ਪੰਜਾਬੀ ਅਨੁਵਾਦ ਸੀ।

ਪੜ੍ਹਾਈ ਦੇ ਨਾਲ-ਨਾਲ ਘਰਦਿਆਂ ਵਾਂਗ ਗੱਲਾਂ ਕਰਨ ਵਾਲੇ ਅਧਿਆਪਕ ਚੰਗੇ ਲੱਗਦੇ ਸਨ। ਨਿਰਾ ਪੜ੍ਹਾਉਣ ਵਾਲੇ ਠੀਕ-ਠੀਕ ਜਾਪਦੇ ਸਨ। ਪੜ੍ਹਾਈ ਦੇ ਨਾਂ 'ਤੇ ਡਰਾਉਣ ਵਾਲੇ ਤਾਂ ਲਹੂ ਪੀਣੇ ਲੱਗਦੇ ਸਨ। ਦਸਵੀਂ ਵਾਲੇ ਸਕੂਲ 'ਚ ਪੜ੍ਹਾਈ ਵਲੋਂ ਸਤਨਾਮ ਹੀ ਸੀ। ਸ਼ਾਇਦ ਇਹ ਪੰਜਾਬ ਦੇ ਸਭ ਤੋਂ ਮਾੜੇ ਸਕੂਲਾਂ 'ਚੋਂ ਇਕ ਸੀ। ਇਥੇ 60 ਵਿਦਿਆਰਥੀ ਮੈਟ੍ਰਿਕ ਦੇ ਸਲਾਨਾ ਇਮਤਿਹਾਨ ਵਿਚ ਬੈਠੇ ਜਿੰਨ੍ਹਾਂ 'ਚੋਂ ਕੇਵਲ 7 ਪਾਸ ਹੋਏ। ਮੈਂ ਇਹਨਾਂ 'ਚੋਂ 79% ਨੰਬਰ ਲੈ ਕੇ ਅੱਵਲ ਰਿਹਾ। ਮੇਰੇ ਗਣਿਤ, ਸਾਇੰਸ, ਪੰਜਾਬੀ, ਹਿੰਦੀ, ਅੰਗਰੇਜ਼ੀ, ਡਰਾਇੰਗ ਆਦਿ ਸਭ ਵਿਸ਼ਿਆਂ 'ਚ ਲਗਪਗ ਬਰਾਬਰ (78 ਤੋਂ 80% ਦਰਮਿਆਨ) ਅੰਕ ਸਨ। ਸਕੂਲ ਵਿਚੋਂ ਦੂਜੇ ਸਥਾਨ 'ਤੇ ਰਹਿਣ ਵਾਲੇ ਵਿਦਿਆਰਥੀ ਦੇ ਮੇਰੇ ਤੋਂ 20-22% ਨੰਬਰ ਘੱਟ ਸਨ।

ਸਕੂਲ 'ਚ ਪੜ੍ਹਦਿਆਂ ਮੈਂ ਕੁਲ-ਵਕਤੀ ਵਿਦਿਆਰਥੀ ਨਹੀਂ ਰਿਹਾ।

*Original with;*
Jaswant Singh Zafar
*Digitized by;*
Panjab Digital Library

ਚੌਥੀ ਜਮਾਤ ਤੋਂ ਪੱਠੇ ਵੱਢਣੇ ਸ਼ੁਰੂ ਕੀਤੇ। ਪੰਜਵੀਂ 'ਚ ਰੇਤਲੇ ਖੇਤਾਂ 'ਚ ਹੱਥ ਵਾਲਾ ਜਿੰਦਾ ਦਬਾ ਕੇ ਵੱਟਾਂ ਪਵਾਉਣੀਆਂ ਸ਼ੁਰੂ ਕੀਤੀਆਂ ਤੇ ਕਿਆਰੇ ਮੋੜਨ ਦਾ ਵੱਲ ਸਿੱਖਿਆ। ਛੇਵੀਂ 'ਚ ਪਹਿਲੀ ਵਾਰੀ ਝੋਨਾ ਲਾਇਆ। ਅੱਠਵੀਂ ਤੋਂ ਕਣਕ ਦੀ ਵਾਢੀ ਸ਼ੁਰੂ ਕੀਤੀ। ਦਸਵੀਂ ਤੱਕ ਬਲਦਾਂ ਨਾਲ ਹਲ ਵਾਹੁਣ ਅਤੇ ਸੁਹਾਗੀ ਫੇਰਨ ਦੀ ਪੂਰੀ ਮੁਹਾਰਤ ਹੋ ਚੁੱਕੀ ਸੀ। ਬਿਜਲੀ ਦੇ ਬਿੱਲ ਭਰਾਉਣ, ਚੱਕੀ ਤੋਂ ਕਣਕ ਪਿਸਾਉਣ, ਰਾਤ ਦੀ ਰੋਟੀ ਖੇਤ (ਖੂਹ 'ਤੇ) ਪਹੁੰਚਾਉਣ ਵਰਗੀਆਂ ਕਈ ਪੱਕੀਆਂ ਡਿਊਟੀਆਂ ਵੀ ਸਨ। ਸਕੂਲਾਂ 'ਚ ਪੜ੍ਹਨ ਦੇ ਨਾਲ ਖੇਡਣਾ ਵੀ ਚਲਦਾ ਰਿਹਾ।

ਦਸਵੀਂ ਕਰਨ ਮਗਰੋਂ ਇੰਜਨੀਅਰਿੰਗ ਦਾ ਡਿਪਲੋਮਾ ਕਰਨ ਲਈ ਗੁਰੂ ਨਾਨਕ ਪਾਲੀਟੈਕਨਿਕ ਲੁਧਿਆਣਾ ਤੋਂ ਦਾਖਲਾ ਫਾਰਮ ਲੈਣ ਗਿਆ ਤਾਂ ਉਥੇ ਕਿਸੇ ਸਲਾਹ ਦਿੱਤੀ ਕਿ ਮੈਂ ਡਿਗਰੀ ਕਰਾਂ। ਪਿੰਡਾਂ ਵਿਚ ਰਹਿੰਦਿਆਂ ਅਤੇ ਪੜ੍ਹਿਆਂ ਲਈ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਚ 70% ਸੀਟਾਂ ਰਾਖਵੀਆਂ ਸਨ। ਉਥੇ ਦਾਖਲੇ ਲਈ ਸਾਇੰਸ (ਨਾਨ ਮੈਡੀਕਲ) ਦੀ ਪੜ੍ਹਾਈ ਦੀਆਂ 2 ਜਮਾਤਾਂ ਹੋਰ ਪੜ੍ਹਨਾ ਪੈਣਾ ਸੀ। ਗਿਆਰਵੀਂ ਦੀ ਪੜ੍ਹਾਈ ਕਿਸੇ ਹਾਇਰ ਸੈਕੰਡਰੀ ਸਕੂਲ ਜਾਂ ਕਾਲਜ ਵਿਚ ਹੋਣੀ ਸੀ। ਉਹਨਾਂ ਵੇਲਿਆਂ ਦੇ ਦਸਵੀਂ ਦੇ ਚੰਗੇ ਨੰਬਰ ਹੋਣ ਕਰਕੇ ਪੰਜਾਬ ਦੇ ਚੋਟੀ ਦੇ ਕਾਲਜਾਂ 'ਚ ਗਿਣੇ ਜਾਂਦੇ ਲੁਧਿਆਣੇ ਦੇ SCD ਸਰਕਾਰੀ ਕਾਲਜ ਵਿਚ ਦਾਖਲਾ ਲੈ ਲਿਆ ਅਤੇ ਕਾਲਜ ਦੇ ਹੋਸਟਲ 'ਚ ਰਹਿ ਕੇ ਕੁਲ-ਵਕਤੀ ਵਿਦਿਆਰਥੀ ਬਣ ਗਿਆ। ਦਾਖਲਾ ਕਾਹਦਾ ਲੈ ਲਿਆ, ਮੇਰੇ 'ਤੇ ਅੰਗਰੇਜ਼ੀ ਮਾਧਿਅਮ ਵਾਲੀ ਸਾਇੰਸ ਦੀ ਪੜ੍ਹਾਈ ਦੀਆਂ ਮੁਸ਼ਕਿਲਾਂ, ਤਕਲੀਫਾਂ ਅਤੇ ਪ੍ਰੇਸ਼ਾਨੀਆਂ ਦਾ ਅਚਾਨਕ ਪਹਾੜ ਟੁੱਟ ਪਿਆ। ਅਧਿਆਪਕ ਪੂਰੇ ਡਿਊਟੀਬੰਦ ਪਰ ਵਿਦਿਆਰਥੀਆਂ ਨਾਲ ਲਗਾਓ ਜਾਂ ਅਪਣੱਤ ਕੋਈ ਨਾ। ਫਰਾਟੇਦਾਰ (ਮੈਨੂੰ ਲੱਗਦੀ ਸੀ) ਅੰਗਰੇਜ਼ੀ ਬੋਲਣ। ਕਲਾਸ 'ਚ ਲਗਪਗ ਸਾਰੇ ਵਿਦਿਆਰਥੀ ਸ਼ਹਿਰ ਦੇ ਅੰਗਰੇਜ਼ੀ ਸਕੂਲਾਂ ਦੇ ਪੜ੍ਹੇ ਹੋਏ। ਇਹ ਵੀ ਅਧਿਆਪਕਾਂ ਤੋਂ ਹਰੇਕ ਪੁੱਛ ਅੰਗਰੇਜ਼ੀ ਵਿਚ ਹੀ ਕਰਦੇ, ਜਵਾਬ ਉਸ ਤੋਂ ਵੀ ਭਿਆਨਕ (ਲਗਦੀ) ਅੰਗਰੇਜ਼ੀ 'ਚ ਆਉਂਦਾ। ਮੈਂ ਕਿਸੇ ਡਰਾਉਣੇ ਸੰਸਾਰ ਵਿਚ ਆਇਆ ਮਹਿਸੂਸ ਕਰਦਾ, ਬੱਸ ਸਭ ਦੇ ਮੂੰਹਾਂ ਵੱਲ ਦੇਖਦਾ ਰਹਿੰਦਾ। ਹੋਸਟਲ ਵਿਚ ਵੀ ਮੇਰੇ ਵਰਗਾ ਮੇਰਾ ਕੋਈ ਜਮਾਤੀ ਨਹੀਂ ਸੀ, ਜਿਸ ਨਾਲ ਆਪਣੀ ਸਮੱਸਿਆ ਵਿਚਾਰੀ ਜਾਂਦੀ। ਹੋਸਟਲ ਵਿਚ ਤਾਂ ਬਹੁਤੇ ਵਿਦਿਆਰਥੀ ਕਮੱਰਸ, ਗਣਿਤ ਜਾਂ ਭੂਗੋਲ ਦੀ M.A. ਦੇ ਸਨ, ਜਾਂ ਸਪੋਰਟਸ ਵਿੰਗ ਵਾਲੇ ਸਨ। ਗਿਆਰਵੀਂ ਦੀ ਅੰਗਰੇਜ਼ੀ ਵਾਲੀ ਸਾਇੰਸ ਦਾ ਦਸਵੀਂ ਵਿਚ ਚੰਗੇ ਨੰਬਰ ਲੈ ਕੇ ਪੰਜਾਬੀ 'ਚ ਪਾਸ ਕੀਤੀ ਸਾਇੰਸ ਨਾਲ ਕੋਈ ਸਬੰਧ ਨਹੀਂ ਸੀ ਜੁੜਦਾ ਦਿਸਦਾ। ਐਟਮ, ਮਾਲੀਕਿਊਲ, ਡੈਂਸਟੀ, ਵਿਲਾਸਟੀ ਅਸਲੋਂ ਹੀ ਨਵੀਆਂ ਚੀਜ਼ਾਂ ਬਣ ਗਈਆਂ। ਇਕ ਮਾੜੇ

Original with;
Jaswant Singh Zafar
Digitized by;
Panjab Digital Library

ਪੰਜਾਬੀ ਸਰਕਾਰੀ ਸਕੂਲ 'ਚ ਘੱਟ ਸਮਾਂ ਦੇ ਕੇ 79% ਨੰਬਰ ਲੈਣ ਵਾਲੇ ਵਿਦਿਆਰਥੀ ਨੂੰ ਅੰਗਰੇਜ਼ੀ ਦੀ ਸਾਇੰਸ ਪੜ੍ਹਦਿਆਂ ਪਾਸ ਹੋਣ ਦੇ ਲਾਲੇ ਪੈ ਗਏ। ਸਕੂਲ ਦੌਰਾਨ ਜ਼ਿਲ੍ਹਾ ਪੱਧਰ ਦੀਆਂ ਖੇਡਾਂ ਵਿਚ ਚੰਗੀਆ ਪੁਜੀਸ਼ਨਾ ਜਿੱਤੀਆਂ ਸਨ, ਪਰ ਕਾਲਜ ਵਿਚ ਖੇਡਣ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਤੰਗੀ ਤੁਰਸ਼ੀ ਨਾਲ ਪੜ੍ਹਾ ਰਹੇ ਘਰਦਿਆਂ ਨੂੰ ਆਪਣੀ ਪੜ੍ਹਾਈ ਦੀ ਪਤਲੀ ਪੈ ਗਈ ਹਾਲਤ ਬਾਰੇ ਦੱਸ ਕੇ ਨਿਰਾਸ਼ ਨਹੀਂ ਸੀ ਕੀਤਾ ਜਾ ਸਕਦਾ। ਹੋਸਟਲ ਵਿਚ ਜਾਂ ਘਰੇ ਇਕੱਲਾ ਛੁਪ ਕੇ ਅਣਗਿਣਤ ਵਾਰ ਰੋਇਆ। ਅੰਗਰੇਜ਼ੀ ਮਾਧਿਅਮ ਦੀ ਗਿਆਰਵੀਂ ਜਮਾਤ (ਪ੍ਰੀ-ਯੁਨੀਵਰਸਿਟੀ) ਰੋ-ਪਿੱਟ ਕੇ ਮਸਾਂ ਪਾਸ ਕੀਤੀ।

ਓਦੋਂ ਪੰਜਾਬ ਵਿਚ ਕੇਵਲ ਢਾਈ ਇੰਜਨੀਅਰਿੰਗ ਕਾਲਜ ਸਨ। ਇਕ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ, ਇਕ ਥਾਪਰ ਕਾਲਜ ਪਟਿਆਲਾ ਅਤੇ ਅੱਧਾ ਪੰਜਾਬ ਇੰਜਨੀਅਰਿੰਗ ਕਾਲਜ ਚੰਡੀਗੜ੍ਹ। ਮੈਂ ਸਿਰਫ਼ ਦਿਹਾਤੀ ਖੇਤਰ ਦੇ ਵਿਦਿਆਰਥੀਆਂ ਲਈ 70% ਰਾਖਵੀਆਂ ਸੀਟਾਂ ਵਾਲੇ ਗੁਰੂ ਨਾਨਕ ਇੰਨਜਿਰਿੰਗ ਕਾਲਜ ਵਿਚ ਦਾਖਲੇ ਬਾਰੇ ਹੀ ਸੋਚ ਸਕਦਾ ਸਾਂ। ਪਰ ਇਸ ਕੈਟਾਗਰੀ ਵਿਚ ਦਾਖਲਾ ਲੈਣ ਲਈ ਵੀ ਬਾਹਰਵੀਂ ਜਮਾਤ (ਪ੍ਰੀ ਇੰਜਨੀਅਰਿੰਗ) ਵਿਚ ਲਗਪਗ 65% ਨੰਬਰਾਂ ਦੀ ਲੋੜ ਸੀ। ਗਿਆਰਵੀਂ ਜਮਾਤ ਵਿਚ ਹੋਈਆਂ ਹੀਲ੍ਹਾਂ ਕਾਰਨ ਇਹ ਸੋਚ ਲਿਆ ਗਿਆ ਕਿ ਪ੍ਰੀ-ਇੰਜਨੀਰਿੰਗ 'ਚ 65% ਦੇ ਕਰੀਬ ਨੰਬਰ ਲੈਣ ਲਈ 2 ਸਾਲ ਲਾਉਣੇ ਪੈਣਗੇ। ਇਹਨਾਂ ਦੋ ਸਾਲਾਂ ਵਿਚ ਵੀ ਅੰਗਰੇਜ਼ੀ ਮੇਰੇ ਅਤੇ ਮੇਰੇ ਮਨ ਪਸੰਦ ਸਾਇੰਸ ਦੇ ਵਿਸ਼ਿਆਂ ਵਿਚਾਲੇ ਡਰਾਉਣਾ ਰੂਪ ਧਾਰੀ ਖੜ੍ਹੀ ਰਹੀ। ਪੜ੍ਹਨਾ ਅੰਗਰੇਜ਼ੀ ਵਿਚ, ਉਸਨੂੰ ਸਮਝਣਾ ਪੰਜਾਬੀ ਬਣਾ ਕੇ, ਇਮਤਿਹਾਨ 'ਚ ਫਿਰ ਉਸਦੀ ਅੰਗਰੇਜ਼ੀ ਬਣਾ ਕੇ ਲਿਖਣਾ, ਤੀਹਰੀ ਮੁਸ਼ੱਕਤ, ਪਹਿਲੇ ਪੜਾਅ ਦਾ ਪੜ੍ਹਿਆ ਤੀਜੇ ਪੜਾਅ 'ਤੇ ਪਹੁੰਚਦਿਆਂ ਕਾਫੀ ਖੁਰ ਭੁਰ ਜਾਂਦਾ ਸੀ। ਫਿਜ਼ਿਕਸ ਦੇ ਅਧਿਆਪਕ ਪ੍ਰੋ. ਪਿਆਰਾ ਸਿੰਘ ਟਾਵੀਂ-ਟਾਵੀਂ ਗੱਲ ਪੰਜਾਬੀ 'ਚ ਸਮਝਾਉਂਦੇ ਤਾਂ ਤਪਦੇ ਥਲ ਤੇ ਕਣੀਆਂ ਪੈਣ ਵਰਗਾ ਅਹਿਸਾਸ ਹੁੰਦਾ। ਜੋ ਚੀਜ਼ ਸਮਝਣੀ ਸਭ ਤੋਂ ਮੁਸ਼ਕਿਲ ਲੱਗਦੀ ਸੀ ਉਹ ਸੀ Electricty ਤੇ Magnetism। ਇਸ ਦੀ ਪਾਠ ਪੁਸਤਕ ਪ੍ਰੋ. ਪਿਆਰਾ ਸਿੰਘ ਦੀ ਲਿਖੀ ਹੋਈ ਸੀ। ਸੋਚਿਆ ਕਿ ਇਸ ਨੂੰ ਸਮਝਣ ਲਈ ਉਹਨਾਂ ਕੋਲ ਟਿਊਸ਼ਨ ਰੱਖੀ ਜਾਏ ਤਾਂ ਕਿ ਉਹ ਇਸ ਨੂੰ ਪੰਜਾਬੀ 'ਚ ਟਿਕਾ ਕੇ ਸਮਝਾ ਦੇਣ। ਅਸੀਂ 4 ਪੇਂਡੂ ਵਿਦਿਆਰਥੀ ਇਕ ਸ਼ਾਮ ਉਹਨਾਂ ਨੂੰ ਘਰ ਜਾ ਮਿਲੇ। ਉਹ ਨਵੇਂ-ਨਵੇਂ ਪ੍ਰਿਸੀਪਲ ਬਣੇ ਸਨ, ਪਹਿਲਾਂ ਨਾਂਹ ਨੁੱਕਰ ਕੀਤੀ, ਪਰ ਸਾਡੀ ਲਗਨ ਤੇ ਮੁਸ਼ਕਲ ਨੂੰ ਸਮਝਦਿਆਂ ਉਹ ਸਿਰਫ਼ ਇਕ ਮਹੀਨੇ ਲਈ ਪੜ੍ਹਾਉਣ ਲਈ ਰਾਜ਼ੀ ਹੋਏ। ਇਕ ਮਹੀਨਾ ਉਹਨਾਂ ਸਾਨੂੰ Electricty ਤੇ Magnetism ਗ਼ੈਰ ਰਸਮੀ ਢੰਗ ਨਾਲ

Original with;
Jaswant Singh Zafar
Digitized by;
Panjab Digital Library

ਘਰਦਿਆਂ ਵਾਂਗ ਪੰਜਾਬੀ 'ਚ ਸਮਝਾਇਆ। ਚਾਰਜ, ਵੋਲਟੇਜ, ਕਰੰਟ, ਬਿਜਲੀ ਤੇ ਚੁੰਬਕੀ ਖੇਤਰ, ਇੰਡਕਟੈਂਸ, ਕਪੈਸਟੈਂਸ ਵਰਗੀਆਂ ਬੁਨਿਆਦੀ ਚੀਜ਼ਾਂ ਦੇ ਅਜਿਹੇ ਫੰਡੇ ਕਲੀਅਰ ਕੀਤੇ ਕਿ ਦਿਲ ਅਸ਼-ਅਸ਼ ਕਰ ਉੱਠੇ। ਇਸ ਵਿਸ਼ੇ 'ਚ ਡਿਫਰੈਂਸ਼ੀਏਸ਼ਨ ਅਤੇ ਇੰਟੈਗਰੇਸ਼ਨ ਦੀ ਵਰਤੋਂ ਬਹੁਤ ਹੁੰਦੀ ਹੈ। ਪ੍ਰੋ. ਸਾਹਿਬ ਦੇ ਪੜ੍ਹਾਉਣ ਨਾਲ ਇਹਨਾਂ ਦੋਵਾਂ ਦੀ ਬੁਨਿਆਦੀ ਸਮਝ ਏਨੀ ਪੱਕ ਗਈ ਕਿ ਇਹਨਾਂ ਦੇ ਮੂਲ ਵਿਸ਼ੇ ਗਣਿਤ ਦੇ ਅਧਿਆਪਕ ਆਪਣੀ ਅੰਗਰੇਜ਼ੀ ਨਾਲ ਸਾਡੇ ਦਿਮਾਗਾਂ 'ਚ ਨਹੀਂ ਪਾ ਸਕੇ ਸਨ। ਪੂਰੇ 30 ਦਿਨਾਂ ਬਾਅਦ ਉਹਨਾਂ ਟੈਸਟ ਲਿਆ, ਸਾਡੇ ਚਾਰਾਂ ਦੇ ਪੂਰੇ-ਪੂਰੇ ਨੰਬਰ ਆਏ। ਇਸ ਵਿਸ਼ੇ ਵਿਚ ਅਜਿਹੀ ਦਿਲਚਸਪੀ ਪੈਦਾ ਹੋਈ ਕਿ ਫ਼ੈਸਲਾ ਕਰ ਲਿਆ ਕਿ ਡਿਗਰੀ ਸਿਰਫ਼ ਤੇ ਸਿਰਫ਼ ਇਲੈਕਟ੍ਰੀਕਲ ਇੰਜਨੀਅਰਿੰਗ ਦੀ. ਹੀ ਕਰਨੀ ਹੈ।

ਦੋ ਸਾਲ ਲਗਾ ਕੇ ਦਿੱਤੇ ਪ੍ਰੀ-ਇੰਜਨਅਰਿੰਗ ਦੇ ਸਲਾਨਾ ਇਮਤਿਹਾਨ 'ਚ ਔਸਤ ਨੰਬਰਾਂ ਦੀ ਗੱਡੀ 62% ਤੋਂ ਅੱਗੇ ਨਾ ਟੱਪੀ ਜਦ ਕਿ ਗੁਰੂ ਨਾਨਕ ਇੰਜਨੀਰਿੰਗ ਕਾਲਜ ਵਿਚ ਪੇਂਡੂ ਖੇਤਰ ਦੇ ਵਿਦਿਆਰਥੀਆਂ ਦੀ ਮੈਰਿਟ 66% ਤੋਂ ਹੇਠਾਂ ਨਾ ਆਈ। ਕੋਈ ਜੋੜ-ਤੋੜ ਜਾਂ ਸਿਫਾਰਸ਼ ਵੀ ਨਾ ਚੱਲੀ। ਇਹ 1984 ਦੀ ਗੱਲ ਹੈ, ਇੰਜਨੀਅਰਿੰਗ ਦੀ ਡਿਗਰੀ 'ਚ ਦਾਖਲਾ ਨਾ ਮਿਲਿਆ। ਬੀ.ਏ. ਜਾਂ ਬੀ.ਐਸ ਸੀ. ਕਰਨ ਲਈ ਹੋਸਟਲ ਰਹਿ ਕੇ ਪੜ੍ਹਨ ਦਾ ਹਿਆਂ ਨਹੀਂ ਪਿਆ। ਪੜ੍ਹਾਈ ਛੱਡ ਪਿੰਡ ਆ ਗਿਆ, ਘਰਦਿਆਂ ਨਾਲ ਖੇਤੀ ਕਰਾਉਣ ਲੱਗਾ। ਛੋਟੇ ਪੱਧਰ 'ਤੇ ਪੋਲਟਰੀ ਫਾਰਮ ਸ਼ੁਰੂ ਕੀਤਾ। ਪੀ. ਏ. ਯੂ. ਤੋਂ ਮੁਰਗੀ ਪਾਲਣ ਸਬੰਧੀ 15 ਦਿਨ ਦੀ ਟ੍ਰੇਨਿੰਗ ਵੀ ਲਈ।

1985 ਦੀਆਂ ਗਰਮੀਆਂ ਵਿਚ ਝੋਨਾ ਲਾਉਣ ਲਈ ਕੱਦੂ ਕਰਦੇ ਨੂੰ ਮਾਓ ਸਾਹਿਬ ਦੇ ਮੇਲੇ ਤੋਂ ਪਰਤੇ ਪਿਤਾ ਜੀ ਨੇ ਸੂਚਨਾ ਦਿੱਤੀ, "ਐਤਕੀਂ ਤਿੰਨਾਂ ਇੰਜਨੀਰਿੰਗ ਕਾਲਜਾਂ ਵਿਚ ਦਾਖਲਾ ਸਾਂਝੇ ਦਾਖਲਾ ਟੈਸਟ ਨਾਲ ਹੋਣਾ ਹੈ, ਦਾਖਲਾ ਭਰਨ ਦੀ ਆਖਰੀ ਤਰੀਕ ਪਰਸੋਂ ਤੱਕ ਹੈ, ਟੈਸਟ ਦੀ ਫੀਸ 75 ਰੁ. ਹੈ।" ਉਹਨਾਂ ਦੀ ਰਾਏ ਸੀ ਕਿ ਮੈਨੂੰ ਤੁਰੰਤ ਫਾਰਮ ਭਰ ਕੇ ਜਮ੍ਹਾਂ ਕਰਾਉਣਾ ਚਾਹੀਦਾ ਹੈ। ਪਰ ਮੈਂ ਸਾਲ ਪਹਿਲਾਂ ਪੜ੍ਹਾਈ ਛੱਡ ਚੁੱਕਾ ਸੀ, ਬਹੁਤਾ ਕੁਝ ਭੁੱਲ ਭੁਲਾ ਗਿਆ ਸੀ। ਮੈਂ ਮੰਨਿਆਂ ਨਾ ਕਿ ਕਾਹਨੂੰ 75 ਰੁ. ਅਤੇ ਕੰਮ ਦੇ 15-20 ਦਿਨ ਖਰਾਬ ਕਰਨੇ ਹਨ। ਪਰ ਘਰਦਿਆਂ ਦੇ ਤਾਕੀਦ ਕਰਨ ਅਤੇ ਮੇਰੇ ਤੋਂ 75 ਰੁ. ਕੁਰਬਾਨ ਕਰਨ ਦੇ ਫ਼ੈਸਲੇ ਦੀ ਪਾਲਣਾ ਕਰਦਿਆਂ ਅਗਲੇ ਦਿਨ ਲੁਧਿਆਣੇ ਜਾ ਕੇ ਫਾਰਮ ਮੁਕੰਮਲ ਕੀਤੇ ਅਤੇ 75 ਰੁ. ਸਮੇਤ ਇਥੇ ਪੰਜਾਬ ਯੂਨੀਵਰਸਿਟੀ ਦੀ ਐਕਸਟੈਂਸ਼ਨ ਲਾਇਬ੍ਰੇਰੀ 'ਚ ਜਮ੍ਹਾਂ ਕਰਾ ਦਿੱਤੇ। ਅਣਮੰਨੇ ਮਨ ਨਾਲ ਕਿਤਾਬਾਂ ਤੇ ਨੋਟਸਾਂ ਤੋਂ ਗਰਦ ਝਾੜੀ। ਕਿਸੇ ਕੋਚਿੰਗ ਜਾਂ ਕਰੈਸ਼ ਕੋਰਸ ਦਾ ਪ੍ਰਬੰਧ ਨਹੀਂ ਸੀ।

Original with;
Jaswant Singh Zafar
Digitized by;
Panjab Digital Library

15-20 ਦਿਨਾਂ 'ਚ ਫਿਜ਼ਿਕਸ, ਕੈਮਿਸਟਰੀ ਅਤੇ ਗਣਿਤ ਨੂੰ ਮੋਟੀ-ਮੋਟੀ ਨਜ਼ਰ ਮਾਰੀ। ਚੰਡੀਗੜ੍ਹ ਜਾ ਕੇ ਟੈਸਟ ਦਿੱਤਾ। ਫਿਜ਼ਿਕਸ ਅਤੇ ਕੈਮਿਸਟਰੀ ਦਾ ਅੱਧਾ ਅੱਧਾ ਪੇਪਰ ਆਬਜੈਕਟਿਵ ਟਾਈਪ ਸੀ ਅਤੇ ਅੱਧੇ ਲਈ ਅੰਗਰੇਜ਼ੀ ਲਿਖਣੀ ਪੈਣੀ ਸੀ। ਪਹਿਲੇ ਅੱਧ ਦੇ ਸਾਰੇ ਸਵਾਲਾਂ ਦੇ ਉਤਰ ਇਕ ਇਕ ਸ਼ਬਦ ਵਿਚ ਦੇ ਕੇ ਜਾਂ ਦਿੱਤੇ ਹੋਏ ਚਾਰਾਂ ਵਿਚੋਂ ਇਕ ਠੀਕ ਉਤਰ ਚੁਣ ਕੇ ਫਟਾ-ਫਟ ਕੰਮ ਨਿਪਟਾ ਲਿਆ ਸੀ। ਦੂਸਰੇ ਅੱਧ 'ਚ ਪੁੱਛੀਆਂ ਗਈਆਂ ਕਈ Derivations ਮੈਂ ਸਮਾਂ ਪੈਣ ਕਰਕੇ ਭੁਲਿਆ ਹੋਇਆ ਸੀ। ਕਈ ਸਵਾਲਾਂ ਦੀ ਸਮਝ ਹੋਣ ਦੇ ਬਾਵਜੂਦ ਇਹਨਾਂ ਦੇ ਉਤਰ ਤਸੱਲੀ ਬਖ਼ਸ਼ ਢੰਗ ਨਾਲ ਲਿਖ ਨਹੀਂ ਸਨ ਹੋਏ। ਪਰ ਕੁੱਲ ਮਿਲਾ ਕੇ ਨਤੀਜਾ ਇਹ ਨਿਕਲਿਆ ਕਿ ਮੈਂ ਆਪਣੀ ਮਨ ਪਸੰਦ ਇਲੈਕਟ੍ਰੀਕਲ ਇੰਜਨੀਅਰਿੰਗ ਵਿਚ ਲੁਧਿਆਣੇ, ਪਟਿਆਲੇ ਜਾਂ ਚੰਡੀਗੜ੍ਹ ਦੇ ਕਾਲਜਾਂ 'ਚੋਂ ਕਿਤੇ ਵੀ ਬਿਨਾਂ ਕਿਸੇ ਵੀ ਰਿਜ਼ਰਵੇਸ਼ਨ ਦੇ Open Merit ਦੇ ਆਧਾਰ 'ਤੇ ਦਾਖਲਾ ਲੈ ਸਕਦਾ ਸਾਂ। ਮੈਨੂੰ ਇਹ ਅਨੁਮਾਨ ਲਗਾ ਕੇ ਹੈਰਾਨੀ ਹੋ ਰਹੀ ਸੀ ਕਿ ਜੇ ਇਹੀ ਟੈਸਟ ਪਿਛਲੇ ਸਾਲ ਦੇਣਾ ਹੁੰਦਾ ਤਾਂ ਪੰਜਾਬ ਚੋਂ ਮੇਰੀ ਪੁਜ਼ੀਸ਼ਨ ਪਹਿਲੀਆਂ ਦਸਾਂ 'ਚੋਂ ਕੋਈ ਹੁੰਦੀ। ਪੜ੍ਹਾਈ ਵਲੋਂ ਮਰ-ਮੁੱਕ ਚੁੱਕਾ ਆਤਮ ਵਿਸ਼ਵਾਸ ਰਾਤੋ ਰਾਤ ਅਸਮਾਨ ਛੂਹਣ ਲੱਗਾ। ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਵਿਚ ਇਲੈਕਟ੍ਰੀਕਲ ਇੰਜਨੀਅਰਿੰਗ ਦੀ ਡਿਗਰੀ 'ਚ ਦਾਖਲ ਹੋ ਗਿਆ।

ਇਸ ਕਾਲਜ ਵਿਚ ਖਾਸ ਕਰਕੇ ਹੋਸਟਲ ਵਿਚ ਬਹੁ-ਗਿਣਤੀ ਪੰਜਾਬੀ ਸਕੂਲਾਂ 'ਚ ਪੜ੍ਹੇ ਪੇਂਡੂ ਮੁੰਡਿਆਂ ਦੀ ਸੀ। ਇੰਜਨੀਅਰਿੰਗ ਦੇ ਤਕਰੀਬਨ ਸਾਰੇ ਅਧਿਆਪਕ ਵੀ ਇਸੇ ਕਾਲਜ ਦੇ ਪੜ੍ਹੇ ਹੋਏ ਇਸੇ ਤਰ੍ਹਾਂ ਦੇ ਸਨ। ਉਹ ਗੌਰਮਿੰਟ ਕਾਲਜ ਤੋਂ ਉਲਟ ਦੇਸੀ ਪੰਜਾਬੀ ਢੰਗ ਨਾਲ ਪੜ੍ਹਾਉਂਦੇ ਸਨ। ਅਸੀਂ ਵਿਦਿਆਰਥੀ ਆਪਸ ਵਿਚ ਇਹਨਾਂ ਵਿਸ਼ਿਆਂ ਦੀਆਂ ਘੁੰਡੀਆਂ ਪੰਜਾਬੀ ਵਿਚ ਹੀ ਸਮਝਦੇ ਅਤੇ ਸੁਲਝਾਉਂਦੇ ਸਾਂ। ਜਿਹੜੇ ਅਧਿਆਪਕ ਬਹੁਤੇ ਪੜ੍ਹਿਆਂ ਲਿਖਿਆਂ ਵਾਂਗ ਵੱਧ ਅੰਗਰੇਜ਼ੀ 'ਚ ਮੂੰਹ ਸਵਾਰ ਸਵਾਰ ਕੇ ਪੜ੍ਹਾਉਂਦੇ ਸਨ ਉਹਨਾਂ ਦੇ ਵਿਸ਼ਿਆਂ 'ਤੇ ਆਪ ਵਧੇਰੇ ਮਿਹਨਤ ਕਰਨੀ ਪੈਂਦੀ ਸੀ। ਜਾਂ ਪਹਿਲੇ ਸਾਲ ਫਜ਼ਿਕਸ, ਕੈਮਿਸਟਰੀ ਤੇ ਗਣਿਤ ਵਿਸ਼ਿਆਂ ਦੇ ਅਧਿਆਪਕ ਕਿਉਂਕਿ ਰਵਾਇਤੀ ਢੰਗ ਦੇ ਅਧਿਆਪਨ ਵਾਲੇ ਸਨ, ਇਹ 11ਵੀਂ-12ਵੀਂ ਦੇ ਗੌਰਮਿੰਟ ਕਾਲਜ ਵਾਲੇ ਅਧਿਆਪਕਾਂ ਵਾਂਗ ਔਖੇ ਲੱਗਦੇ ਸਨ। ਇਸ ਕਰਕੇ ਪਹਿਲੇ ਸਾਲ ਔਸਤ 62% ਨੰਬਰ ਹੀ ਆਏ। ਅਗਲੇ ਤਿੰਨ ਸਾਲ ਤਾਂ ਕੋਈ ਅਧਿਆਪਕ ਜਿੰਨਾ ਜ਼ਿਆਦਾ ਪੰਜਾਬੀ ਤੇ ਜਟਕਾ, ਓਨਾ ਉਸਦਾ ਵਿਸ਼ਾ ਜ਼ਿਆਦਾ ਸੌਖਾ ਅਤੇ ਵਧੇਰੇ ਨੰਬਰ। ਪੇਪਰਾਂ 'ਚ ਵਰਨਣ ਕਰਨ ਲਈ ਲੰਮੀ ਚੌੜੀ ਅੰਗਰੇਜ਼ੀ ਦੀ ਲੋੜ ਨਾ ਸੀ, 12ਵੀਂ ਜਮਾਤ ਤੱਕ ਪੜ੍ਹੀ ਅੰਗਰੇਜ਼ੀ ਨਾਲ ਕੰਮ ਚੱਲ ਜਾਂਦਾ ਸੀ। ਇਲੈਕਟ੍ਰੀਕਲ ਇੰਜਨੀਅਰਿੰਗ ਨਾਲ

Original with;
Jaswant Singh Zafar
Digitized by;
Panjab Digital Library

ਸਬੰਧਤ ਅਗਲੀ ਸਾਰੀ ਸ਼ਬਦਾਵਲੀ ਪਹਿਲੀ ਵਾਰ ਇਸੇ ਇੱਕੋ ਭਾਸ਼ਾ ਵਿਚ ਸੁਣੀ ਸੀ। ਸਾਰੇ ਚਰਚੇ ਤਾਂ ਪੰਜਾਬੀ 'ਚ ਹੀ ਹੁੰਦੇ ਸਨ, ਜਿਵੇਂ ਪਿੰਡਾਂ ਦੇ ਖੁੰਢਾਂ 'ਤੇ ਗੱਲਾਂ ਕਰੀਦੀਆਂ ਹਨ। ਪੰਜਾਬੀ ਵੀ ਪੰਜਾਬ ਦੇ ਹਰ ਕੋਨੇ ਦੀ। ਪੰਜਾਬ ਦੇ ਲਗਪਗ ਕੇਂਦਰ ਵਿਚ ਸਥਿਤ ਇਸ ਕਾਲਜ ਦੇ ਹੋਸਟਲ ਵਿਚ ਪੰਜਾਬ ਦੇ ਹਰ ਜ਼ਿਲ੍ਹੇ, ਹਰ ਤਹਿਸੀਲ ਅਤੇ ਹਰ ਬਲਾਕ ਦਾ ਵਿਦਿਆਰਥੀ ਪਾਇਆ ਜਾਂਦਾ ਸੀ, ਪੰਜਾਬੀ ਦੀ ਹਰ ਉਪਭਾਖਾ ਦਾ ਨਮੂਨਾ ਹਾਜ਼ਰ ਸੀ। ਪਹਿਲੇ ਸਾਲ ਤਾਂ ਇਕ ਦੂਸਰੇ ਦੀ ਪੰਜਾਬੀ ਦੇ ਭਾਸ਼ਾਈ ਰੰਗ ਦੇਖ ਕੇ ਹੱਸਦੇ ਅਤੇ ਛੇੜਦੇ ਸਨ ਪਰ ਆਖਰੀ ਸਾਲ ਤੱਕ ਸਭ ਦੀ ਭਾਸ਼ਾ ਘੁਲ-ਮਿਲ ਕੇ ਇਕ ਸਾਰ ਜਿਹੀ ਹੋ ਗਈ, ਕੋਈ ਕਿਸੇ ਲਈ ਓਪਰਾ ਨਾ ਰਿਹਾ।

ਕੰਪਿਊਟਰ ਦਾ ਵਿਸ਼ਾ ਨਵਾਂ-ਨਵਾਂ ਸ਼ੁਰੂ ਹੋਇਆ ਸੀ। ਸਾਡੇ ਕੰਪਿਊਟਰ ਦੇ ਵਿਸ਼ੇ ਦੇ ਅਧਿਆਪਕ ਨੂੰ ਅੰਗਰੇਜ਼ੀ ਬੋਲਣ ਦਾ ਬੜਾ ਚਾਅ ਸੀ। ਹਾਲਾਂ ਕਿ ਉਹ ਪੇਂਡੂ ਪਛੋਕੜ ਵਾਲੇ ਸਨ ਤੇ ਉਹਨਾਂ ਦਾ ਅੰਗਰੇਜ਼ੀ ਉਚਾਰਨ ਵੀ ਐਸਾ ਵੈਸਾ ਹੀ ਸੀ। ਆਇਰਨ ਨੂੰ ਐਰਨ ਅਤੇ Instantaneous ਨੂੰ Instaneous ਬੋਲਦੇ ਸਨ ਪਰ ਬੋਲਦੇ ਸਿਰਫ਼ ਅੰਗਰੇਜ਼ੀ 'ਚ ਸਨ। ਪੰਜਾਬੀ ਦਾ ਫ਼ਿਕਰਾ ਤਾਂ ਫਿਟਕਾਰਨ ਜਾਂ ਡਰਾਉਣ ਲਈ ਬੋਲਦੇ ਹਨ, "...ਹੀਂ ..ਹੀਂ ...ਹੀ... ਇਹ ਕੰਪਿਊਟਰ ਐ, ਐਡਾ ਸੌਖਾ ਨੀਂ...।" ਸਾਨੂੰ 100 ਕੁ ਸਫ਼ਿਆਂ ਦੀ ਕੰਪਿਊਟਰ ਦੀ ਕਿਤਾਬੜੀ ਬੜੀ ਡਰਾਉਣੀ ਲੱਗਦੀ ਸੀ। ਇਹਦੇ ਚੋਂ ਪਾਸ ਹੋਣ ਦੀ ਕਿਸੇ ਨੂੰ ਉਮੀਦ ਨਹੀਂ ਸੀ। ਪੇਪਰ ਤੋਂ ਪਹਿਲੀ ਰਾਤੇ ਸਾਰੇ ਬਿਨਾਂ ਤਿਆਰੀ ਤੋਂ ਇਸ ਬੇਉਮੀਦੀ ਨਾਲ ਸੌਂ ਗਏ ਕਿ ਸਮਝ ਤਾਂ ਕੁਛ ਆਉਣਾ ਨਹੀਂ, ਕੀ ਤਿਆਰੀ ਕਰਨੀ ਹੈ, ਪਾਸ ਤਾਂ ਹੋਣਾ ਨਹੀਂ। ਪਰ ਸਵੇਰੇ ਸਵੱਖਤੇ ਸਾਡੇ ਇਕ ਜਮਾਤੀ ਇੰਦਰਪਾਲ ਨੇ, ਜੋ ਅੰਮ੍ਰਿਤਸਰ ਦੇ ਅੰਗਰੇਜ਼ੀ ਸਕੂਲ ਦਾ ਪੜ੍ਹਿਆ ਹੋਇਆ ਸੀ, ਆਪਣੇ ਕਮਰੇ 'ਚੋਂ ਬਾਹਰ ਆ ਕੇ ਅਵਾਜ਼ਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ, "ਓਏ ਇਲੈਕਟ੍ਰੀਕਲ ਵਾਲੇ ਬਾਹਰ ਆ ਜਾਓ।" ਸਾਰਿਆਂ ਨੂੰ ਇਕੱਠੇ ਕਰ ਕੇ ਕਹਿੰਦਾ, "ਯਾਰ ਮੈਂ 2-3 ਘੰਟੇ ਮਨ ਮਾਰ ਕੇ ਕੰਪਿਊਟਰ ਦੀ ਸਾਰੀ ਕਹਾਣੀ ਸਮਝ ਲਈ ਹੈ।" ਜਿੰਨਾ ਕੁ ਉਸਨੂੰ ਸਮਝ ਆ ਗਿਆ ਸੀ ਉਸ ਨੇ ਘੰਟਾ ਕੁ ਲਗਾ ਕੇ ਸਾਰਿਆ ਨੂੰ ਪੰਜਾਬੀ ਵਿਚ ਸਮਝਾ ਦਿੱਤਾ। ਘੰਟਾ ਕੁ ਸਾਰਿਆਂ ਨੇ ਆਪਣੇ ਤੌਰ 'ਤੇ ਪੜ੍ਹ ਕੇ ਰਹਿੰਦੀਆਂ ਗੱਲਾਂ ਸਮਝ ਲਈਆਂ। 10 ਵਜੇ ਪੇਪਰ ਸੀ, ਸਾਰੇ ਚੰਗੇ ਨੰਬਰ ਲੈ ਕੇ ਪਾਸ ਹੋ ਗਏ। ਅਗਲੇ ਸਮੈਸਟਰ 'ਚ ਉਹੀ ਅਧਿਆਪਕ ਸਾਨੂੰ ਮਾਈਕ੍ਰੋ ਪ੍ਰਾਸੈਸਰ ਪੜ੍ਹਾਉਣ ਵਾਲੇ ਸਨ। ਸਾਰੀ ਕਲਾਸ ਨੇ ਬਗ਼ਾਵਤ ਕਰ ਦਿੱਤੀ ਕਿ ਉਨ੍ਹਾਂ ਤੋਂ ਅਸੀਂ ਨਹੀਂ ਪੜ੍ਹਨਾ। ਇਤਰਾਜ਼ ਬੜਾ ਸਿੱਧਾ ਸੀ: ਜਿਹੜਾ ਪੇਪਰ ਸਧਾਰਨ ਢੰਗ ਨਾਲ 2-4 ਘੰਟਿਆਂ 'ਚ ਪੜ੍ਹਾਇਆ, ਸਮਝਾਇਆ ਤੇ ਪਾਸ

Original with;
Jaswant Singh Zafar
Digitized by;
Panjab Digital Library

ਕਰਾਇਆ ਜਾ ਸਕਦਾ ਸੀ ਉਹਨਾਂ ਓਸ ਤੋਂ ਡਰਾਉਂਣ ਅਤੇ ਭਜਾਉਣ ਲਈ 4 ਮਹੀਨੇ ਖਰਾਬ ਕਰ ਦਿੱਤੇ। ਉਹਨਾਂ ਤੋਂ ਉਲਟ ਗਣਿਤ ਦੇ ਇਕ ਚਮਤਕਾਰੀ ਅਧਿਆਪਕ ਸਨ ਜੋ ਵੈਸੇ ਸਾਡੀ ਕਲਾਸ ਨੂੰ ਨਹੀਂ ਸਨ ਪੜ੍ਹਾਉਂਦੇ ਪਰ ਕਦੀ-ਕਦੀ ਕੋਈ ਖਾਲੀ ਪੀਰੀਅਡ ਲੈਂਦੇ ਸਨ। ਇਹ ਕੁੜਤਾ ਪਜਾਮਾ ਪਾਉਣ ਵਾਲੇ, ਉਚੇ ਲੰਮੇ, ਸ਼ਾਮ ਨੂੰ ਬਾਸਕਟ ਬਾਲ ਖੇਡਦੇ, ਖੁਲ੍ਹੀ ਦਾਹੜੀ ਵਾਲੇ ਦੇਸੀ ਬੰਦੇ ਸਨ। ਇਹਨਾਂ ਦਾ ਹਿਸਾਬ ਦੇ ਸਵਾਲ ਕਢਾਉਣ ਦਾ ਅਜਿਹਾ ਰੋਚਕ ਤਰੀਕਾ ਸੀ ਕਿ ਸਾਰੀ ਕਲਾਸ ਅਸ਼-ਅਸ਼ ਕਰ ਉਠਦੀ ਸੀ, ਦਿਲ ਦਿਮਾਗ 'ਚ ਤਾਜ਼ਗੀ ਭਰ ਦਿੰਦੇ ਸਨ।

ਇਲੈਕਟ੍ਰੀਕਲ ਇੰਜਨੀਅਰਿੰਗ ਦੇ ਸਾਰੇ ਪੇਪਰਾਂ 'ਚੋਂ ਮੈਂ ਪ੍ਰੋ. ਪਿਆਰਾ ਸਿੰਘ ਵਲੋਂ ਇਕ ਮਹੀਨਾ ਲਾ ਕੇ ਕਲੀਅਰ ਕੀਤੇ ਫੰਡਿਆਂ ਦੇ ਅਧਾਰ 'ਤੇ ਪਹਿਲੀ ਵਾਰੀ 'ਚ ਚੰਗੇ ਨੰਬਰ ਲੈ ਕੇ ਪਾਸ ਹੁੰਦਾ ਰਿਹਾ। ਪੜ੍ਹਾਉਂਦਿਆਂ ਸਮਝਾਉਂਦਿਆਂ ਜਦ ਅਧਿਆਪਕਾਂ ਨੇ ਕੋਈ ਨੁਕਤਾ ਜਾਂ ਘੁੰਢੀ ਸਪੱਸ਼ਟ ਕਰਨ ਲਈ ਜਮਾਤ ਅੱਗੇ ਕੋਈ ਸਵਾਲ ਰੱਖ ਕੇ ਹੱਥ ਖੜ੍ਹੇ ਕਰਾਉਣੇ ਅਤੇ ਵਾਰੀ ਸਿਰ ਵਿਦਿਆਰਥੀਆਂ ਤੋਂ ਪੁੱਛਣਾ ਤਾਂ ਮੇਰੀ ਵਾਰੀ ਲਗਪਗ ਅਖੀਰ 'ਤੇ ਰੱਖੀ ਜਾਂਦੀ ਸੀ। ਵਿਸ਼ਿਆਂ ਦੀ ਬੁਨਿਆਦੀ ਸਮਝ ਕਰਕੇ ਮੈਨੂੰ ਅਧਿਆਪਕਾਂ ਤੋਂ ਮਿਲਣ ਵਾਲੇ ਸੁਨੇਹ ਵਿਚ ਆਦਰ ਦੀ ਪੁੱਠ ਵੀ ਮਹਿਸੂਸ ਹੁੰਦੀ ਸੀ। ਸਾਰੇ ਅਧਿਆਪਕ ਆਪਣੇ ਵਿਸ਼ੇ ਵਿਚ 2-3 ਕਲਾਸ ਟੈਸਟ ਦਿੰਦੇ ਸਨ ਜਿੰਨ੍ਹਾਂ ਦੇ ਅਧਾਰ 'ਤੇ ਉਹ 10-20 ਨੰਬਰਾਂ ਦੀ ਇੰਟਰਨਲ ਅਸੈਸਮੈਂਟ ਲਗਾਉਂਦੇ ਸਨ। ਇਹਨਾਂ ਟੈਸਟਾਂ ਦੀ ਚੰਗੀ ਤਿਆਰੀ ਕਰਨ ਨਾਲ ਇੰਟਰਨਲ ਅਸੈਸਮੈਂਟ ਦੇ ਚੰਗੇ ਨੰਬਰ ਮਿਲ ਜਾਂਦੇ ਰਹੇ ਅਤੇ ਸਮੈਸਟਰ ਦੇ ਪੱਕੇ ਪੇਪਰਾਂ ਦੀ ਪਾਸ ਹੋਣ ਜੋਗੀ ਤਾਂ ਤਿਆਰੀ ਵੀ ਹੋ ਜਾਂਦੀ ਸੀ। ਪੱਕੇ ਛਮਾਹੀ ਪੇਪਰਾਂ 'ਚ ਕਈ ਵਿਸ਼ਿਆਂ ਦੇ ਜ਼ੁਬਾਨੀ ਪਰਚੇ (Viva Vosa) ਵੀ ਹੁੰਦੇ ਸਨ। ਪੰਜਾਬੀ 'ਚ ਹੋਣ ਵਾਲੇ ਇਸ ਬਚਨ-ਬਿਲਾਸ 'ਚ ਲਗਪਗ ਸਾਰੀ ਕਲਾਸ ਨਾਲੋਂ ਵਧੇਰੇ ਨੰਬਰ ਮਿਲਦੇ ਰਹੇ। ਪਰ ਕੁਲ ਮਿਲਾ ਕੇ ਬਣਦੇ ਤਕਰੀਬਨ 72% ਅੰਕਾਂ ਨਾਲ ਮੇਰਾ 35 ਕੁ ਦੀ ਕਲਾਸ 'ਚੋਂ 7ਵਾਂ-8ਵਾਂ ਸਥਾਨ ਸੀ। ਮੇਰੇ ਤੋਂ ਅਗਲੇ 6-7 ਵਿਦਿਆਰਥੀ ਅੰਗਰੇਜ਼ੀ ਸਕੂਲਾਂ ਵਾਲੇ ਸਨ।

ਸਾਡੇ ਆਖਰੀ ਸਾਲ ਦੇ ਆਖਰੀ ਇਮਤਿਹਾਨ ਤੋਂ ਪਹਿਲਾਂ ਰਾਸ਼ਟਰੀ ਤਾਪ ਨਿਗਮ ਲਿਮ. (NTPC) ਨੇ ਇੰਜਨੀਅਰਿੰਗ ਅਫ਼ਸਰਾਂ ਦੀ ਭਰਤੀ ਲਈ ਟੈਸਟ ਲਿਆ। ਸਾਡੀ ਲਗਪਗ ਸਾਰੀ ਕਲਾਸ ਇਹ ਟੈਸਟ ਦੇਣ ਲਈ ਚੰਡੀਗੜ੍ਹ ਢੁੱਕੀ। ਟੈਸਟ ਆਬਜੈਕਟਿਵ ਢੰਗ ਦਾ ਸੀ। ਅਸੀਂ ਸਾਰੇ ਪਰਚਾ ਚੰਗਾ ਹੋਣ 'ਤੇ ਖੁਸ਼ ਸਾਂ। ਕੁਛ ਦਿਨ ਬਾਅਦ ਜਦ ਅਸੀਂ ਹੋਸਟਲ ਵਾਲੇ ਸਾਰੇ ਜਮਾਤੀ ਦੁਪਹਿਰ ਦੀ ਬਰੇਕ ਵੇਲੇ ਦਾਸ ਦੀ ਕੰਟੀਨ 'ਤੇ ਬੈਠੇ ਸਾਂ ਤਾਂ ਇਕ ਜਣਾ ਦੌੜ ਕੇ ਕੋਲੋਂ ਲੰਘਦੇ ਡਾਕੀਏ ਕੋਲ ਗਿਆ। ਉਹਦੇ ਸਾਈਕਲ ਦੀ ਟੋਕਰੀ ਵਿਚਲਾ ਮਾਲ ਫਰੋਲਣ

Original with;
Jaswant Singh Zafar
Digitized by;
Panjab Digital Library

ਲੱਗਾ। ਪਿਛਿਓਂ ਕਈਆਂ ਨੇ ਆਵਾਜ਼ਾਂ ਮਾਰੀਆਂ,"ਮੇਰੀ ਵੀ ਜੇ ਚਿੱਠੀ ਹੋਈ ਤਾਂ ਲੈ ਆਈਂ।" ਉਹ ਕੇਵਲ ਇਕ ਚਿੱਠੀ ਲੈ ਕੇ ਪਰਤਿਆ, ਹਵਾ 'ਚ ਲਹਿਰਾਉਂਦਿਆਂ ਕਹਿਣ ਲੱਗਾ,"ਲਓ ਬਈ ਮਿੱਤਰੋ NTPC ਤੋਂ ਕੇਵਲ ਇਕ ਬੰਦੇ ਲਈ Selection ਪੱਤਰ ਆਇਆ ਹੈ, ਬੁੱਝੋ ਕਿਸ ਦਾ ਹੈ?" ਉਤਰ ਵਿਚ ਕਈਆਂ ਨੇ ਇਕੱਠਿਆਂ ਮੇਰਾ ਨਾਂ ਲਿਆ। ਕਿਆਫ਼ਾ ਠੀਕ ਸੀ। ਪੰਜਾਬ ਦੇ ਕਾਲਜਾਂ 'ਚੋਂ ਦੋ ਜਣੇ ਚੁਣੇ ਗਏ ਸਨ। ਦੂਸਰਾ ਥਾਪਰ ਕਾਲਜ ਪਟਿਆਲਾ ਦਾ ਸੀ, ਉਹ ਵੀ ਮੇਰੇ ਵਰਗਾ ਦੇਸੀ ਸੀ।

ਪੜ੍ਹਾਈ ਦੌਰਾਨ ਮੈਂ ਬਹੁਤਾ ਪੜ੍ਹਾਕੂ ਕਿਸਮ ਦਾ ਵਿਦਿਆਰਥੀ ਨਹੀਂ ਸੀ। ਪਹਿਲੇ ਸਾਲ ਤੋਂ ਰੋਜ਼ਾਨਾ ਵਾਲੀਵਾਲ ਖੇਡਣ ਦੀ ਰੁਟੀਨ ਸੀ। ਤੀਸਰੇ ਸਾਲ ਕਾਲਜ ਵਾਲੀਬਾਲ ਟੀਮ ਦਾ ਉਪ ਕਪਤਾਨ ਤੇ ਆਖਰੀ ਸਾਲ ਕਪਤਾਨ ਬਣਿਆਂ। ਇਹ ਟੀਮ ਉਤਰੀ ਭਾਰਤ ਦੇ ਇੰਜਨੀਅਰਿੰਗ ਦੇ ਅੰਤਰ ਕਾਲਜ ਟੂਰਨਾਮੈਂਟਾਂ 'ਚ ਪਹਿਲੇ ਜਾਂ ਦੂਜੇ ਸਥਾਨ 'ਤੇ ਆਉਂਦੀ ਰਹੀ। ਸਕੂਲ ਦੌਰਾਨ ਲੱਗੀ ਸਾਹਿਤ ਪੜ੍ਹਨ ਦੀ ਚੇਟਕ ਫਿਰ ਹਰੀ ਹੋਣ ਲੱਗੀ। ਨਿੱਜੀ ਕਿਸਮ ਦੇ ਦੁੱਖ ਤੋਂ ਵਿਹਲਾ ਹੋਣ ਕਰਕੇ ਅੱਤਵਾਦ ਕਾਰਨ ਮਹੌਲ 'ਤੇ ਪੈ ਰਹੇ ਅਸਰ ਨੂੰ ਮਹਿਸੂਸ ਕਰਨ ਜੋਗਾ ਹੋਇਆ। ਪਹਿਲੀ ਕਾਵਿ-ਕਿਤਾਬ 'ਦੋ ਸਾਹਾਂ ਵਿਚਕਾਰ' ਦੀਆਂ ਬਹੁਤੀਆਂ ਕਵਿਤਾਵਾਂ ਇਸ ਪੜ੍ਹਾਈ ਦੌਰਾਨ ਲਿਖੀਆਂ। 1993 ਵਿਚ ਜਿਸ ਕਵਿਤਾ ਨੂੰ ਭੁਵਨੇਸ਼ਵਰ ਦੀ ਵਰਨਮਾਲਾ ਸੰਸਥਾ ਨੇ ਉਦੈ ਭਾਰਤੀ ਰਾਸ਼ਟਰੀ ਕਵਿਤਾ ਪੁਰਸਕਾਰ ਲਈ ਚੁਣਿਆ ਸੀ ਉਹ ਕਾਲਜ ਪੜ੍ਹਦਿਆਂ 1987 'ਚ ਲਿਖੀ ਸੀ। ਇਸ ਦਾ ਅਨੁਵਾਦ ਕਈ ਭਾਰਤੀ ਭਾਸ਼ਾਵਾਂ 'ਚ ਛਪਿਆ। 1988 ਵਿਚ ਪੰਜਾਬ ਯੂਨੀਵਰਸਿਟੀ ਵਲੋਂ ਸ਼ਿਵ ਕੁਮਾਰ ਬਟਾਲਵੀ ਅੰਤਰ ਯੂਨੀਵਰਸਿਟੀ ਗੋਲਡ ਮੈਡਲ ਦਿੱਤਾ ਗਿਆ। ਅੱਤਵਾਦ ਦੇ ਵਿਰੋਧ ਵਿਚ ਲਿਖੀਆਂ ਗਈਆਂ 200 ਨਿੱਕੀਆਂ ਪੰਜਾਬੀ ਕਵਿਤਾਵਾਂ ਦਾ 1991 ਵਿਚ ਕੰਨੜ ਅਨੁਵਾਦ ਸੰਗ੍ਰਹਿ ਛਪਿਆ ਉਸ ਵਿਚ ਸ਼ਾਮਲ ਮੇਰੀਆ 5 ਕਵਿਤਾਵਾਂ 'ਚੋਂ 3 ਕਾਲਜ-ਕਾਲ ਦੌਰਾਨ ਲਿਖੀਆਂ ਗਈਆਂ ਸਨ। ਕਾਲਜ ਨੂੰ ਅੱਤਵਾਦੀ ਸਰਗਰਮੀਆਂ ਦਾ ਅੱਡਾ ਹੋਣ ਦੇ ਅਕਸ ਨੂੰ ਤੋੜਨ ਲਈ ਕਲਾ ਅਤੇ ਸਾਹਿਤ ਦੀਆਂ ਸਰਗਰਮੀਆਂ ਲਈ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਾਂਝੀ ਸਭਾ 'ਸੰਗਮ-ਸੰਗਠਨ' ਬਣਾਈ। ਇਹਨਾਂ ਸਰਗਰਮੀਆਂ ਦੀਆਂ ਖਬਰਾਂ ਛਪਵਾਉਣ ਦੀ ਮੁਹਿੰਮ ਚਲਾਈ। ਲੇਖਕ, ਕਲਾਕਾਰ ਮਿਲਣੀਆਂ, ਕਲਾ ਪਰਦਰਸ਼ਨੀਆਂ, ਨਾਟਕ ਤੇ ਹੋਰ ਕਿੰਨਾ ਕੁਝ। ਕਾਲਜ ਦੀ ਕਲਚਰਲ ਕਮੇਟੀ ਦਾ ਵਿਦਿਆਰਥੀ ਸਕੱਤਰ ਤੇ ਕਾਲਜ ਦੇ ਰਸਾਲੇ ਦਾ ਵਿਦਿਆਰਥੀ ਸੰਪਾਦਕ ਰਿਹਾ। ਇਸ ਤੋਂ ਇਲਾਵਾ 'ਪਰਾਗਾ' ਨਾਂ ਦਾ ਇਕ ਹੱਥ-ਲਿਖਤ ਰਸਾਲਾ ਸਾਈਕਲੋਸਟਾਈਲ ਕਰਾ ਕੇ ਵੀ ਛਾਪਦੇ ਰਹੇ। ਅਜਿਹੀਆਂ ਸਰਗਰਮੀਆਂ

Original with:
Jaswant Singh Zafar
Digitized by;
Panjab Digital Library

ਕਾਰਨ ਮੇਰੀ ਵਦਿਆਰਥੀ ਕਾਲ ਦੌਰਾਨ ਡਾ. ਸੁਰਜੀਤ ਪਾਤਰ, ਪ੍ਰੋ. ਗੁਰਭਜਨ ਗਿੱਲ, ਸ਼੍ਰੀ ਅਜਾਇਬ ਚਿਤਰਕਾਰ, ਪ੍ਰੋ. ਮਹਿੰਦਰ ਸਿੰਘ ਚੀਮਾ, ਡਾ. ਐਸ.ਐਨ. ਸੇਵਕ, ਸ਼੍ਰੀ ਸਵਰਨਜੀਤ ਸਵੀ, ਡਾ. ਆਤਮ ਹਮਰਾਹੀ, ਸ਼੍ਰੀ ਗੁਰਪਾਲ ਲਿੱਟ, ਸ. ਜਨਮੇਜਾ ਸਿੰਘ ਜੌਹਲ, ਚਿਤਰਕਾਰ ਜਰਨੈਲ ਸਿੰਘ, ਡਾ. ਸਤੀਸ਼ ਵਰਮਾ ਆਦਿ ਨਾਲ ਨੇੜਤਾ ਵਾਲੀ ਜਾਣ-ਪਛਾਣ ਹੋ ਗਈ। ਅੰਤਰ ਕਾਲਜ ਯੁਵਕ ਮੇਲਿਆਂ 'ਚ ਸਾਡੀ ਟੀਮ ਪੰਡਾਂ ਬੰਨ੍ਹ ਕੇ ਟਰਾਫੀਆਂ ਤੇ ਸਰਟੀਫੀਕੇਟ ਲਿਆਉਂਦੀ ਰਹੀ। ਤਿੰਨ ਵਾਰ ਕਾਲਜ ਕਲਰ, ਦੋ ਵਾਰ ਯੂਨੀਵਰਸਿਟੀ ਕਲਰ ਮਿਲੇ।

ਰਾਸ਼ਟਰੀ ਤਾਪ ਨਿਗਮ ਲਿਮ. (NTPC) 'ਚ ਲਗਾਏ 2 ਸਾਲਾਂ ਦੌਰਾਨ ਮੈਂ ਦੇਖਿਆ ਕਿ ਬੰਗਾਲੀ ਇੰਜਨੀਅਰ ਆਪਸ ਵਿਚ ਤਕਨੀਕੀ ਗੱਲਾਂ ਵੀ ਬੰਗਲਾ ਵਿਚ ਕਰਦੇ ਸਨ, ਉੜੀਸਾ ਵਾਲੇ ਉੜੀਆ ਵਿਚ, ਆਂਧਰਾ ਵਾਲੇ ਤੈਲਗੂ ਵਿਚ, ਤਾਮਿਲਨਾਡੂ ਵਾਲੇ ਤਮਿਲ ਵਿਚ, ਬਿਹਾਰ ਵਾਲੇ ਭੋਜਪੁਰੀ ਵਿਚ। ਉਤਰ ਭਾਰਤੀ ਰਾਜਾਂ ਵਾਲੇ ਇਕ ਦੂਏ ਰਾਜ ਵਾਲੇ ਨਾਲ ਹਿੰਦੀ ਬੋਲਦੇ ਸਨ। ਅੰਗਰੇਜ਼ੀ ਦੀ ਵਾਰੀ ਸਭ ਤੋਂ ਅਖੀਰ 'ਚ ਆਉਂਦੀ ਸੀ ਜਦ ਕਿਤੇ ਤੈਲਗੂ, ਤਾਮਿਲ, ਮਲਿਆਲਮ, ਕੰਨੜ ਵਾਲਿਆਂ ਦੀ ਦੂਸਰੇ ਪ੍ਰਾਂਤਾਂ ਵਾਲਿਆਂ ਨਾਲ ਗੱਲ ਹੁੰਦੀ ਸੀ। ਸਾਡੇ ਸੰਗਰੌਲੀ ਪਲਾਂਟ 'ਤੇ ਸਿਰਫ਼ 4 ਪੰਜਾਬੀ ਇੰਜਨੀਅਰ ਸਨ। ਵਿਭਾਗ ਅਤੇ ਪੱਧਰ ਵੱਖਰੇ ਹੋਣ ਕਰਕੇ ਮੇਰਾ ਕਿਸੇ ਪੰਜਾਬੀ ਨਾਲ ਦਫ਼ਤਰੀ ਵਾਹ ਨਹੀਂ ਸੀ। ਹਿੰਦੀ ਅੰਗਰੇਜ਼ੀ ਬੋਲਦਾ ਸਾਂ, ਦਫ਼ਤਰੀ ਕੰਮ ਅੰਗਰੇਜ਼ੀ 'ਚ ਕਰਦਾ ਸਾਂ। ਉਸ ਵੇਲੇ ਪੰਜਾਬ ਜਾਂ ਲਾਗਲੇ ਕਿਸੇ ਸੂਬੇ ਵਿਚ ਰਾਸ਼ਟਰੀ ਤਾਪ ਨਿਗਮ ਲਿਮ. (NTPC) ਦਾ ਕੋਈ ਪਲਾਂਟ ਨਹੀਂ ਸੀ। ਇਹ ਤੌਖਲਾ ਹੋਇਆ ਕਿ ਸਾਰੀ ਉਮਰ ਹਿੰਦੀ ਅੰਗਰੇਜ਼ੀ ਹੀ ਬੋਲਦਾ ਰਹਾਂਗਾ। ਪੰਜਾਬੀ ਬੋਲਣ ਦੇ ਲਾਲਚ ਵੱਸ ਰਾਸ਼ਟਰੀ ਤਾਪ ਨਿਗਮ ਲਿਮ. ਦੀ ਹਜ਼ਾਰ ਦਰਜੇ ਚੰਗੀ ਨੌਕਰੀ ਛੱਡ ਕੇ ਪੰਜਾਬ ਰਾਜ ਬਿਜਲੀ ਬੋਰਡ ਵਿਚ ਆ ਗਿਆ ਜਿਸ ਬਾਰੇ ਮੈਂ ਪਹਿਲਾਂ ਕਹਿੰਦਾ ਹੁੰਦਾ ਸੀ,"ਮਰਨੀਂ ਮਰ ਜਾਊਂ ਬਿਜਲੀ ਬੋਰਡ ਦੀ ਨੌਕਰੀ ਨਹੀਂ ਕਰਨੀ।"

ਬਿਜਲੀ ਬੋਰਡ 'ਚ ਆ ਕੇ ਦੇਖਿਆ ਕਿ ਹਰੇਕ ਪੱਧਰ ਅਤੇ ਵਿੰਗ ਦੇ ਇੰਜਨੀਅਰ ਤਕਨੀਕੀ ਗੱਲਬਾਤ ਵੀ ਪੰਜਾਬੀ 'ਚ ਹੀ ਕਰਦੇ ਹਨ। ਸਭ ਤੋਂ ਜ਼ਿਆਦਾ ਸਮਾਂ ਮੈਂ Purchase ਵਿਚ ਰਿਹਾ ਹਾਂ, ਇਥੇ ਸਾਰਾ ਪੱਤਰ-ਵਿਹਾਰ, ਟੈਂਡਰ, ਖਰੀਦ ਹੁਕਮ ਅਤੇ ਫਾਈਲਾਂ ਦੀ ਨੋਟਿੰਗ ਦਾ ਕੰਮ ਅੰਗਰੇਜ਼ੀ 'ਚ ਹੁੰਦਾ ਹੈ ਪਰ ਖਰੀਦ ਕਮੇਟੀ ਜਾਂ ਬੋਰਡ ਦੇ ਮੈਂਬਰ ਖਰੀਦ ਤਜਵੀਜ਼ ਜਾਂ ਖਰੀਦ ਮੈਮੋਰੰਡਮ 'ਤੇ ਵਿਚਾਰ ਵਟਾਂਦਰਾ ਪੰਜਾਬੀ 'ਚ ਹੀ ਕਰਦੇ ਹਨ। ਜੇ ਮਾਲ ਸਪਲਾਈ ਕਰਨ ਵਾਲੀ ਕੰਪਨੀ ਨੂੰ ਗੱਲਬਾਤ (Negotiation) ਲਈ ਬੁਲਾਇਆ

Original with:
Jaswant Singh Zafar
Digitized by;
Panjab Digital Library

ਜਾਂਦਾ ਤਾਂ ਉਹਨਾਂ ਨਾਲ ਗੱਲ ਵੀ ਪੰਜਾਬੀ 'ਚ ਹੁੰਦੀ, ਪੰਜਾਬੋਂ ਬਾਹਰਲਿਆਂ ਨਾਲ ਹਿੰਦੀ 'ਚ। ਅੰਗਰੇਜ਼ੀ ਸਿਰਫ਼ ਦੱਖਣ ਭਾਰਤੀਆਂ ਨਾਲ ਬੋਲੀ ਜਾਂਦੀ।

ਮੇਰੇ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਸ਼ਹਿਰੀ ਸਕੂਲਾਂ 'ਚ ਪੜ੍ਹਦੇ ਸਨ। ਮੈਂ ਉਹਨਾਂ ਨੂੰ ਨਾਲ ਬੈਠ ਕੇ ਨਿੱਠ ਕੇ ਕਦੇ ਨਹੀਂ ਪੜ੍ਹਾਇਆ। ਏਨਾ ਕਿਹਾ ਹੋਇਆ ਸੀ ਕਿ ਜਦ ਕੋਈ ਚੀਜ਼ ਸਮਝ ਨਾ ਆਉਂਦੀ ਹੋਵੇ ਤਾਂ ਪੁੱਛ ਸਕਦੇ ਹਨ। ਅਜਿਹੀ ਚੀਜ਼ ਉਹਨਾਂ ਨੂੰ ਕਿਤਾਬ ਤੋਂ ਪੜ੍ਹ ਕੇ ਸੁਣਾਉਣ ਨੂੰ ਆਖਦਾ। ਸੁਣ ਕੇ ਮੈਂ ਪੰਜਾਬੀ 'ਚ ਉਹੀ ਦੱਸ ਦਿੰਦਾ, ਉਹ ਬੜਾ ਪ੍ਰਸੰਨ ਹੁੰਦੇ। ਉਹਨਾਂ ਦਾ ਮੱਤ ਹੈ ਕਿ ਮੈਨੂੰ ਅਧਿਆਪਕ ਹੋਣਾ ਚਾਹੀਦਾ ਸੀ।

ਜਾਂਦੇ ਜਾਂਦੇ ਸਾਡੇ ਸਮੇਂ ਮਕੈਨੀਕਲ ਦੀ ਡਿਗਰੀ ਕਰਦੇ ਕੇਹਰ ਸਿੰਘ ਦੀ ਗੱਲ ਸੁਣਾਉਂਦਾ ਹਾਂ। ਉਹ ਦੇਖਣ ਨੂੰ ਰੋਹਬਦਾਰ ਪਰ ਢਿੱਡੋਂ ਬੜਾ ਨਰਮ ਸਿੱਧਾ-ਸਾਦਾ ਨਿਰਾ ਪੇਂਡੂ ਸੀ। ਕਾਲਜ 'ਚ ਉਸ ਨੂੰ Toothless Tiger ਆਖਦੇ ਸਨ। 2004 ਵਿਚ ਮੇਰਾ ਉਸ ਨਾਲ ਕੈਨੇਡਾ ਦੇ ਸ਼ਹਿਰ ਵੈਨਕੂਵਰ 'ਚ ਮੇਲ਼ ਹੋਇਆ ਤਾਂ ਇਹ ਵਾਰਤਾਲਾਪ ਹੋਈ:

"ਯਾਰ ਕੇਹਰ ਤੂੰ ਰਹਿੰਦਾ ਕਿਹੜੇ ਪਾਸੇ ਏਂ?"

"ਆਪਾਂ ਬਾਈ ਨਾਰਥ ਵੈਨਕੂਵਰ।"

"ਇਹ ਤਾਂ ਬੜਾ ਮਹਿੰਗਾ ਇਲਾਕਾ, ਇਥੇ ਤਾਂ ਅਮੀਰ ਜਹੇ ਲੋਕ ਨੀਂ ਰਹਿੰਦੇ?"

"ਆਹੋ, ਆਪਾਂ ਵੀ ਅਮੀਰ ਹੀ ਆਂ।"

"ਮਕਾਨ ਆਪਣਾ ਏ?"

"ਆਹੋ, ਪਹਿਲਾਂ ਇਕ ਲਿਆ ਸੀ, ਮਗਰੋਂ ਸੱਜੇ ਖੱਬੇ ਵਾਲੇ ਵੀ ਦੋਨੋਂ ਖਰੀਦ ਲਏ।"

"ਤੂੰ ਏਥੇ ਕਰਦਾ ਕੀ ਹੁੰਨਾ?"

"ਆਪਾਂ ਇਥੇ ਇੰਜਨੀਅਰ ਈ ਹੁੰਨੇ ਆਂ।"

"ਇਹਨਾਂ ਨੇ ਤੈਨੂੰ ਇੰਜਨੀਅਰ ਮੰਨ ਲਿਆ? ਕੋਈ ਟੈਸਟ ਬਗ਼ੈਰਾ ਲਿਆ?"

"ਪਹਿਲੀ ਕੰਪਨੀ ਵਾਲਿਆਂ ਨੇ ਇੰਟਰਵਿਊ ਜਿਹੀ ਲਈ ਸੀ, ਮਗਰੋਂ ਤਾਂ ਚੱਲ ਸੋ ਚੱਲ ਹੋ ਗਈ।"

"ਇੰਟਰਵਿਊ 'ਚ ਕੀ ਪੁੱਛਿਆ?"

"ਇਕੋ ਈ ਸਵਾਲ ਪੁੱਛਿਆ ਬੱਸ। ਕਹਿੰਦੇ 9 ਮੀਟਰ ਬਾਈ 6 ਮੀਟਰ ਦਾ ਹਾਲ ਹੈ, ਇਹਦੇ ਵਿਚ ਏਸ ਸੈਜ਼ ਦੀਆਂ ਮਸ਼ੀਨਾ ਲਾਉਣੀਆਂ, ਕਿਵੇਂ ਪਲੈਨ

Original with;
Jaswant Singh Zafar
Digitized by;
Panjab Digital Library

ਕਰੇਂਗਾ? ਮੈਂ ਅਜੇ ਏਨਾ ਹੀ ਕਿਹਾ ਸੀ- ਵੈਲ,.... ਯੂਅਰ ਫਲੋਰ ਏਰੀਆ ਇਜ਼ 54 ਸੁਕੇਅਰ ਮੀਟਰ। ਬੱਸ।"

"ਬੱਸ ਕੀ?"

"ਕਹਿੰਦੇ ਹੌਅ ਯੂ 'ਨੋ? ਮੈਂ ਕਿਹਾ ਵੈਰੀ ਸਿੰਪਲ, ਨੌਂ ਛੀ ਚੁਰੰਜਾ, ਨਾਈਨ ਇੰਟੂ ਸਿਕਸ ਫਿਫਟੀ ਫੋਰ। ਉਹ ਤਾਂ ਹੈਰਾਨ ਪਰੇਸ਼ਾਨ, ਕਹਿੰਦੇ ਵੱਟ ਏ ਵੰਡਰਫੁੱਲ ਇੰਜਨੀਅਰ, ਹੀ ਕੈਨ ਕੰਪਿਊਟ ਵਿਦਾਊਟ ਕੰਪਿਊਟਰ। ਰੱਖ ਲਿਆ। ਚੌਥੀ ਦੇ ਪਹਾੜੇ ਨੇ ਇਥੋਂ ਤੱਕ ਪਹੁੰਚਾ 'ਤੇ।"

•

*Original with;*
Jaswant Singh Zafar
*Digitized by;*
Panjab Digital Library

# ਕੁਦਰਤ ਅਤੇ ਕਾਰੀਗਰੀ ਦਾ ਤੀਰਥ

ਗੁਰੂ ਨਾਨਕ ਇੰਜਨੀਅਰਿੰਗ ਕਾਲਜ ਪੜ੍ਹਦਿਆਂ ਜਦੋਂ ਕਾਲਜ ਦੇ ਰਸਾਲੇ ਦਾ ਵਿਦਿਆਰਥੀ ਸੰਪਾਦਕ ਸਾਂ ਤਾਂ ਸਾਡੇ ਨਾਲ ਪੜ੍ਹਦੀ ਤ੍ਰਿਪਤ ਕੌਰ ਨੇ ਇਸ ਵਿਚ ਛਾਪਣ ਲਈ ਜੁਗਿੰਦਰ ਨਗਰ ਬਾਰੇ ਬਹੁਤ ਦਿਲਚਸਪ ਲਿਖਤ ਦਿੱਤੀ। ਉਸਨੇ ਆਪਣੀਆਂ ਦੋ-ਤਿੰਨ ਹੋਰ ਸਹੇਲੀਆਂ ਸਮੇਤ ਜੁਗਿੰਦਰ ਨਗਰ ਸਥਿਤ ਸ਼ਾਨਨ ਪਣ-ਬਿਜਲੀ ਪ੍ਰਾਜੈਕਟ ਵਿਖੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਟ੍ਰੇਨਿੰਗ ਲਗਾਈ ਸੀ।ਲਿਖਤ ਨੂੰ ਪੜ੍ਹ ਕੇ ਮੇਰੇ ਮਨ 'ਚ ਇਸ ਜਗ੍ਹਾ ਨੂੰ ਕਦੀ ਨਾ ਕਦੀ ਜ਼ਰੂਰ ਦੇਖਣ ਦੀ ਇੱਛਾ ਬੈਠ ਗਈ। ਇਸ ਇੱਛਾ ਕਰਕੇ ਮੈਨੂੰ ਬਿਜਲੀ ਬੋਰਡ ਵਿਚ ਭਰਤੀ ਹੋ ਕੇ ਟ੍ਰੇਨਿੰਗ ਸ਼ੁਰੂ ਕਰਨ ਤੋਂ ਬਾਅਦ ਨਵੰਬਰ 1991 ਵਿਚ ਇਥੇ ਤਿੰਨ-ਚਾਰ ਦਿਨ ਲਈ ਜਾਣ ਦਾ ਮੌਕਾ ਮਿਲਿਆ। ਇਹਨਾਂ ਤਿੰਨ-ਚਾਰ ਦਿਨਾਂ ਦੌਰਾਨ ਸਭ ਕੁਝ ਦੇਖਦਿਆਂ ਮਾਣਦਿਆਂ ਏਹੀ ਸੋਚਦਾ ਰਿਹਾ ਕਿ ਕਦੀ ਗਰਮੀਆਂ ਵਿਚ ਮਹੀਨੇ-ਵੀਹ ਦਿਨ ਲਈ ਇਥੇ ਆ ਕੇ ਰਿਹਾ ਜਾਵੇ। ਜੂਨ 1992 ਵਿਚ ਸਾਨੂੰ ਨਵੇਂ ਇੰਜਨੀਅਰਾਂ ਨੂੰ ਇੱਕ ਮਹੀਨੇ ਦੀ ਔਨ-ਜੌਬ ਟ੍ਰੇਨਿੰਗ 'ਤੇ ਭੇਜਿਆ ਜਾਣਾ ਸੀ। ਸਾਡੇ ਇੰਚਾਰਜ ਅਫ਼ਸਰ ਨੇ ਸੁਲਾਹ ਮਾਰਨ ਵਾਂਗ ਮੈਨੂੰ ਪੁੱਛਿਆ, "ਤੈਨੂੰ ਸ਼ਾਨਨ ਟ੍ਰੇਨਿੰਗ 'ਤੇ ਭੇਜ ਦੇਈਏ?" ਸੁਣ ਕੇ ਮੇਰੀਆਂ ਤਾਂ ਵਾਛਾਂ ਖਿੜ ਗਈਆਂ। ਦਿਲ ਦੀ ਰੀਝ ਪੂਰੀ ਹੋਣ ਜਾ ਰਹੀ ਸੀ।ਜੂਨ ਦੇ ਪੂਰੇ ਮਹੀਨੇ ਵਿਚ ਪਤਨੀ ਨੂੰ ਵੀ ਕਾਲਜ ਵਿਚ ਛੁੱਟੀਆਂ ਸਨ।

ਅਸੀਂ ਲੁਧਿਆਣੇ ਤੋਂ ਜੰਮੂ ਜਾਣ ਵਾਲੀ ਗੱਡੀ 'ਤੇ ਸਵਾਰ ਹੋ ਕੇ ਪਠਾਨਕੋਟ ਤੱਕ ਗਏ। ਪਠਾਨਕੋਟ ਤੋਂ ਜੁਗਿੰਦਰ ਨਗਰ ਦੀ ਗੱਡੀ ਲਈ, ਜੋ ਸਿਰਫ਼ ਜੁਗਿੰਦਰ ਨਗਰ ਤੱਕ ਹੀ ਜਾਂਦੀ ਹੈ।ਪਠਾਨਕੋਟ ਤੋਂ ਜੋਗਿੰਦਰ ਨਗਰ ਤੱਕ ਇਹ ਛੋਟੀ ਰੇਲਵੇ ਲਾਈਨ ਜੁਗਿੰਦਰ ਨਗਰ ਦਾ ਸ਼ਾਨਨ ਪਾਵਰ ਹਾਊਸ ਬਣਾਉਣ ਸਮੇਂ ਇਸ ਪਹਾੜੀ ਇਲਾਕੇ ਵਿੱਚ ਮਸ਼ੀਨਰੀ ਅਤੇ ਹੋਰ ਸਮਾਨ ਪਹੁੰਚਾਉਣ ਵਾਸਤੇ ਵਿਸ਼ੇਸ਼ ਤੌਰ 'ਤੇ ਬਣਾਈ ਗਈ ਸੀ। ਇਸ ਤਰ੍ਹਾਂ ਦੇਸ਼ ਦੇ ਰੇਲਵੇ ਜਾਲ ਦੀ ਇਕ ਤੰਦ ਜੋਗਿੰਦਰ ਨਗਰ ਨੂੰ ਨਸੀਬ ਹੋਈ ਸੀ। ਮੰਡੀ ਦੇ ਰਾਜਾ ਜੁਗਿੰਦਰ ਸੈਨ ਦੇ ਨਾਂ ਤੇ ਵੱਸੀ ਇਸ ਛੋਟੀ ਜਿਹੀ ਮਜ਼ਦੂਰ ਬਸਤੀ ਲਈ ਉੱਨਤੀ ਦਾ ਰਾਹ ਖੁੱਲ੍ਹ ਗਿਆ ਸੀ ਅਤੇ ਇਹ ਇਕ ਖ਼ੂਬਸੂਰਤ ਕਸਬੇ ਦੀ ਸ਼ਕਲ ਧਾਰ ਗਈ। ਇਹ ਰੇਲਵੇ

Original with;
Jaswant Singh Zafar
Digitized by;
Panjab Digital Library

ਲਾਈਨ ਇਕ ਹਿਸਾਬ ਨਾਲ ਜੋਗਿੰਦਰ ਨਗਰ ਦੀ ਕਿਸਮਤ ਦੀ ਲਾਈਨ ਸਾਬਤ ਹੋਈ।

ਕਿਸੇ ਵਿਕਾਸਸ਼ੀਲ ਦੇਸ਼ ਦੀ ਤਰੱਕੀ ਦੀ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾਂਦਾ ਹੈ ਕਿ ਉਥੇ ਬਿਜਲੀ ਦੀ ਮੰਗ ਕਿਸ ਰਫ਼ਤਾਰ ਨਾਲ ਵਧ ਰਹੀ ਹੈ। ਅੱਜ ਜਦੋਂ ਸਾਡੇ ਦੇਸ਼ ਵਿਚ ਦੋ-ਦੋ ਹਜ਼ਾਰ ਮੈਗਾਵਾਟ ਤੋਂ ਉੱਪਰ ਸਮਰੱਥਾ ਵਾਲੇ ਕਈ ਸੁਪਰ ਪਾਵਰ ਹਾਊਸ ਚੱਲ ਰਹੇ ਹਨ ਤਾਂ ਵੀ ਬਿਜਲੀ ਦੀ ਭਾਰੀ ਕਿੱਲਤ ਦਰਪੇਸ਼ ਹੈ। ਇਸ ਦੇ ਉਲਟ ਜਦੋਂ ਸੰਨ 1932 ਵਿਚ ਚਾਲੂ ਹੋਏ 48 ਮੈਗਾਵਾਟ ਵਾਲੇਉਤਰੀ ਭਾਰਤ ਦੇ ਪਹਿਲੇ ਅਤੇ ਜੋਗਿੰਦਰ ਨਗਰ ਨੇੜੇ ਸਥਿਤ ਸ਼ਾਨਨ ਹਾਈਡਲ ਪਾਵਰ ਹਾਊਸ ਦੀ ਯੋਜਨਾਬੰਦੀ ਹੋਈ ਤਾਂ ਇਹ ਸਮੱਸਿਆ ਸੀ ਕਿ ਪੈਦਾ ਹੋਣ ਵਾਲੀ ਏਨੀ ਬਿਜਲੀ ਦੀ ਖਪਤ ਕਿਵੇਂ ਕੀਤੀ ਜਾਵੇਗੀ। ਨਾਲ ਹੀ ਉਹਨਾਂ ਦਿਨਾਂ ਵਿਚ ਇਸ ‘ਤੇ ਹੋਣ ਵਾਲੇ ਢਾਈ ਕਰੋੜ ਰੁਪਏ ਦੇ ਅਨੁਮਾਨਤ ਖਰਚੇ ਦੀ ਖ਼ਬਰ ਸੁਣ ਕੇ ਸਰਕਾਰੀ ਬੱਜਟ ਦੀ ਤਰਾਹ ਨਿਕਲ ਗਈ ਸੀ। ਇਥੋਂ ਪੈਦਾ ਹੋਣ ਵਾਲੀ ਬਿਜਲੀ ਦੀ ਖਪਤ ਲਈ ਧਾਰੀਵਾਲ (ਗੁਰਦਾਸਪੁਰ) ਵਿਖੇ ਪ੍ਰਸਿੱਧ ਉੱਨੀ ਮਿੱਲ ਨਾਲੋ-ਨਾਲ ਸਥਾਪਤ ਹੋਈ।

ਦਰਿਆ ਬਿਆਸ ਦੀਆਂ ਦੋ ਸਹਾਇਕ ਨਦੀਆਂ ‘ਊਹਲ’ ਅਤੇ ‘ਲੰਬਾਡੱਗ’ ਚੌਹਾਰ ਘਾਟੀ ਵਿਚ ਇਕ ਦੂਸਰੀ ਵਿਚ ਮਿਲਦੀਆਂ ਹਨ।ਉਦੋਂ ਦੇ ਪੰਜਾਬ ਦੇ ਚੀਫ਼ ਇੰਜਨੀਅਰ ਕਰਨਲ ਬੀ.ਸੀ. ਬੈਟੀ ਨੇ ਬਰੋਟ ਦੇ ਸਥਾਨ 'ਤੇ ਇਨ੍ਹਾਂ ਨਦੀਆਂ ਦਾ ਪਾਣੀ ਇਕੱਠਾ ਕਰਕੇ ਇਸ ਤੋਂ ਤਿੰਨਾਂ ਪੜਾਵਾਂ ਵਿੱਚ ਬਿਜਲੀ ਪੈਦਾ ਕਰਨ ਦਾ ਫ਼ੈਸਲਾ ਕੀਤਾ। ਸਥਾਨ ਦੀ ਇਸ ਚੋਣ ਦਾ ਇਕ ਕਾਰਨ ਸ਼ਾਇਦ ਇਥੋਂ ਦੀ ਕੁਦਰਤੀ ਸੁੰਦਰਤਾ ਵੀ ਸੀ। ਪਹਿਲੇ ਪੜਾਅ ਦਾ ਬਿਜਲੀ ਘਰ ਸ਼ਾਨਨ ਵਿਖੇ ਸਥਾਪਤ ਹੋਣਾ ਸੀ। ਇਹ ਥਾਂ ਚੌਹਾਰ ਘਾਟੀ ਦੇ ਲਹਿੰਦੇ ਵੱਲ ਹੈ ਅਤੇ ਇਸ ਦੀ ਸਮੁੰਦਰ ਤੱਲ ਤੋਂ ਉਚਾਈ 4300 ਫੁੱਟ ਹੈ ਜਦ ਕਿ ਚੌਹਾਰ ਘਾਟੀ 6000 ਫੁੱਟ ਦੀ ਉਚਾਈ ‘ਤੇ ਹੈ।ਦੋਹਾਂ ਦੇ ਵਿਚਕਰ 8000 ਫੁੱਟ ਉੱਚਾ ਪਹਾੜ ਹੈ।ਇਸ ਪ੍ਰਕਾਰ ਬਿਜਲੀ ਘਰ ਤੋਂ 1700 ਫੁੱਟ ਦੀ ਉਚਾਈ ‘ਤੇ ਪਾਣੀ ਇਕੱਠਾ ਕਰ ਕੇ ਇਸ ਤੋਂ ਬਿਜਲੀ ਬਣਾਉਣ ਦੀ ਤਰਕੀਬ ਬਣਾਈ ਗਈ। ਦੋਹਾਂ ਵਾਦੀਆਂ ਵਿਚਕਾਰ ਸੁਰੰਗ ਬਣਾ ਕੇ ਪਾਣੀ ਨੂੰ ਪਹਾੜ ਦੇ ਦੂਸਰੇ ਪਾਸੇ ਬਿਜਲੀ ਘਰ ਵੱਲ ਲਿਆਉਣ ਦੀ ਯੋਜਨਾ ਬਣੀ। ਇਸ ਸੁਰੰਗ ਦੇ ਸਿਰੇ ਤੋਂ ਟਰਬਾਈਨਾਂ ਤੱਕ ਪਾਣੀ ਮੋਟੀਆਂ ਗੋਲ ਪਾਈਪਾਂ (ਪੈਨ ਸਟੌਕਸ) ਰਾਹੀਂ ਆਉਣਾ ਸੀ।ਉੱਪਰ ਬਰੋਟ ਵਿਖੇ ਹੈੱਡ ਵਰਕਸ ਅਤੇ ਝੀਲ ਦੀ ਉਸਾਰੀ ਲਈ ਲੋੜੀਂਦਾ ਸਮਾਨ ਪਹੁੰਚਾਉਣਾ ਸਭ ਤੋਂ ਵੱਡੀ ਚੁਣੌਤੀ ਸੀ। ਇਸ ਵਾਸਤੇ ਸ਼ਾਨਨ ਤੋਂ ਬਰੋਟ ਤੱਕ ਉਸ ਸਮੇਂ ਦੇ ਤਕਰੀਬਨ ਸਵਾ ਦਸ ਲੱਖ ਦੀ ਲਾਗਤ ਨਾਲ ਸੰਸਾਰ ਦਾ ਆਪਣੀ ਕਿਸਮ ਦਾ

Original with;
Jaswant Singh Zafar
Digitized by;
Panjab Digital Library

ਪਹਿਲਾ ਟਰਾਲੀ ਸਿਸਟਮ (ਹਾਲਜ਼ ਵੇ) ਬਣਾਇਆ ਗਿਆ।

ਇਸ ਪਣ-ਬਿਜਲੀ ਪ੍ਰਾਜੈਕਟ ਦੀ ਉਸਾਰੀ ਦਾ ਕੰਮ ਹਰ ਪੱਖੋਂ ਕਰਨਲ ਬੈਟੀ ਦੀ ਦੇਖ-ਰੇਖ ਵਿੱਚ ਮੁਕੰਮਲ ਹੋਇਆ। ਕਹਿੰਦੇ ਹਨ, ਜਦ ਇਹ ਪ੍ਰਾਜੈਕਟ ਮੁਕੰਮਲ ਹੋਣ ਕਿਨਾਰੇ ਸੀ ਤਾਂ ਪੂੰਜੀ ਦੀ ਤੋਟ ਆ ਗਈ। ਕਰਨਲ ਬੈਟੀ ਨੇ ਆਪਣੀ ਲੰਦਨ ਸਥਿੱਤ ਜਾਇਦਾਦ ਵੇਚ ਕੇ ਇਸ ਨੂੰ ਪੂਰਾ ਕੀਤਾ। ਬਦਕਿਸਮਤੀ ਨੂੰ ਇਸ ਦੇ ਚਾਲੂ ਹੋਣ ਤੋਂ ਕੁਝ ਦਿਨ ਪਹਿਲਾਂ 6 ਮਈ 1932 ਨੂੰ ਧਾਰੀਵਾਲ ਵਿਖੇ ਇਸ ਕਰਮਯੋਗੀ ਦਾ ਸੜਕ ਹਾਦਸੇ ਵਿਚ ਉਸ ਸਮੇਂ ਦਿਹਾਂਤ ਹੋ ਗਿਆ ਜਦੋਂ ਉਹ ਧਾਰੀਵਾਲ ਸਬ-ਸਟੇਸ਼ਨ ਦਾ ਅੰਤਮ ਨਿਰੀਖਣ ਕਰ ਕੇ ਸ਼ਾਨਨ ਪਰਤ ਰਹੇ ਸਨ। ਬਾਰਾਂ-ਬਾਰਾਂ ਮੈਗਾਵਾਟ ਦੀਆਂ ਚਾਰ ਮਸ਼ੀਨਾਂ ਵਾਲੇ ਇਸ 48 ਮੈਗਾਵਾਟ ਦੇ ਬਿਜਲੀ ਘਰ ਦੀ ਬਿਜਲੀ 132 ਕੇ.ਵੀ. ਦੀਆਂ ਲਾਈਨਾਂ 'ਤੇ ਚੜ੍ਹ ਕੇ ਕਾਂਗੜਾ, ਪਠਾਨਕੋਟ, ਧਾਰੀਵਾਲ ਤੋਂ ਹੁੰਦੀ ਹੋਈ ਲਾਹੌਰ, ਸਿਆਲਕੋਟ ਅਤੇ ਲਾਇਲਪੁਰ ਨੂੰ ਜਗਮਗਾਉਣ ਦੇ ਨਾਲ-ਨਾਲ ਪੰਜਾਬ ਦੀ ਸਨਅਤ ਦੀ ਧੁਰੀ ਗੇੜਨ ਲੱਗੀ। ਇਸ ਬਿਜਲੀ ਨਾਲ ਲਾਹੌਰ 'ਚ ਪਹਿਲੀ ਬੱਤੀ ਉਸ ਸਮੇਂ ਜਗੀ ਜਦ 10 ਮਾਰਚ 1933 ਨੂੰ ਵਾਇਸਰਾਏ ਨੇ ਸ਼ਾਲੀਮਾਰ ਵਿਖੇ ਉਦਘਾਟਨੀ ਬਟਨ ਉੱਤੇ ਉਂਗਲੀ ਰੱਖੀ। 1947 ਦੀ ਵੰਡ ਪਿੱਛੋਂ ਪੱਛਮੀ ਪੰਜਾਬ ਵੱਲ ਜਾਣ ਵਾਲੀ ਇਹ ਲਾਈਨ ਅਟਾਰੀ ਲਾਗਿਓਂ ਕੱਟ ਦਿੱਤੀ ਗਈ

ਸ਼ਾਨਨ ਬਿਜਲੀ ਘਰ ਤੋਂ ਖਾਰਜ ਹੋ ਕੇ ਅੱਗੇ ਵਗਣ ਵਾਲੇ ਤੇਜ਼ ਧਾਰ ਪਾਣੀ ਦੀ ਸ਼ਕਤੀ ਤੋਂ ਦੂਸਰੇ ਅਤੇ ਤੀਸਰੇ ਪੜਾਅ ਵਿਚ ਬਿਜਲੀ ਤਿਆਰ ਕਰਨ ਦੀ ਯੋਜਨਾ ਪਹਿਲਾਂ ਤੋਂ ਹੀ ਸੀ। ਦੂਜੇ ਪੜਾਅ ਵਿਚ ਬੱਸੀ ਪਾਵਰ ਹਾਊਸ ਹਿਮਾਚਲ ਰਾਜ ਬਿਜਲੀ ਬੋਰਡ ਨੇ 1970 ਵਿਚ ਮੁਕੰਮਲ ਕੀਤਾ। ਇਸ ਦੀ ਕੁੱਲ ਬਿਜਲੀ ਉਤਪਾਦਨ ਸਮਰਥਾ 60 ਮੈਗਾਵਾਟ ਹੈ। ਤੀਜੇ ਪੜਾਅ ਦਾ ਬਿਜਲੀ ਘਰ ਕੰਡਾ ਪੱਤਣ ਨੇੜੇ ਬਣ ਰਿਹਾ ਹੈ। ਜਦੋਂ ਅਸੀਂ ਜੂਨ 1992 ਵਿਚ ਇਥੇ ਗਏ ਤਾਂ 70 ਮੈਗਾਵਾਟ ਸਮਰਥਾ ਦੇ ਇਸ 'ਚੁੱਲ੍ਹਾ ਹਾਈਡਲ ਪ੍ਰਾਜੈਕਟ' ਨੂੰ ਕੇਂਦਰੀ ਬਿਜਲੀ ਅਥਾਰਟੀ ਵਲੋਂ ਹਰੀ ਝੰਡੀ ਮਿਲ ਚੁੱਕੀ ਸੀ, ਪਰ ਇਹ 2015 ਤੱਕ ਬਣ ਕੇ ਮੁਕੰਮਲ ਨਹੀਂ ਹੋਇਆ।

ਸ਼ਾਨਨ ਪਾਵਰ ਹਾਊਸ ਹਿਮਾਚਲ ਪ੍ਰਦੇਸ਼ ਦੇ ਬਿਲਕੁਲ ਮੱਧ ਵਿਚ ਸਥਿਤ ਹੈ। ਜਦੋਂ ਹਿਮਾਚਲ ਪ੍ਰਦੇਸ਼ ਬਣਿਆਂ ਤਾਂ ਪੰਜਾਬ ਦੇ ਭੂਗੋਲਕ ਖੇਤਰ ਵਿਚ ਇਸ ਦੇ ਹਿੱਸੇ ਆਉਂਦੇ ਪਣ-ਬਿਜਲੀ ਘਰ ਨਹੀਂ ਸਨ ਆਉਂਦੇ। ਇਸ ਲਈ ਇਹ ਪੰਜਾਬ ਨੂੰ ਦਿੱਤਾ ਗਿਆ। ਪਹਿਲਾਂ ਇਹ ਪੰਜਾਬ ਰਾਜ ਬਿਜਲੀ ਬੋਰਡ ਦੇ ਅਧੀਨ ਸੀ।ਜਦੋਂ 2010 ਵਿਚ ਬਿਜਲੀ ਬੋਰਡ ਦੇ ਵਿਭਾਜਨ ਨਾਲ ਇਸ ਦੀਆਂ ਦੋ ਕਾਰਪੋਰੇਸ਼ਨਾਂ ਬਣੀਆਂ ਤਾਂ ਇਹ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੇ ਕੰਟਰੋਲ

Original with;
Jaswant Singh Zafar
Digitized by;
Panjab Digital Library

ਵਿਚ ਆ ਗਿਆ। ਕਰਨਲ ਬੈਟੀ ਨੂੰ ਉਸ ਸਮੇਂ ਇਸ ਗੱਲ ਦਾ ਕਿਆਸ ਸੀ ਕਿ ਭਵਿੱਖ ਵਿਚ ਬਿਜਲੀ ਦੀ ਮੰਗ ਬਹੁਤ ਵਧ ਜਾਵੇਗੀ ਅਤੇ ਇਸ ਬਿਜਲੀ ਘਰ ਦੀ ਸਮਰੱਥਾ ਦੁਗਣੀ ਕਰਨੀ ਪਏਗੀ। ਇਸ ਹਿਸਾਬ ਨਾਲ ਹੀ ਉਹਨਾਂ ਪਾਣੀ ਵਾਲੀ ਸੁਰੰਗ ਦਾ ਘੇਰਾ ਖੁੱਲ੍ਹਾ ਰੱਖਿਆ ਸੀ। ਬੋਰਡ ਨੇ ਮਾਰਚ 1982 ਵਿਚ ਸ਼ਾਨਨ ਬਿਜਲੀ ਘਰ ਵਿਚ 50 ਮੈਗਾਵਾਟ ਦੀ ਨਵੀਂ ਇਕਾਈ ਸਥਾਪਤ ਕੀਤੀ ਅਤੇ ਨਾਲ ਹੀ ਉੱਪਰ ਬਰੋਟ ਵਿਖੇ ਇਕ ਹੋਰ ਵੱਡਾ ਜਲ-ਭੰਡਾਰ ਉਸਾਰਿਆ। ਇਸ ਦੇ ਨਾਲ ਹੀ ਪਹਿਲੀਆਂ ਚਾਰਾਂ ਇਕਾਈਆਂ ਦੀ ਸਮਰੱਥਾ ਹਰੇਕ ਦੀ ਬਾਰਾਂ ਤੋਂ ਵਧਾ ਕੇ ਪੰਦਰਾਂ ਮੈਗਾਵਾਟ ਕੀਤੀ ਗਈ। ਇਸ ਤਰ੍ਹਾਂ ਦਸੰਬਰ 1982 ਤੋਂ ਇਸ ਬਿਜਲੀ ਘਰ ਦੀ ਕੁੱਲ ਬਿਜਲੀ ਉਤਪਾਦਨ ਸਮਰੱਥਾ 110 ਮੈਗਾਵਾਟ ਹੋ ਗਈ।

ਜੋਗਿੰਦਰ ਨਗਰ ਵਿਚ ਵਿਕਾਸ ਦੀ ਮੋੜ੍ਹੀ ਗੱਡਣ ਵਾਲੇ ਕਰਨਲ ਬੈਟੀ ਸਥਾਨਕ ਲੋਕਾਂ ਵਿਚ ਇਕ ਫ਼ਰਿਸ਼ਤੇ ਵਾਂਗ ਜਾਣੇ ਜਾਂਦੇ ਹਨ ਅਤੇ ਤਕਨੀਕੀ ਅਮਲੇ ਲਈ ਵੱਡੇ ਪ੍ਰੇਰਨਾ-ਸਰੋਤ ਹਨ। 1982 ਵਿਚ ਚਿਤਰਕਾਰ ਸੋਭਾ ਸਿੰਘ ਇਥੇ ਆਏ। ਉਹ ਕਰਨਲ ਬੈਟੀ ਦੇ ਕੀਤੇ ਕੰਮਾਂ ਨੂੰ ਦੇਖ ਕੇ ਅਤੇ ਉਹਨਾਂ ਦੀ ਸ਼ਖ਼ਸੀਅਤ ਬਾਰੇ ਜਾਣ ਕੇ ਇੰਨੇ ਪ੍ਰਭਾਵਤ ਹੋਏ ਕਿ ਅੰਦਰੇਟੇ ਵਾਪਸ ਪਹੁੰਚਦਿਆਂ ਹੀ ਉਹਨਾਂ ਦਾ ਆਦਮਕੱਦ ਚਿੱਤਰ ਬਣਾਉਣ ਦਾ ਕੰਮ ਛੋਹ ਲਿਆ।ਇਹ ਚਿੱਤਰ ਇਥੋਂ ਦੇ ਗੈਸਟ ਹਾਊਸ ਦੇ ਇੱਕ ਕੋਨੇ ਵਿਚ ਬੜੇ ਸੋਹਣੇ ਤਰੀਕੇ ਨਾਲ ਸਜਾਇਆ ਹੋਇਆ ਹੈ। ਫੌਜੀ ਵਰਦੀ ਵਿਚ ਖੜ੍ਹੇ ਕਰਨਲ ਬੈਟੀ ਨੂੰ ਦੂਹਰੇ ਮੂਡ ਵਿਚ ਵਿਖਾਇਆ ਗਿਆ ਹੈ। ਅੱਖਾਂ ਦੀ ਚਮਕ ਅਤੇ ਰੋਹਬ ਤੋਂ ਲੱਗਦਾ ਹੈ ਕਿ ਉਹ ਸਾਹਮਣੇ ਆਉਣ ਵਾਲੇ ਕਿਸੇ ਨਿਕੰਮੇ ਜਾਂ ਸੁਸਤ ਬੰਦੇ ਨੂੰ ਘੂਰਨ ਲਈ ਤਿਆਰ ਹਨ ਜਦ ਕਿ ਬੁੱਲ੍ਹਾਂ ਤੋਂ ਲੱਗਦਾ ਹੈ ਕਿ ਕਿਸੇ ਸਿਰੜੀ ਜਾਂ ਮਿਹਨਤੀ ਕਾਮੇ ਨੂੰ ਮੁਸਕਰਾ ਕੇ ਸ਼ਾਬਾਸ਼ ਦੇਣਗੇ। ਇਥੇ ਕੰਮ ਕਰਨ ਵਾਲੇ ਕਈ ਆਦਮੀਆਂ ਨੇ ਸਾਨੂੰ ਇਹ ਬੜੇ ਗੱਲ ਮਾਣ ਨਾਲ ਦੱਸੀ ਕਿ ਉਹਨਾਂਦੇ ਕਿਸੇ ਦਾਦੇ-ਪੜਦਾਦੇ ਨੇ ਕਰਨਲ ਬੈਟੀ ਨਾਲ ਕੰਮ ਕੀਤਾ ਸੀ। ਇਥੇ ਤਾਇਨਾਤ ਨਿਗਰਾਨ ਇੰਜਨੀਅਰ ਸ. ਕੁਲਦੀਪ ਸਿੰਘ ਮਹਿੰਗਰ ਦਾ ਵਿਅਕਤੀਤਵ ਵੀ ਸਾਨੂੰ ਇਕ ਫੌਜੀ ਅਫ਼ਸਰ ਹੋਣ ਦਾ ਭੁਲੇਖਾ ਪਾਉਂਦਾ ਸੀ। ਪੂਰੇ ਸ਼ਾਨਨ ਪਰਿਵਾਰ ਦੇ ਮੁਖੀ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਨਾਲ-ਨਾਲ ਉਹਨਾਂ ਆਪਣੇ ਸਹਿਯੋਗੀ ਅਧਿਕਾਰੀਆਂ, ਕਰਮਚਾਰੀਆਂ ਅਤੇ ਇਲਾਕੇ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਕੰਪਿਊਟਰ ਗਿਆਨ ਦੇਣ ਦਾ ਉੱਪਰਾਲਾ ਵੀ ਆਰੰਭਿਆ ਹੋਇਆ ਸੀ। ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੇ ਕਾਰਜਕਾਲ ਵੇਲੇ ਪੰਜਾਬ ਸਰਕਾਰ ਵਲੋਂ ਇਥੇ ਖੋਲ੍ਹੇ ਗਏ ਸਰਕਾਰੀ ਸਕੂਲ ਵਿਚ ਛੋਟੇ ਬਾਲਕਿਆਂ ਦੀ ਪੜ੍ਹਾਈ ਦਾ ਜ਼ਿੰਮਾ ਸ੍ਰੀਮਤੀ ਮਹਿੰਗਰ ਦੇ ਸਿਰ ਸੀ, ਯਾਨੀ ਉਹ ਇਸ ਸਕੂਲ ਦੇ ਮੁੱਖ ਅਧਿਆਪਕਾ ਸਨ। ਸੁਣਿਆਂ ਹੈ ਕਿ ਪੰਜਾਬ

Original with;
Jaswant Singh Zafar
Digitized by;
Panjab Digital Library

ਸਰਕਾਰ ਨੇ ਹੁਣ ਇਸ ਸਕੂਲ ਨੂੰ ਸਮੇਟ ਲਿਆ ਹੈ।ਕਲਾ ਅਤੇ ਕੁਦਰਤ ਪ੍ਰੇਮੀ ਸਥਾਨਕ ਇੰਜਨੀਅਰ ਵਿਵੇਕ ਭਾਟੀਆ ਕਾਫੀ ਅਰਸੇ ਤੋਂ ਇਥੇ ਸੇਵਾ ਨਿਭਾ ਰਹੇ ਸਨ। ਉਹ ਪਹਾੜੀ ਰਹਿਣ-ਸਹਿਣ ਨਾਲ ਇਕ-ਮਿਕ ਹੋਏ ਪ੍ਰਤੀਤ ਹੁੰਦੇ ਸਨ।ਸਾਹਿਤ ਅਤੇ ਸੈਰ-ਸਪਾਟੇ ਦੇ ਸ਼ੌਕੀਨ ਜਸਵਿੰਦਰ ਸਿੰਘ ਅਤੇ ਰਾਜੇਸ਼ ਕਠਪਾਲੀਆ ਨੌਜਵਾਨ ਇੰਜਨੀਅਰਾਂ ਦੀ ਜੋੜੀ ਦਿਨ-ਰਾਤ ਬਿਜਲੀ ਉਤਪਾਦਨ ਵਿਚ ਆਪਣਾ ਹਿੱਸਾ ਪਾ ਰਹੀ ਸੀ। ਬਾਅਦ ਵਿਚ ਇਹ ਦੋਵੇਂ ਤਰੱਕੀ ਪਾ ਕੇ ਕ੍ਰਮਵਾਰ ਲੁਧਿਆਣੇ ਅਤੇ ਪਟਿਆਲੇ ਕਾਰਜਕਾਰੀ ਇੰਜਨੀਅਰਾਂ ਵਜੋਂ ਤਾਇਨਾਤ ਹੋਏ।ਇੰਜ: ਐਸ. ਕੇ. ਸ਼ਰਮਾ ਹਮੇਸ਼ਾ ਹਾਸੇ ਠੱਠੇ ਦੀ ਝੜੀ ਲਗਾਈ ਰੱਖਦੇ ਸਨ।ਇਹ ਤਰੱਕੀ ਪਾ ਕੇ ਇਥੇ ਹੀ ਕਾਰਜਕਾਰੀ ਇੰਜਨੀਅਰ ਅਤੇ ਫਿਰ ਨਿਗਰਾਨ ਇੰਜਨੀਅਰ ਰਹੇ ਅਤੇ ਹੁਣ ਸੇਵਾ-ਮੁਕਤ ਹੋ ਚੁੱਕੇ ਹਨ।

ਸ਼ਾਨਨ ਦੀ ਠੰਢੀ ਪੌਣ, ਜੰਗਲੀ ਫੁੱਲਾਂ ਦੇ ਰੰਗ ਅਤੇ ਸੁਗੰਧ, ਨਿਰਮਲ ਕੂਲ੍ਹਾਂ ਦਾ ਸੰਗੀਤ, ਆਲੂ ਬੁਖਾਰਿਆਂ ਦੇ ਰੁੱਖ, ਪਗਡੰਡੀਆਂ, ਢਾਲਵੀਆਂ ਛੱਤਾਂ ਵਾਲੇ ਘਰ, ਇਹਨਾਂ ਦੇ ਵਿਹੜਿਆਂ ਦੀ ਹਰਿਆਵਲ ਅਤੇ ਲੱਕੜੀ ਦੇ ਬਣੇ ਖਿੜਕੇ ਮਿਲਕੇ ਕਿਸੇ ਰਾਸੂਲ ਹਮਜਾਤੋਵ ਦਾ ਦਾਗਿਸਤਾਨ ਪੜ੍ਹਨ ਤੋਂ ਬਾਅਦ ਮਨ 'ਚ ਪੈਦਾ ਹੋਈ ਖ਼ਿਆਲੀ ਤਸਵੀਰ ਨਾਲ ਮੇਲ ਖਾਂਦੇ ਪ੍ਰਤੀਤ ਹੁੰਦੇ ਸਨ। ਪੰਜਾਬੀ ਸੁਭਾਅ ਅਤੇ ਪਹਾੜੀ ਸੁਹਜ ਦਾ ਸੁਮੇਲ ਲੱਗਦਾ ਸੀ ਸ਼ਾਨਨ। ਮਜ਼ਹਬੀ ਸੰਕੀਰਣਤਾ ਕਿਸੇ ਦੇ ਨੇੜੇ ਨਾ ਤੇੜੇ। ਆਸ-ਪਾਸ ਦੇ ਮੰਦਰਾਂ 'ਚ ਸਵੇਰੇ ਸ਼ਾਮ ਆਰਤੀ ਤੋਂ ਪਹਿਲਾਂ ਗੁਰਬਾਣੀ ਕੀਰਤਨ ਅਤੇ ਵਿਖਿਆਨ ਦੀਆਂ ਟੇਪਾਂ ਵੱਜਦੀਆਂ ਸੁਣਦੀਆਂ ਸਨ।ਜਦ ਅਸੀਂ ਇਥੋਂ ਦੇ ਇਕ ਵਸਨੀਕ ਨਾਲ ਹਿੰਦੀ ਵਿਚ ਗੱਲਬਾਤ ਸ਼ੁਰੂ ਕਰਨ ਲੱਗੇ ਤਾਂ ਅੱਗਿਉਂ ਇਹ ਸੁਣਨਾ ਪਿਆ, "ਜੀ ਪੰਜਾਬੀ 'ਚ ਗੱਲ ਕਰ ਲਓ।" ਕਹਿਣ ਤੋਂ ਭਾਵ ਇਥੋਂ ਦੇ ਵਸਨੀਕਾਂ ਦੀ ਬੋਲੀ ਲਗਪਗ ਪੰਜਾਬੀ ਹੀ ਹੈ। ਪਰ ਇਹ ਸਾਡੇ ਨਾਲੋਂ ਜ਼ਿਆਦਾ ਹਲੀਮ, ਸਾਦੇ, ਖੁਸ਼ ਅਤੇ ਤੰਦਰੁਸਤ ਜਾਪਦੇ ਸਨ। ਇਥੋਂ ਦੇ ਖ਼ੂਬਸੂਰਤ ਰੈਸਟ ਹਾਊਸ, ਸ਼ਾਂਤ ਅਤੇ ਸੁਹਾਵਣਾ ਵਾਤਾਵਰਣ ਸੈਰ-ਸਪਾਟੇ ਵਾਲਿਆਂ ਨੂੰ ਖਿੱਚ ਪਾਉਣ ਵਾਲੇ ਸਨ। ਸ਼ਾਨਨ ਬਿਜਲੀ ਘਰ ਤੋਂ ਖਾਰਜ ਹੋ ਕੇ ਹੇਠਾਂ ਬੱਸੀ ਵੱਲ ਨੂੰ ਜਾਣ ਵਾਲੇ ਪਾਣੀ ਦੇ ਉੱਪਰ ਸੜਕ ਬਣੀ ਹੋਈ ਹੈ। ਇਸ 'ਤੇ ਸੈਰ ਕਰਦਿਆਂ ਜੋਗਿੰਦਰ ਨਗਰ ਦੇ ਵਿਸ਼ਾਲ ਵਿਹੜੇ ਦੀ ਦਿਲ-ਟੁੰਬਵੀਂ ਝਾਕੀ ਨਜ਼ਰ ਪੈਂਦੀ ਸੀ।ਇਥੇ ਇਕ ਰੈਸਟ ਹਾਊਸ ਅਤੇ ਕੁਝ ਦਫ਼ਤਰ ਹਿਮਾਚਲ ਬਿਜਲੀ ਬੋਰਡ ਦੇ ਵੀ ਸਨ।

ਹਾਲਜ਼ ਵੇਅ ਦੀ ਟਰਾਲੀ ਜਿਹੜੀ ਕਦੇ ਸ਼ਾਨਨ ਅਤੇ ਬਰੋਟ ਵਿਚਕਾਰ ਸਮਾਨ ਦੀ ਢੋਅ-ਢੁਆਈ ਲਈ ਬਣੀ ਸੀ ਬਾਅਦ ਵਿਚ ਆਨੰਦ ਮਾਨਣ ਦਾ ਵੱਡਾ ਵਸੀਲਾ ਬਣ ਗਈ। ਇਹ ਟਰਾਲੀ ਸਵਿਟਜ਼ਰਲੈਂਡ ਦੀ ਤਕਨੀਕ ਨਾਲ ਬਣੀ ਹੈ

Original with;
Jaswant Singh Zafar
Digitized by;
Panjab Digital Library

ਅਤੇ ਆਪਣੀ ਕਿਸਮ ਦੀ ਦੁਨੀਆਂ ਦੀ ਸਭ ਤੋਂ ਵੱਡੀ ਰੇਲ-ਟਰਾਲੀ ਹੈ। ਇਸ ਟਰਾਲੀ ਰਾਹੀਂ ਹੀ ਅਸੀਂ ਪਹਿਲੀ ਵਾਰ ਸ਼ਾਨਨ ਤੋਂ ਬਰੋਟ ਗਏ। ਇਹ ਛੋਟੀ ਰੇਲਵੇ ਪਟੜੀ ਉਤੇ ਲੋਹੇ ਦੀ ਮੋਟੀ ਤਾਰ ਨਾਲ ਉੱਪਰ ਨੂੰ ਵਿੰਚ ਮਸ਼ੀਨ (ਬਿਜਲੀ ਦੀ ਮੋਟਰ) ਦੁਆਰਾ ਖਿੱਚੀ ਜਾਂਦੀ ਹੈ। ਤਾਰ ਵੱਡੀ ਪੁਲ਼ੀ ਉਤੇ ਮਧਾਣੀ ਦੇ ਨੇਤੇ ਵਾਂਗ ਲਪੇਟੀ ਹੋਈ ਹੈ, ਜਿਸ ਦੇ ਦੋਹਾਂ ਸਿਰਿਆਂ ਉਤੇ ਦੋ ਟਰਾਲੀਆਂ ਹਨ। ਇਸ ਪੁਲ਼ੀ ਦੇ ਘੁੰਮਣ ਨਾਲ ਇਕ ਟਰਾਲੀ ਹੇਠੋਂ ਉੱਪਰ ਚੜ੍ਹਦੀ ਹੈ ਤਾਂ ਦੂਸਰੀ ਨਾਲ ਦੀ ਨਾਲ ਉੱਪਰੋਂ ਹੇਠਾਂ ਉਤਰਦੀ ਹੈ। ਟਰਾਲੀ ਚਾਲਕ ਲੱਕੜ ਦੇ ਮੁੱਠੇ ਵਾਲੀ ਪਿੱਤਲ ਦੀ ਲੰਬੀ ਸੋਟੀ ਹੱਥ ਵਿਚ ਫੜੀ ਕਿਸੇ ਰਥਵਾਨ ਵਾਂਗ ਲੱਗਦਾ ਸੀ। ਪਟੜੀ ਦੇ ਨਾਲ ਛੋਟੇ ਖੰਭਿਆਂ ਉਤੇ ਬਿਜਲੀ ਦੀ ਤਾਰ ਲੱਗੀ ਹੈ। ਜਦੋਂ ਇਹ ਚਾਲਕ ਅਪਣੀ ਸੋਟੀ ਨੂੰ ਇਸ ਉਤੇ ਲਾਉਂਦਾ ਤਾਂ ਮੋਟਰ-ਕਮਰੇ ਵਿਚ ਬੈਠੇ ਮੋਟਰ-ਚਾਲਕ ਨੂੰ ਟਰਾਲੀ ਰੋਕਣ ਜਾਂ ਚਲਾਉਣ ਦਾ ਬਿਜਲੀ ਦੀ ਘੰਟੀ ਨਾਲ ਸੰਕੇਤ ਮਿਲਦਾ।

ਉੱਪਰੋਂ ਆ ਰਹੇ ਪਾਣੀ ਦੀਆਂ ਵੱਡੀਆਂ ਪਾਈਪਾਂ (ਪੈਨ ਸਟੌਕਸ) ਦੇ ਨਾਲ-ਨਾਲ ਚੱਲਣ ਵਾਲੀ ਟਰਾਲੀ ਨਾਲ ਇਹਨਾਂ ਪਾਈਪਾਂ ਦੇ ਉੱਪਰਲੇ ਸਿਰੇ ਤੱਕ ਪਹੁੰਚਿਆ ਜਾਂਦਾ ਹੈ। ਇਸ ਤੋਂ ਅਗਾਂਹ ਕੰਕਰੀਟ ਦੀ ਸੁਰੰਗ ਸ਼ੁਰੂ ਹੁੰਦੀ ਹੈ। ਤਦੇ ਇਸ ਥਾਂ ਨੂੰ 'ਐਡਿਟ ਜੰਕਸ਼ਨ' ਆਖਦੇ ਹਨ। ਇਸ ਥਾਂ ਤੋਂ ਹੇਠਾਂ ਦੇਖਦਿਆਂ ਜੁਗਿੰਦਰ ਨਗਰ ਅਤੇ ਸ਼ਾਨਨ ਦੀ ਵਿਸ਼ਾਲ ਅਤੇ ਸੁੰਦਰ ਝਾਕੀ ਨਜ਼ਰ ਆਉਂਦੀ ਹੈ। ਇਸ ਤੋਂ ਉੱਪਰ ਜਾਣ ਲਈ ਹੋਰ ਟਰਾਲੀ ਜਾਂਦੀ ਹੈ, ਜਿਸ ਨੂੰ ਖਿੱਚਣ ਵਾਲੀ ਮੋਟਰ ਦੋਹਾਂ ਵਾਦੀਆਂ ਦੇ ਵਿਚਕਾਰਲੇ ਪਹਾੜ ਦੇ ਸਿਰ ਉਤੇ ਸਥਿਤ ਹੈ। 8000 ਫੁੱਟ ਉਚੀ ਇਸ ਥਾਂ ਨੂੰ ਵਿੰਚ ਕੈਂਪ ਆਖਦੇ ਹਨ ਅਤੇ ਇਥੇ ਸਰਦੀ ਚੋਖੀ ਹੁੰਦੀ ਹੈ। ਇਥੇ ਇਕ ਛੋਟਾ ਜਿਹਾ ਪੁਰਾਣਾ ਰੈਸਟ ਹਾਊਸ ਹੈ। ਨਾਲ ਹੀ ਰੇਸ਼ਮ ਦੇ ਕੀੜੇ ਪਾਲਣ ਦਾ ਇਕ ਸਰਕਾਰੀ ਫਾਰਮ ਹੈ। ਬਰੋਟ ਦੀ ਚੌਹਾਰ ਵਾਦੀ ਵਿਚ ਉਤਰਨ ਲਈ ਟਰਾਲੀ ਹੈੱਡ ਗੀਅਰ ਤੋਂ ਚਲਦੀ ਹੈ। ਵਿੰਚ ਕੈਂਪ ਤੋਂ ਹੈੱਡਗੀਅਰ ਤੱਕ ਤਿੰਨ ਕਿਲੋਮੀਟਰ ਪੈਦਲ ਚਲਣਾ ਪੈਂਦਾ ਹੈ। ਇਹ ਰਸਤਾ ਨਾ ਚੜ੍ਹਾਈ ਹੈ ਨਾ ਉਤਰਾਈ, ਪੱਧਰੀ ਰੇਲਵੇ ਪਟੜੀ ਹੈ। ਪਹਿਲਾਂ ਇਥੇ ਛੋਟੇ ਰੇਲਵੇ ਇੰਜਣ ਨਾਲ ਚੱਲਣ ਵਾਲੀ ਟਰਾਲੀ ਹੁੰਦੀ ਸੀ। ਜਦੋਂ ਇੰਜ. ਐਨ. ਐਸ. ਵਸੰਤ ਬੋਰਡ ਦੇ ਚੇਅਰਮੈਨ ਸਨ ਤਾਂ ਇਹ ਇੰਜਣ ਜਲੰਧਰ ਦੇ ਨਿੱਕੂ ਪਾਰਕ ਵਿਚ ਬੱਚਿਆਂ ਦੀ ਛੋਟੀ ਗੱਡੀ ਅੱਗੇ ਵਰਤਣ ਲਈ ਦੇ ਦਿੱਤਾ ਗਿਆ ਸੀ।

ਹੈੱਡ ਗੀਅਰ ਤੋਂ ਚੌਹਾਰ ਘਾਟੀ ਦੀ ਉਤਰਾਈ ਸ਼ੁਰੂ ਹੁੰਦੀ ਹੈ। ਪਹਿਲੀ ਟਰਾਲੀ ਨਾਲ ਕਥਿਆਰੂ ਤੱਕ ਪਹੁੰਚਿਆ ਗਿਆ ਅਤੇ ਦੂਜੀ ਨਾਲ ਕਥਿਆਰੂ ਤੋਂ ਬਰੋਟ ਤੱਕ। ਇਹਨਾਂ ਟਰਾਲੀਆਂ ਦੀ ਤਕਨੀਕ ਪਹਿਲੀਆਂ ਦੋਹਾਂ ਟਰਾਲੀਆਂ ਨਾਲੋਂ ਥੋੜ੍ਹੀ ਭਿੰਨ ਹੈ। ਇਹਨਾਂ ਦੀ ਤਾਰ ਵੱਡੇ ਡਰੰਮ ਉਤੇ ਲਪੇਟੀ ਹੋਈ ਹੈ। ਜਦੋਂ

Original with;
Jaswant Singh Zafar
Digitized by;
Panjab Digital Library

ਟਰਾਲੀ ਨੇ ਹੇਠਾਂ ਜਾਣਾ ਹੁੰਦਾ ਹੈ ਤਾਂ ਮੋਟਰ ਦੀ ਸਹਾਇਤਾ ਨਾਲ ਤਾਰ ਡਰੰਮ ਤੋਂ ਹੌਲੀ-ਹੌਲੀ ਉਧੇੜੀ ਜਾਂਦੀ ਹੈ ਅਤੇ ਉੱਪਰ ਖਿੱਚਣ ਲਈ ਡਰੰਮ 'ਤੇ ਲਪੇਟੀ ਜਾਂਦੀ। ਦਿਉਦਾਰ ਦੇ ਉਚੇ ਅਤੇ ਸੰਙਣੇ ਦਰਖ਼ਤਾਂ ਨਾਲ ਘਿਰੇ ਤੰਗ ਅਤੇ ਸੁੰਦਰ ਰਸਤੇ ਵਿਚੋਂ ਪੈਦਲ ਤੁਰਨ ਦੀ ਰਫ਼ਤਾਰ ਨਾਲ ਟਰਾਲੀ ਹੇਠਾਂ ਉਤਰਦੀ ਹੈ। ਟਰਾਲੀ ਦੇ ਇਕ ਚਾਲਕ ਸਤੀਸ਼ ਕੁਮਾਰ ਨੇ ਦੱਸਿਆ ਹੈ ਕਿ ਉਸਦਾ ਨਾਨਾ ਪਹਿਲਾਂ ਇਸ ਟਰਾਲੀ ਨੂੰ ਚਲਾਉਂਦਾ ਸੀ, ਜਿਸ ਦੇ ਰਿਟਾਇਰ ਹੋਣ ਮਗਰੋਂ ਉਸ ਦੇ ਮਾਮੇ ਨੇ ਇਹ ਕੰਮ ਸਾਂਭਿਆ ਅਤੇ ਮਾਮੇ ਦੇ ਰਿਟਾਇਰ ਹੋਣ 'ਤੇ ਉਸ ਦੇ ਦੋ ਲੜਕਿਆਂ ਨੇ। ਇਹਨਾਂ ਦੋਹਾਂ ਭਰਾਵਾਂ ਵਿਚੋਂ ਵੀ ਵੱਡਾ ਰਿਟਾਇਰ ਹੋ ਚੁੱਕਾ ਸੀ। ਸਤੀਸ਼ ਖ਼ੁਦ ਵੀ ਪਿਛਲੇ ਕਈ ਸਾਲਾਂ ਤੋਂ ਇਥੇ ਰੁਜ਼ਗਾਰ ਕਮਾ ਰਿਹਾ ਸੀ, ਹੁਣ ਤੱਕ ਉਹ ਵੀ ਰਿਟਾਇਰ ਹੋ ਚੁੱਕਾ ਹੋਵੇਗਾ। ਸ਼ਾਨਨ ਤੋਂ ਬਰੋਟ ਤੱਕ ਪਹੁੰਚਣ ਲਈ ਉਂਜ ਤਾਂ ਬੱਸ ਸੇਵਾ ਵੀ ਸੀ ਪਰ ਟਰਾਲੀ ਦੇ ਇਸ ਸੁਹਾਵਣੇ ਸਫ਼ਰ ਦੇ ਨਿਵੇਕਲੇ ਅਨੁਭਵ ਨੂੰ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਟਰਾਲੀ ਤੋਂ ਕੋਈ ਆਮਦਨ ਨਾ ਹੋਣ ਕਰਕੇ ਹੁਣ ਇਸ ਦੀ ਸਾਂਭ ਸੰਭਾਲ 'ਤੇ ਲੋੜੀਂਦਾ ਖ਼ਰਚਾ ਨਹੀਂ ਕੀਤਾ ਜਾ ਰਿਹਾ। ਜਿਸ ਦੇ ਨਤੀਜੇ ਵਜੋਂ ਹੁਣ ਵਿੰਚ ਕੈਂਪ ਤੋਂ ਬਰੋਟ ਵਾਲੇ ਪਾਸੇ ਦੀਆਂ ਦੋਵਾਂ ਸਟੇਜਾਂ ਦੀਆਂ ਟਰਾਲੀਆਂ ਬੰਦ ਹੋ ਚੁੱਕੀਆਂ ਹਨ। ਇਸ ਤਕਨੀਕੀ ਅਜੂਬੇ ਨੂੰ ਮੁਨਾਫ਼ੇ ਦੀ ਬਜਾਏ ਵਿਰਾਸਤੀ ਮਹੱਤਵ ਦੇ ਆਧਾਰ 'ਤੇ ਸਾਂਭਿਆ ਅਤੇ ਚਾਲੂ ਰੱਖਿਆ ਜਾਣਾ ਚਾਹੀਦਾ ਹੈ।

ਟਰਾਲੀ ਨੇ ਸਾਨੂੰ ਊਹਲ ਨਦੀ ਦੇ ਕੰਢੇ 'ਤੇ ਲਿਜਾ ਉਤਾਰਿਆ। ਪਰਲੇ ਕੰਢੇ ਬਹੁਤ ਵੱਡੇ ਆਕਾਰ ਦਾ ਪੱਥਰ ਜੋ ਕੁਦਰਤੀ ਤੌਰ 'ਤੇ ਡੱਡੂ ਦੀ ਸ਼ਕਲ ਦਾ ਸੀ, ਪਾਣੀ ਵਿਚ ਛਾਲ ਮਾਰਨ ਦੀ ਤਿਆਰੀ ਵਿਚ ਜਾਪਦਾ ਸੀ। ਨਦੀ ਕਿਨਾਰੇ ਪਾਣੀ ਦੀ ਦਿਸ਼ਾ ਵਿਚ ਚੱਲਦਿਆਂ ਪੁਰਾਣਾ ਹੈੱਡ ਵਰਕਸ ਨਜ਼ਰ ਆਉਂਦਾ ਸੀ। ਇਥੋਂ ਸ਼ੁਰੂ ਹੋਈ ਤੇਜ਼-ਧਾਰ ਪੱਕੀ ਨਹਿਰ ਅਤੇ ਫਿਰ ਪਾਣੀ ਦੀ ਇਕ ਛੋਟੀ ਸੁਰੰਗ, ਜਿਸ ਰਾਹੀਂ ਪਾਣੀ ਪੁਰਾਣੀ ਪੱਕੀ ਝੀਲ ਤਕ ਪਹੁੰਚਦਾ ਹੈ। ਸੁਰੰਗ ਵਿਚੋਂ ਹਵਾ ਖਾਰਜ ਕਰਨ ਲਈ ਖੜ੍ਹੇ ਪਾਈਪ 'ਚੋਂ ਜਦ ਪੰਜਾਹ ਫੁੱਟ ਤੋਂ ਵੀ ਉੱਚਾ ਪਾਣੀ ਦਾ ਫੁਰਾਟਾ ਉਠਦਾ ਸੀ ਤਾਂ ਸਾਰਾ ਧਿਆਨ ਇਸ ਵੱਲ ਖਿੱਚਿਆ ਜਾਂਦਾ ਸੀ। ਇਸ ਤੋਂ ਥੋੜ੍ਹਾ ਅੱਗੇ ਊਹਲ ਅਤੇ ਲੰਬਾਡੰਗ ਨਦੀਆਂ ਦਾ ਮਿਲਾਪ ਹੁੰਦਾ ਹੈ। ਉਸ ਤੋਂ ਅਗਾਂਹ ਨਵਾਂ ਵੱਡਾ ਹੈੱਡ ਵਰਕਸ ਹੈ, ਜਿੱਥੇ ਦਰਿਆ ਦੇ ਪਾਣੀ ਨੂੰ ਰੋਕ ਕੇ ਲੋੜ ਮੁਤਾਬਕ ਨਵੀਂ ਝੀਲ ਵਿਚ ਪਾਇਆ ਜਾਂਦਾ ਹੈ। ਇਸ ਤੋਂ ਅੱਗੇ ਜਲ-ਧਾਰਾਵਾਂ ਦਾ ਜਾਲ ਅਤੇ ਫਿਰ ਜਲ-ਭੰਡਾਰ ਸ਼ੁਰੂ ਹੁੰਦਾ ਹੈ। ਇਹਨਾਂ ਦੇ ਕੰਢੇ ਉਤੇ ਹੈੱਡ ਵਰਕਸ ਇੰਜਨੀਅਰ ਦਾ ਦਫ਼ਤਰ ਬਣਿਆ ਹੈ। ਹੈੱਡ ਵਰਕਸ ਇੰਜਨੀਅਰ ਕਿਰਨਜੀਤ ਸਿੰਘ ਸੇਖੋਂ ਆਪਣੇ ਦਫ਼ਤਰੀ ਅਮਲੇ ਵਿਚ ਘਿਰੇ, ਹਰ ਛੋਟੀ-ਵੱਡੀ

Original with:
Jaswant Singh Zafar
Digitized by;
Panjab Digital Library

ਗੱਲ ਵਿਚ ਦਿਲਚਸਪੀ ਲੈਂਦੇ ਅਤੇ ਹੇਠਾਂ ਬਿਜਲੀ ਘਰ ਨੂੰ ਪਾਣੀ ਦੀ ਸਥਿਤੀ ਬਾਰੇ ਜਾਣਕਾਰੀ ਦਿੰਦੇ ਨਜ਼ਰ ਆਉਂਦੇ ਸਨ। ਇਥੇ ਇਕ ਰੈਸਟ ਹਾਊਸ ਦਫ਼ਤਰ ਦੇ ਨਾਲ ਲੱਗਵਾਂ ਹੈ। ਜਦ ਕਿ ਦੂਸਰਾ ਨਾਲ ਲਗਦੀ ਪਹਾੜੀ ਦੀ ਢਲਾਨ ਉਤੇ ਸਥਿਤ ਹੈ। ਇਸ ਨੂੰ ਜਲਾਨ ਰੈਸਟ ਹਾਊਸ ਆਖਦੇ ਹਨ। ਉਸਾਰੀ ਸਮੇਂ ਕਰਨਲ ਬੈਟੀ ਜ਼ਿਆਦਾ ਇਸ ਉੱਪਰਲੇ ਰੈਸਟ ਹਾਊਸ ਵਿਚ ਠਹਿਰਿਆ ਕਰਦੇ ਸਨ। ਇਹ ਦੇਖ ਕੇ ਬਹੁਤ ਚੰਗਾ ਲੱਗਿਆ ਕਿ ਉਸ ਸਮੇਂ ਦੇ ਕਾਲੀਨਾਂ, ਫਰਨੀਚਰ, ਬਰਤਨਾਂ, ਬਿਜਲੀ ਦੇ ਸਵਿੱਚਾਂ ਅਤੇ ਹੋਰ ਸਮਾਨ ਨੂੰ ਚੰਗੀ ਸੰਭਾਲ ਨਾਲ ਬਰਕਰਾਰ ਰੱਖਿਆ ਹੋਇਆ ਸੀ। ਬੋਰਡ ਦੇ ਰੈਸਟ ਹਾਊਸਾਂ ਵਿਚ ਕੰਮ ਕਰਦੇ ਬਾਵਰਚੀ ਸਰਵਸ਼੍ਰੀ ਪ੍ਰੇਮ ਸਿੰਘ, ਸ਼ਾਮ ਲਾਲ, ਕਾਸ਼ੀ ਰਾਮ ਅਤੇ ਦਲੀਪ ਸਿੰਘ ਆਪਣੇ ਕੰਮ ਵਿਚ ਚੰਗੀ ਮੁਹਾਰਤ ਅਤੇ ਪ੍ਰਸਿੱਧੀ ਵਾਲੇ ਸਨ। ਉਹਨਾਂ ਨੂੰ ਇਸ ਗੱਲ ਦੀ ਤਸੱਲੀ ਸੀ ਕਿ 'ਵੱਡਿਆਂ-ਵੱਡਿਆਂ' ਨੇ ਉਹਨਾਂ ਦਾ ਪਕਾਇਆ ਖਾਣਾ ਖਾਧਾ ਅਤੇ ਸਲਾਹਿਆ ਹੈ।

ਬਰੋਟ ਵਿਖੇ ਹਿਮਾਚਲ ਲੋਕ ਨਿਰਮਾਣ ਵਿਭਾਗ ਦਾ ਲੱਕੜੀ ਦੀ ਬਣਿਆਂ ਇਕ ਰੰਗ-ਬਿਰੰਗਾ ਰੈਸਟ ਹਾਊਸ ਹੈ। ਨਾਲ ਹੀ ਮੱਛੀਆਂ ਦੀ ਨਸਲ ਸੁਧਾਰਨ ਦਾ ਇਕ ਸਰਕਾਰੀ ਫਾਰਮ ਹੈ ਜਿਥੇ ਬਰਾਊਨ ਅਤੇ ਰੇਨਬੋਅ ਕਿਸਮ ਦੀਆਂ ਮੱਛੀਆਂ ਦਾ ਪੂੰਗ ਤਿਆਰ ਕੀਤਾ ਜਾਂਦਾ ਹੈ। ਇਸ ਇਲਾਕੇ ਦਾ ਮੌਸਮ ਵੀ ਵਾਹਵਾ ਮਜ਼ਾਕੀਆ ਹੈ, ਕਦੇ ਤੇਜ਼ ਧੁੱਪ ਕਦੇ ਬੱਦਲ ਅਤੇ ਕਦੇ ਬਾਰਸ਼ ਤੇ ਤੇਜ਼ ਹਵਾ। ਜਨਵਰੀ-ਫਰਵਰੀ ਵਿਚ ਬਰਫ਼ ਵੀ ਖ਼ੂਬ ਪੈਂਦੀ ਹੈ। ਬਰੋਟ ਦਾ ਇਲਾਕਾ ਰਾਜਮਾਂਹ ਦੀਆਂ ਕਈ ਕਿਸਮਾਂ ਦੇ ਉਤਪਾਦਨ ਲਈ ਪ੍ਰਸਿੱਧ ਹੈ ਅਤੇ ਆਲੂ ਦੀ ਫਸਲ ਵੀ ਭਰਪੂਰ ਹੁੰਦੀ ਹੈ। ਜੇ ਜੁਗਿੰਦਰ ਨਗਰ ਜਾਂ ਮੰਡੀ ਤੋਂ ਬੱਸ ਰਾਹੀਂ ਬਰੋਟ ਜਾਇਆ ਜਾਵੇ ਤਾਂ ਇਹ ਪਹਾੜੀ ਰਸਤੇ 'ਚੋਂ ਹੁੰਦੀ ਹੋਈ ਛੋਟੇ-ਛੋਟੇ ਪਿੰਡਾਂ 'ਚੋਂ ਰੁਕਦੀ, ਨਵੇਂ ਹੈੱਡ ਵਰਕਸ ਦੇ ਨਜ਼ਦੀਕ ਉਤਾਰ ਕੇ ਇਥੋਂ ਪੰਜ ਕਿਲੋਮੀਟਰ ਅੱਗੇ ਲੁਹਾਰੜੀ ਤੱਕ ਜਾਂਦੀ ਹੈ। ਜਿੰਨ੍ਹਾਂ ਦੀਆਂ ਲੱਤਾਂ ਨੂੰ ਤੁਰਨ ਦਾ ਚਾਅ ਹੋਵੇ ਉਹ ਲੰਬਾਡੱਗ ਨਦੀ ਦੇ ਕੰਢੇ ਦੀ ਸੁੰਦਰਤਾ ਦਾ ਵਾਹਵਾ ਆਨੰਦ ਮਾਣ ਸਕਦੇ ਹਨ। ਦੋਹੀਂ ਪਾਸੀਂ ਦਿਉਦਾਰ ਦੇ ਰੁੱਖ, ਤੇਜ਼ਧਾਰ ਵਹਿੰਦੀ ਨਦੀ ਦੀ ਸ਼ੂਕਰ ਅਤੇ ਦੂਰ ਧੌਲਾਧਾਰ ਪਹਾੜ ਦੀਆਂ ਬਰਫ਼ ਨਾਲ ਕੱਜੀਆਂ ਚੋਟੀਆਂ ਯਾਤਰੀ ਦੇ ਮਨ ਨੂੰ ਤ੍ਰਿਪਤ ਕਰਦੀਆਂ ਹਨ। ਜੇ ਕੋਈ ਇਸ ਰਸਤੇ ਦੀ ਮਾਮੂਲੀ ਚੜ੍ਹਾਈ ਕਾਰਨ ਜਾਣ ਤੋਂ ਕਤਰਾਉਂਦਾ ਹੋਵੇ ਉਹ ਬੱਸ ਰਾਹੀਂ ਲੁਹਾਰੜੀ ਪਹੁੰਚ ਕੇ ਵਾਪਸ ਨੱਚਦਾ-ਟੱਪਦਾ ਗਾਉਂਦਾ ਬਰੋਟ ਵਾਪਸ ਆ ਸਕਦਾ ਹੈ। ਅਸੀਂ ਦੋ-ਤਿੰਨ ਵਾਰ ਇੰਜ ਕੀਤਾ ਸੀ।ਇਸ ਦੌਰਾਨ ਮੈਂ ਬੱਚਿਆਂ ਲਈ ਇਕ ਗੀਤ ਵੀ ਲਿਖਿਆ:

*Original with;*
Jaswant Singh Zafar
*Digitized by;*
Panjab Digital Library

*ਨਦੀ ਕਿਨਾਰੇ ਜਾਵਾਂਗੇ, ਖ਼ੂਬ ਤਾਰੀਆਂ ਲਾਵਾਂਗੇ*
*ਨੱਚਾਂਗੇ ਤੇ ਗਾਵਾਂਗੇ, 'ਕੱਠੇ ਬਹਿ ਕੇ ਖਾਵਾਂਗੇ*

ਜੇ ਕਿਸੇ ਨੂੰ ਖਰੀਦੋ-ਫ਼ਰੋਖ਼ਤ ਅਤੇ ਫ਼ਜ਼ੂਲ ਖਰਚੀ ਦਾ ਜ਼ਿਆਦਾ ਸ਼ੌਕ ਨਾ ਹੋਵੇ ਤਾਂ ਇਹ ਸੈਰ-ਸਪਾਟੇ ਲਈ ਆਦਰਸ਼ ਜਗ੍ਹਾ ਹੈ। ਧੂੜ, ਧੁੱਪ ਅਤੇ ਧੱਕਿਆਂ ਤੋਂ ਰਾਹਤ ਚਾਹੁਣ ਵਾਲਿਆਂ ਨੂੰ ਜੁਗਿੰਦਰ ਨਗਰ ਦੀ ਯਾਤਰਾ ਸ਼ਾਂਤੀ ਅਤੇ ਤਾਜ਼ਗੀ ਪ੍ਰਦਾਨ ਕਰਦੀ ਹੈ। ਇਸ ਥਾਂ ਜਾ ਕੇ ਆਦਮੀ ਮਨੁੱਖੀ ਪ੍ਰਤਿਭਾ ਅਤੇ ਮਿਹਨਤ ਨੂੰ ਪ੍ਰਣਾਮ ਕਰਨ ਦੇ ਨਾਲ-ਨਾਲ ਕੁਦਰਤ ਦੀ ਖ਼ੂਬਸੂਰਤੀ ਨੂੰ ਝਾਤ ਕਹਿ ਸਕਦਾ ਹੈ।ਇਥੋਂ ਦੀ ਕੁਦਰਤੀ ਸੁੰਦਰਤਾ ਦੀ ਭਰਪੂਰਤਾ ਅਤੇ ਮਨੁੱਖੀ ਕਾਰੀਗਰੀ ਦੀ ਵਿਲੱਖਣਤਾ ਨੇ ਸਾਨੂੰ ਤਾਂ ਏਨਾ ਮੋਹਿਆ ਕਿ ਅਸੀਂ ਵਾਰ-ਵਾਰ ਇਥੇ ਜਾਂਦੇ ਹਾਂ ਅਤੇ ਆਪਣੇ ਕਰੀਬੀਆਂ ਨੂੰ ਇਥੇ ਸਮਾਂ ਬਿਤਾ ਕੇ ਆਉਣ ਲਈ ਕਹਿੰਦੇ ਰਹਿੰਦੇ ਹਾਂ। ਇਕ ਵਾਰ ਸਾਡੇ ਨਾਲ ਸ. ਅਮਰਜੀਤ ਸਿੰਘ ਗਰੇਵਾਲ ਅਤੇ ਭੈਣ ਜੀ ਡਾ. ਕਮਲਦੀਪ ਕੌਰ ਗਏ, ਇਕ ਵਾਰ ਡਾ. ਪ੍ਰਿਥੀਪਾਲ ਸਿੰਘ ਸੋਹੀ ਅਤੇ ਭੈਣ ਜੀ ਹਰਿੰਦਰ ਕੌਰ ਸੋਹੀ ਗਏ, ਇੱਕ ਵਾਰ ਸ. ਅਮਰਜੀਤ ਸਿੰਘ ਭੁਰਜੀ ਅਤੇ ਉਹਨਾਂ ਦਾ ਸਾਰਾ ਪਰਿਵਾਰ ਗਿਆ। 1992 ਤੋਂ ਬਾਅਦ ਅਸੀਂ ਹਮੇਸ਼ਾਂ ਸੜਕੀ ਰਸਤਿਓਂ ਕਾਰਾਂ ਰਾਹੀਂ ਲੁਧਿਆਣੇ ਤੋਂ ਹੁਸ਼ਿਆਰਪੁਰ, ਕਾਂਗੜਾ ਅਤੇ ਪਾਲਮਪੁਰ ਵਿਚੋਂ ਹੁੰਦੇ ਹੋਏ ਜੁਗਿੰਦਰ ਨਗਰ ਗਏ। ਇਹਨਾਂ ਯਾਤਰਾਵਾਂ ਦੌਰਾਨ ਅਸੀਂ ਰਵਾਲਸਰ ਦੀ ਝੀਲ ਅਤੇ ਗੁਰਦੁਆਰਾ, ਕਾਂਗੜੇ ਦਾ ਪ੍ਰਾਚੀਨ ਕਿਲਾ, ਮੈਕਲੋਡਗੰਜ ਦਾ ਬੋਧੀ ਹੈੱਡ ਕੁਆਰਟਰ, ਧਰਮਸ਼ਾਲਾ ਦਾ ਕਾਂਗੜਾ-ਕਲਾਵਾਂ ਦਾ ਸੰਗ੍ਰਹਿ-ਘਰ, ਪਾਲਮਪੁਰ ਦੇ ਚਾਹ ਬਾਗ, ਅੰਦਰੇਟੇ ਸ. ਸੋਭਾ ਸਿੰਘ ਦਾ ਘਰ ਤੇ ਆਰਟ ਗੈਲਰੀ, ਬੈਜਨਾਥ ਦਾ ਪ੍ਰਾਚੀਨ ਮੰਦਰ, ਇਸ ਇਲਾਕੇ 'ਚ ਪੈਂਦੇ ਦੋ ਬੜੇ ਖ਼ੂਬਸੂਰਤ ਬੋਧੀ ਅਸਥਾਨ ਅਤੇ ਹੋਰ ਕਿੰਨਾ ਕੁਝ ਦੇਖਿਆ।

•

*Original with;*
Jaswant Singh Zafar
*Digitized by;*
Panjab Digital Library

# ਵਾਹ, ਮੇਰੇ ਰਾਮ ਜੀਓ!


ਖੇਤ, ਰੁੱਖ, ਫਸਲਾਂ ਪੰਜਾਬੀ ਰਹਿਤਲ ਦੇ ਮਹੱਤਵਪੂਰਨ ਅਤੇ ਸਥਾਈ ਪਛਾਣ ਚਿੰਨ੍ਹ ਹਨ। ਸਾਡੀਆਂ ਲੋਕ-ਕਹਾਣੀਆਂ ਵਿਚ ਕਾਂ ਚਿੜੀ ਵੀ ਖੇਤੀ ਕਰਦੇ ਹਨ। ਲੋਕ ਗੀਤਾਂ ਵਿਚ ਕਣਕਾਂ ਨਿਸਰਦੀਆਂ ਹਨ, ਚਰ੍ਹੀਆਂ ਹੁਲਾਰੇ ਲੈਂਦੀਆਂ ਹਨ, ਟੱਲੀਆਂ ਟਣਕਦੀਆਂ ਹਨ, ਹਲ਼ ਵਗਦੇ ਹਨ, ਖੂਹ ਗਿੜਦੇ ਹਨ। ਗੁਰਬਾਣੀ ਵਿਚ ਮਨੁੱਖੀ ਮਨ, ਤਨ, ਸੁਭਾਅ, ਸਬੰਧਾਂ, ਵਤੀਰਿਆਂ ਅਤੇ ਵਰਤਾਰਿਆਂ ਦਾ ਖੁਲਾਸਾ ਕਰਦਿਆਂ ਬਾਬਿਆਂ ਨੇ ਖੇਤੀ ਅਤੇ ਖੇਤਾਂ ਨਾਲ ਜੁੜੇ ਬਿੰਬਾਂ ਅਤੇ ਦ੍ਰਿਸ਼ਟਾਂਤਾਂ ਦੀ ਛਹਿਬਰ ਲਾਈ ਹੈ। ਪਾਸ਼ ਤੱਕ ਪਹੁੰਚ ਕੇ ਪੰਜਾਬੀ ਸ਼ਾਇਰੀ ਵਿਚ ਖੇਤ ਨਵੇਂ ਅਤੇ ਵੱਖਰੇ ਰੂਪ ਵਿਚ ਪੇਸ਼ ਹੁੰਦੇ ਹਨ। ਇਥੇ ਖੇਤ ਮਹਿਕਦੇ ਹੀ ਨਹੀਂ ਬੱਕਰੇ ਵੀ ਬੁਲਾਉਂਦੇ ਹਨ। ਪੈਲ਼ੀਆਂ ਵਿਚ ਦਾਣੇ ਹੀ ਨਹੀਂ ਬਗ਼ਾਵਤ ਵੀ ਉੱਗਦੀ ਹੈ। ਫਸਲਾਂ ਝੂਮਦੀਆਂ ਹੀ ਨਹੀਂ ਝੂਰਦੀਆਂ ਵੀ ਹਨ, ਬੋਹਲ਼ ਲਲਕਾਰਦੇ ਵੀ ਹਨ। ਸਾਡੇ ਖੂਹ 'ਤੇ ਵਸਣ ਵਾਲੇ ਰੱਬ ਦੀ ਐਸੀ ਕੀ ਤੈਸੀ ਫਿਰਦੀ ਹੈ।

ਖੇਤਾਂ ਦੀ ਕਾਵਿ-ਯਾਤਰਾ ਜਾਰੀ ਹੈ। ਰੁੱਖਾਂ ਫਸਲਾਂ ਦਾ ਸਫ਼ਰ ਨਹੀਂ ਮੁੱਕਿਆ। ਕਵੀ ਰਾਮ ਸਿੰਘ ਚਾਹਲ ਤੱਕ ਪਹੁੰਚ ਕੇ ਇਹ ਸਫ਼ਰ ਖੜਾ ਸਹਿਜ ਹੋ ਗਿਆ ਹੈ, ਸੁਹਾਵਨਾ ਹੋ ਗਿਆ ਹੈ। ਮਿੱਟੀ ਗਾਉਣ ਲੱਗੀ ਹੈ, ਫਸਲਾਂ ਗੁਫ਼ਤਗੂ ਕਰਨ ਲੱਗੀਆਂ ਹਨ, ਦਾਣੇ ਸੋਚਣ ਲੱਗੇ ਹਨ। ਮੀਂਹ ਝੱਖੜ ਦੇ ਖੜਕੇ-ਦੜਕੇ ਮਗਰੋਂ ਜਿਉਂ ਮੀਂਹ ਦਾ ਪਾਣੀ ਕੋਈ ਸ਼ੋਰ ਕੀਤੇ ਬਗ਼ੈਰ ਧਰਤੀ ਵਿਚ ਜੀਰਨ ਲੱਗਦਾ ਹੈ, ਕਵਿਤਾ ਵੀ ਚੇਤਨਾ ਦੀ ਮਿੱਟੀ ਵਿਚ ਜੀਰਨ ਲੱਗੀ ਹੈ, ਰਚਣ ਲੱਗੀ ਹੈ। ਰਾਮ ਸਿੰਘ ਚਾਹਲ ਦੀ ਕਾਵਿ-ਪੁਸਤਕ 'ਭੋਇੰ' ਛਪ ਕੇ ਸਾਹਮਣੇ ਆਉਂਦੀ ਹੈ।

*ਭੋਇੰ ਜਾਣੀ ਮਿੱਟੀ*
*ਮਿੱਟੀ ਦਾ ਖੇਤ*
*ਖੇਤ ਦਾ ਕਿਸਾਨ*
*ਕਿਸਾਨ ਜਾਣੀ ਮਨੁੱਖ*
*ਮਨੁੱਖ ਦਾ ਮਨ*

*Original with;*
Jaswant Singh Zafar
*Digitized by;*
Panjab Digital Library

*ਮਨ ਦੀ ਮਿੱਟੀ*
*ਮਿੱਟੀ ਜਾਣੀ ਭੋਇੰ*




ਮਿੱਟੀ ਦਾ ਮਿੱਟੀ ਤੋਂ ਮਿੱਟੀ ਤਕ ਦਾ ਸਫ਼ਰ। ਮਿੱਟੀ ਦੀ ਕਵਿਤਾ ਦਾ ਬਾਬੇ ਫਰੀਦ ਤੋਂ ਰਾਮ ਸਿੰਘ ਚਾਹਲ ਤੱਕ ਦਾ ਸਫ਼ਰ। ਸਫ਼ਰ ਜਾਰੀ ਹੈ। ਕਵੀ ਅਤੀਤ ਤੋਂ ਚਲਦਾ, ਵਰਤਮਾਨ 'ਚੋਂ ਗੁਜ਼ਰਦਾ, ਭਵਿੱਖ ਵੱਲ ਵਧਦਾ। 'ਤੋਂ' 'ਵਿਚੋਂ' ਅਤੇ 'ਵੱਲ' ਇਕੱਠੇ ਹਨ। ਬੀਤੇ ਦਾ ਉਦਰੇਵਾਂ ਨਹੀਂ, ਵਰਤਮਾਨ 'ਤੇ ਗਿਲਾ ਨਹੀਂ ਅਤੇ ਭਵਿੱਖ ਦਾ ਖ਼ੌਫ ਨਹੀਂ।

ਸਾਡੇ ਇਥੇ ਪਰੰਪਰਾ ਨੂੰ ਤੋੜਨ ਦਾ ਦੰਭ ਕਰਨ ਦੀ ਪਰੰਪਰਾ ਮੌਜੂਦ ਹੈ ਅਤੇ ਪਰੰਪਰਾ ਨਾਲ ਚਿੰਬੜਨ ਦੇ ਫੈਸ਼ਨ ਦਾ ਵੀ ਜ਼ੋਰ ਹੈ। ਪਛਾਂਹ-ਖਿਚੂ ਵੀ ਪ੍ਰਗਤੀਵਾਦੀ ਹੋਣ ਦਾ ਦਾਅਵਾ ਕਰ ਲੈਂਦੇ ਹਨ। ਰਾਮ ਸਿੰਘ ਚਾਹਲ ਨਾ ਪਰੰਪਰਾਵਾਦੀ ਹੈ ਅਤੇ ਨਾ ਹੀ ਫੈਸ਼ਨਪ੍ਰਸਤ। ਉਹ ਪ੍ਰਗਤੀਵਾਦੀ ਹੋਣ ਦਾ ਦਾਅਵਾ ਵੀ ਨਹੀਂ ਕਰਦਾ। ਉਸ ਦੀ ਸ਼ਾਇਰੀ ਸਾਨੂੰ ਸੋਚ ਦੀਆਂ ਪਰੰਪਰਕ ਵਲਗਣਾ ਤੋਂ ਬਾਹਰ ਦੀ ਪ੍ਰਵਾਜ਼ ਦੀ ਤਾਜ਼ਗੀ ਨਾਲ ਭਰ ਦਿੰਦੀ ਹੈ। ਉਹ ਸ਼ਬਦਾਂ ਦੇ ਇਕਹਿਰੇ ਅਰਥਾਂ ਤੋਂ ਹੀ ਪਾਰ ਨਹੀਂ ਜਾਂਦਾ ਸਗੋਂ ਸ਼ਬਦਾਂ ਦੇ ਇਕਹਿਰੇ ਸਬੰਧਾਂ ਨੂੰ ਵੀ ਪ੍ਰਵਾਨ ਨਹੀਂ ਕਰਦਾ। ਉਹ ਦਾਣਿਆਂ ਨੂੰ ਕੇਵਲ ਰੋਟੀ ਅਤੇ ਭੁੱਖ ਨਾਲ ਸਬੰਧਤ ਨਹੀਂ ਰਹਿਣ ਦਿੰਦਾ ਸਗੋਂ ਦਾਣਿਆਂ ਨੂੰ ਰੰਗਾਂ, ਉਮੰਗਾਂ, ਨਾਚ, ਸੁੰਦਰਤਾ ਅਤੇ ਮਨੁੱਖੀ ਸਰਗਰਮੀ ਦੀ ਸਮੁੱਚਤਾ ਨਾਲ ਜੋੜ ਦਿੰਦਾ ਹੈ। ਉਹ ਤਥਾ-ਕਥਿਤ ਪ੍ਰਗਤੀਵਾਦੀ ਕਵੀਆਂ ਵਾਂਗ ਕਿਰਤ ਨੂੰ ਕੇਵਲ ਕਿਰਤੀ ਦੀ ਲਾਚਾਰੀ ਅਤੇ ਸੋਸ਼ਣ ਨਾਲ ਹੀ ਜੁੜੀ ਹੋਈ ਮਹਿਸੂਸ ਨਹੀਂ ਕਰਦਾ। ਉਸ ਮੁਤਾਬਕ ਕਿਰਤ ਦਾ ਸਬੰਧ ਸੋਸ਼ਣ ਅਤੇ ਮਜਬੂਰੀ ਤੋਂ ਇਲਾਵਾ ਸੋਹਜ, ਸੁੰਦਰਤਾ, ਵਿਕਾਸ, ਸੁਪਨੇ, ਆਨੰਦ

*Original with:*
Jaswant Singh Zafar
*Digitized by;*
Panjab Digital Library

ਅਤੇ ਹੋਰ ਵੀ ਬੜੀਆਂ ਗੱਲਾਂ ਨਾਲ ਹੈ। ਕਵੀ ਮੌਤ ਦਾ ਸਬੰਧ ਵਿਅਕਤੀ ਦੇ ਖਾਤਮੇ ਅਤੇ ਵਿਰਲਾਪ ਨਾਲੋਂ ਤੋੜ ਕੇ ਜ਼ਿੰਦਗੀ ਦੇ ਕਾਫਲੇ ਦੀ ਸਮੁੱਚਤਾ ਦੀ ਤੋਰ ਨਾਲ ਜੋੜ ਦਿੰਦਾ ਹੈ। ਉਹ ਆਪਣੇ ਪਿਆਰਿਆਂ ਦੀ ਮੌਤ ਦਾ ਜ਼ਿਕਰ ਪਾਠਕਾਂ ਤੋਂ ਹਮਦਰਦੀ ਜਾਂ ਤਰਸ ਬਟੋਰਨ ਲਈ ਨਹੀਂ ਕਰਦਾ। ਆਪਣੇ ਪਿਤਾ ਅਤੇ ਵੱਡੇ ਭਰਾ ਦੀ ਮੌਤ ਨਾਲ ਸਬੰਧਤ ਕਵਿਤਾਵਾਂ ਨਾਲ ਰਾਮ ਸਿੰਘ ਸਾਨੂੰ ਉਦਾਸੀ ਦੇ ਖੂਹ ਵੱਲ ਨਹੀਂ ਧੱਕਦਾ ਸਗੋਂ ਜ਼ਿੰਦਗੀ ਦੇ ਆਨੰਦ ਅਤੇ ਜਸ਼ਨ ਨਾਲ ਭਰ ਦਿੰਦਾ ਹੈ। ਮਨੁੱਖ ਦੇ ਜੀਣ ਥੀਣ ਅਤੇ ਵਿਗਸਣ ਲਈ ਉਸ ਦੀ ਮੁੱਖ ਆਸਥਾ ਟਕਰਾਓ, ਮੁਕਾਬਲੇਬਾਜ਼ੀ ਅਤੇ ਯੁੱਧ ਵਿਚ ਨਹੀਂ ਸਗੋਂ ਮੁਹੱਬਤ ਵਿਚ ਹੈ:

*ਅੱਜ ਹੀ ਦਾਨਿਆਂ ਦਾ*
*ਇਕ ਬਿਆਨ ਛਪਿਆ ਹੈ-*
*ਉਹ ਕੇਵਲ ਤਦ ਤੱਕ ਹਰੇ ਹੁੰਦੇ ਰਹਿਣਗੇ*
*ਜਦ ਤੱਕ*
*ਮਨੁੱਖ ਆਪਣੀ ਜਿਉਣ ਦੀ ਆਸ ਨਹੀਂ ਛੱਡਦੇ*
*ਪੰਛੀ ਆਪਣਾ ਗੀਤ ਨਹੀਂ ਭੁੱਲਦੇ*
*ਤੇ ਲੋਕ ਮੁਹੱਬਤ ਕਰਨਾ*

*ਚਲੋ ਫਿਰ ਵੀ ਪਤਾ ਕਰੀਏ-*
*ਦਾਨਿਆਂ ਨੂੰ*
*ਇਹ ਬਿਆਨ ਕਿਉਂ ਦੇਣਾ ਪਿਆ*

ਇਥੇ ਕਵੀ ਜੋ ਕਹਿਣਾ ਚਾਹੁੰਦਾ ਹੈ ਉਸ ਨੂੰ ਬਿਨਾ ਕਹੇ ਪਾਠਕ ਨੂੰ ਮਹਿਸੂਸ ਹੋਣ ਲਾ ਦਿੰਦਾ ਹੈ। ਉਸ ਲਈ ਤਰਕ ਨਾਲੋਂ ਮਹਿਸੂਸ ਕਰਨ ਦਾ ਵਧੇਰੇ ਮਹੱਤਵ ਹੈ। ਇਸ ਤਰ੍ਹਾਂ ਇਸ ਸ਼ਾਇਰੀ ਦਾ ਸਬੰਧ ਪੜ੍ਹਨ-ਪੜ੍ਹਾਉਣ, ਸੁਣਨ ਸੁਣਾਉਣ ਅਤੇ ਸਮਝਣ-ਸਮਝਾਉਣ ਦੀ ਬਜਾਏ ਮਹਿਸੂਸ ਕਰਨ ਨਾਲ ਵਧੇਰੇ ਹੈ। ਮਹਿਸੂਸ ਕਰਨ ਦੀ ਸ਼ਕਤੀ ਦੇ ਅਨੁਪਾਤ ਵਿਚ ਹੀ ਇਸ ਸ਼ਾਇਰੀ ਨਾਲ ਮਨ ਤ੍ਰਿਪਤ ਹੋਣਗੇ ਅਤੇ ਰੂਹਾਂ ਸਰਸ਼ਾਰ ਹੋਣਗੀਆਂ।

*ਮੈਂ ਤਾ ਕੇਵਲ ਮਿੱਟੀ ਦਾ ਇਕ ਕਿਣਕਾ ਹਾਂ*
*ਮੈਂ ਤਾਂ ਪਾਣੀ ਦੀ ਇਕ ਬੂੰਦ ਹਾਂ*
*ਦੇਖਣ 'ਤੇ ਦਿਸਦਾ ਹੈ*
*ਨਹੀਂ ਦੇਖਣ 'ਤੇ ਨਹੀਂ ਵੀ ਦਿਸਦਾ*

ਦੇਖਣ ਵਾਲੇ ਸਮੀਖਿਆਕਾਰਾਂ ਨੂੰ ਇਹ ਸ਼ਾਇਰੀ ਦਿਸੇਗੀ, ਨਾ ਦੇਖਣ

*Original with;*
Jaswant Singh Zafar
*Digitized by;*
Panjab Digital Library

ਵਾਲਿਆਂ ਨੂੰ ਨਹੀਂ ਵੀ ਦਿਸੇਗੀ। ਇਸ ਸ਼ਾਇਰੀ ਨੂੰ ਪੜ੍ਹਨ ਸਾਰ ਮੈਨੂੰ ਲੱਗਾ ਕਿ ਇਹ ਤਾਂ ਮੇਰੇ ਲਈ ਲਿਖੀ ਗਈ ਹੈ। ਮੇਰੇ ਦਿਲ ਨੇ ਕਿਹਾ, "ਵਾਹ, ਮੇਰੇ ਰਾਮ ਜੀਓ!" ਪਰ ਇਹ ਸ਼ਾਇਰੀ ਤੁਹਾਡੇ ਲਈ ਵੀ ਹੋ ਸਕਦੀ ਹੈ, ਸਾਰਿਆਂ ਲਈ ਹੋ ਸਕਦੀ ਹੈ:

*ਏਨੀ ਰੰਗੀਨ ਦੁਨੀਆਂ*
*ਇਹ ਮੇਰੇ ਲਈ ਬਣੀ ਹੈ*
*ਚਾਹੋ ਤਾਂ ਤੁਹਾਡੇ ਲਈ ਵੀ ਹੋ ਸਕਦੀ ਹੈ*
-------
-------
*ਲਹਿ ਲਹਾਉਂਦੀ ਫਸਲ*
*ਮੇਰੇ ਸੁਆਗਤ ਲਈ*
*ਮੇਰੇ ਵੱਲ ਝੁਕਦੀ ਹੈ*
*ਚਾਹੋ ਤਾਂ-ਤੁਹਾਡੇ ਲਈ ਵੀ*
*ਇੰਜ ਹੀ ਵਾਪਰ ਸਕਦਾ ਹੈ।*

ਕਵੀ ਨੇ ਆਪਣੇ ਜੀਵਨ ਅਨੁਭਵ ਨੂੰ ਨਿਗੂਣਾ ਸਮਝ ਕੇ, ਰੱਦ ਕੇ ਕਵਿਤਾ ਦੀ ਭਾਲ ਵਿਚ ਅੱਕੀਂ ਪਲ਼ਾਹੀਂ ਹੱਥ ਨਹੀਂ ਮਾਰੇ। ਸੁੱਚੇ ਅਨੁਭਵ ਨੂੰ ਸੋਹਣੇ ਢੰਗ ਨਾਲ ਸੁੱਚੀ ਸ਼ਾਇਰੀ ਵਿਚ ਅਨੁਵਾਦ ਕੀਤਾ ਹੈ। ਰਾਮ ਸਿੰਘ ਚਾਹਲ ਭਾਵੇਂ ਦੁਨੀਆਂ ਤੋਂ ਬੇਵਕਤ ਚਲਾ ਗਿਆ ਹੈ ਪਰ ਉਹ ਏਨੀ ਸੋਹਣੀ ਕਵਿਤਾ ਲਿਖਣ ਕਰਕੇ ਹਮੇਸ਼ਾ ਸਾਡੇ ਚੇਤਿਆਂ ਵਿਚ ਰਹੇਗਾ।

•

*Original with;*
Jaswant Singh Zafar
*Digitized by;*
Panjab Digital Library

# ਸਿਆਹੀ ਘੁਲ਼ੀ ਹੈ

ਮੈਨੂੰ ਅਕਸਰ ਲੱਗਦਾ ਕਿ ਗੁਰਪ੍ਰੀਤ ਕਵਿਤਾ ਲਿਖਦਾ ਨਹੀਂ ਸਗੋਂ ਕਵਿਤਾ ਦੇ ਘਰ ਰਹਿੰਦਾ ਹੈ। ਉਸ ਨੂੰ ਆਪਣੇ ਆਲੇ-ਦੁਆਲੇ ਨਿਰੀ ਕਵਿਤਾ ਪਸਰੀ ਲਗਦੀ ਹੈ, ਜਿਸ ਨੂੰ ਉਹ ਲਗਾਤਾਰ ਪੜ੍ਹਦਾ, ਸੁਣਦਾ, ਮਾਣਦਾ ਰਹਿੰਦਾ ਹੈ। ਕਦੀ-ਕਦੀ ਇਸ ਨੂੰ ਹੁੰਘਾਰਾ ਭਰਦਾ। ਇਹਨਾਂ ਹੁੰਘਾਰਿਆਂ ਦੇ ਦਸਤਾਵੇਜ਼ੀ ਰੂਪ ਨੂੰ ਗੁਰਪ੍ਰੀਤ ਦੀ ਕਵਿਤਾ ਕਹਿੰਦੇ ਹਨ। ਉਹ ਏਨਾ ਵਧੀਆ ਕਵੀ ਹੈ ਕਿ ਸਹਿਜ, ਸਾਦਗੀ ਤੇ ਸ਼ਰਾਫਤ ਕਾਰਨ ਮਸ਼ਹੂਰ ਕਵੀ ਨਹੀਂ ਬਣ ਸਕਦਾ। ਪਰ ਉਸਦੀ ਕਵਿਤਾ ਮਸ਼ਹੂਰ ਕਵੀਆਂ ਨੂੰ ਵਧੀਆ ਕਵੀ ਹੋਣ 'ਚ ਸਹਾਇਤਾ ਕਰ ਸਕਦੀ ਹੈ। ਮੈਨੂੰ ਇਸ ਗੱਲ ਦਾ ਏਸ ਕਰਕੇ ਪਤਾ ਹੈ ਕਿ ਜਦੋਂ ਮੇਰੇ ਅੰਦਰ ਬਹੁਤ ਬੇਤਰਤੀਬੀ, ਖਿਝਣ-ਖਪਣ, ਸ਼ੋਰ-ਸ਼ਰਾਬਾ ਤੇ ਟੋਏ-ਟਿੱਬੇ ਹੁੰਦੇ ਹਨ ਤਾਂ ਕਿਸੇ ਕਵਿਤਾ ਨੇ ਮੇਰੇ ਕੋਲ ਆਉਣਾ ਤਾਂ ਕੀ ਮੇਰੇ ਵੱਲ ਝਾਕਦੀ ਵੀ ਨਹੀਂ। ਅਜਿਹੇ ਵੇਲੇ ਇਕਾਂਤ ਵਿਚ ਜਾਂ ਇਕੀ ਰਾਤੇ ਗੁਰਪ੍ਰੀਤ ਦੀ ਸ਼ਾਇਰੀ ਨੂੰ ਪੜ੍ਹਾਂ ਤਾਂ ਉਹ ਮੇਰੇ ਅੰਦਰਲੀ ਖਿਝ ਅਤੇ ਸ਼ੋਰ ਨੂੰ ਚੂਸ ਲੈਂਦੀ ਹੈ, ਸਾਰੀਆਂ ਬੇਤਰਤੀਬੀਆਂ ਸ਼ਰਮਸਾਰ ਹੋ ਕੇ ਆਲੋਪ ਹੋ ਜਾਂਦੀਆਂ ਹਨ, ਟੋਏ-ਟਿੱਬੇ ਪੱਧਰੇ ਹੋ ਕੇ ਮਨ ਸਬਜ਼ ਮੈਦਾਨ ਹੋ ਜਾਂਦਾ ਹੈ। ਏਨੀ ਸੋਹਣੀ ਥਾਂ ਬਣ ਜਾਂਦੀ ਹੈ ਕਿ ਕਵਿਤਾ ਦਾ ਮੇਰੇ ਕੋਲ ਆਉਣ ਨੂੰ ਜੀਅ ਕਰਦਾ ਹੈ। ਉਸ ਦੀ ਇਸ ਉਪਯੋਗਤਾ ਕਾਰਨ ਉਹ ਮੈਨੂੰ ਬਹੁਤ ਪਸੰਦ ਹੈ। ਸਮਾਗਮਾ 'ਚ ਭਾਗ ਲੈਣ ਸਮੇਂ ਜਾਂ ਰੇਡੀਓ-ਟੀ.ਵੀ. ਦੀ ਰਿਕਾਰਡਿੰਗ ਸਮੇਂ ਮਿਲਣਾ ਜਾਂ ਉਸ ਨਾਲ ਸਫਰ ਕਰਨਾ ਬੜਾ ਸੁਹਾਵਨਾ ਲੱਗਦਾ ਹੈ। ਉਸ ਨੂੰ ਮੈਂ ਅਕਸਰ "ਆ ਮਿਲ ਆ ਮਿਲ ਪਿਆਰਿਆ" ਕਰਦਾ ਰਹਿੰਦਾ ਹਾਂ।

ਜਦ ਉਸ ਦੀ ਨਵੀਂ ਕਾਵਿ-ਕਿਤਾਬ 'ਸਿਆਹੀ ਘੁਲ਼ੀ ਹੈ' ਛਪੀ ਤਾਂ ਕੋਈ ਰਿਲੀਜ਼ ਸਮਾਗਮ ਨਹੀਂ ਹੋਇਆ, ਨਾ ਕੋਈ ਭਾਸ਼ਨ ਨਾ ਕੋਈ ਰਾਸ਼ਨ, ਨਾ ਕੋਈ ਪਰਚਾ ਨਾ ਕੋਈ ਖ਼ਰਚਾ। 'ਉਸ ਕੋਲ ਪੜ੍ਹਨ ਆਉਂਦੇ ਬੱਚੇ' ਇਸ ਨੂੰ ਰਿਲੀਜ਼ ਕਰਨ ਵਾਲੇ ਸਨ, ਉਹੀ ਮੁੱਖ ਮਹਿਮਾਨ ਤੇ ਉਹੀ ਪ੍ਰਧਾਨ ਸਨ। ਇਹਨਾਂ ਸਾਦ-ਮੁਰਾਦੇ ਗਰੀਬ ਪਰਿਵਾਰਾਂ ਦੇ ਬੱਚਿਆਂ ਬਾਰੇ ਇਕ ਖਾਸ ਨਜ਼ਮ ਇਸ ਸੰਗ੍ਰਹਿ ਵਿਚ ਸ਼ਾਮਲ ਹੈ। ਆਕਾਰ ਪੱਖੋਂ ਇਹ ਸਭ ਤੋਂ ਲੰਮੀ ਨਜ਼ਮ ਹੈ। ਵਿਦਿਆਰਥੀਆਂ ਤੋਂ ਇਲਾਵਾ ਮਾਤਾ, ਪਿਤਾ, ਪਤਨੀ, ਬੱਚਿਆਂ, ਘਰ, ਪਸ਼ੂਆਂ,

Original with;
Jaswant Singh Zafar
Digitized by;
Panjab Digital Library

ਪੰਛੀਆਂ ਅਤੇ ਕਈ ਵਿਅਕਤੀਆਂ ਨਾਲ ਸਬੰਧਤ ਕਵਿਤਾਵਾਂ ਪੜ੍ਹ ਕੇ ਇਸ ਗੱਲ ਦਾ ਗਹਿਰਾ ਅਹਿਸਾਸ ਹੁੰਦਾ ਹੈ ਕਿ ਉਸਦੀ ਕਵਿਤਾ ਦਾ ਉਸ ਦੇ ਜੀਵਨ, ਰੁਜ਼ਗਾਰ, ਪਰਿਵਾਰ ਅਤੇ ਸੰਸਾਰ ਨਾਲ ਰਿਸ਼ਤਾ ਕਿੰਨਾ ਪ੍ਰਮਾਣਿਕ ਹੈ। ਰਿਸ਼ਤਿਆਂ ਦੇ ਹਵਾਲੇ ਨਾਲ ਗੱਲ ਕਰਨ ਪਿਛੇ ਉਸਦਾ ਮਨੋਰਥ ਵੱਖਰਾ ਹੁੰਦਾ ਹੈ। ਮਿਸਾਲ ਦੇ ਤੌਰ 'ਤੇ ਮਜ਼ਦੂਰ 'ਪਿਤਾ' ਦੀ ਸਖਤ ਮਿਹਨਤ ਭਰੀ ਜ਼ਿੰਦਗੀ ਨਾਲ ਸਬੰਧਤ ਕਵਿਤਾ ਪਾਠਕ ਦੇ ਮਨ ਵਿਚ ਹਮਦਰਦੀ ਦੀ ਬਜਾਏ ਕਿਰਤ ਦੀ ਸ਼ਾਨ ਅਤੇ ਹੁਸਨ ਦੇ ਭਾਵ ਉਪਜਾਉਂਦੀ ਹੈ। 'ਜਿੰਦ ਦਾ ਚਰਖਾ' ਕੱਤਦੀ ਮਾਂ ਤਰਸ ਦੀ ਪਾਤਰ ਨਹੀਂ ਸਗੋਂ ਕਿਸੇ ਦੁਰਲੱਭ ਸ਼ਬਦਕੋਸ਼ ਦਾ ਸੁਜਿੰਦ ਸਰੂਪ ਧਾਰਦੀ ਹੈ। ਇਸਦਾ ਇਹ ਭਾਵ ਨਹੀਂ ਕਿ ਉਸ ਨੂੰ ਉਦਾਸੀ ਨਹੀਂ ਪੋਂਹਦੀ। ਬਹੁਤ ਥਾਈਂ ਉਹ ਆਪਣੇ ਜਜ਼ਬਾਤ ਦੇ ਹੜ ਦੀ ਮਾਰ ਨਾਲ ਪਾਠਕ ਦੇ ਪੈਰ ਉਖਾੜ ਦਿੰਦਾ ਹੈ। ਆਪਣਾ 'ਵਿਕਿਆ ਹੋਇਆ ਮਕਾਨ' ਛੱਡਣ ਵੇਲੇ:

*ਮਾਂ ਮੇਰੀ ਬੰਨ੍ਹ ਰਹੀ*
*ਸਮੇਤ ਸਾਡੇ*
*ਆਪਣੇ ਆਪ ਨੂੰ*
*ਸਾਹਸ ਦੀ ਗੰਠੜੀ ਵਿਚ*

*ਪਿਤਾ ਬਹੁਤ ਹੀ ਪਿਆਰ ਨਾਲ*
*ਲਦਵਾ ਰਿਹਾ ਹੈ ਸਮਾਨ*
*ਇਕ ਤੋਂ ਬਾਅਦ ਦੂਜੀ ਚੀਜ਼*
*ਸਿਆਣਪ ਦੀ ਪੂਰੀ ਤਾਣ ਲਾਉਂਦਾ*
*ਸਮੇਤ ਸਾਡੇ*
*ਉਹ ਆਪਣੇ ਦਿਲ ਨੂੰ*
*ਟੁੱਟਣ ਤੋਂ ਬਚਾਉਂਦਾ*

ਗੁਰਪ੍ਰੀਤ ਨੂੰ ਥੋੜ੍ਹਾ ਬਹੁਤ ਚਿਤਰਕਾਰੀ ਦਾ ਵੀ ਸ਼ੌਕ ਹੈ, ਪਰ ਉਸ ਦੇ ਲਕੀਰੀ ਚਿਤਰਾਂ ਨੇ ਮੈਨੂੰ ਬਹੁਤਾ ਪ੍ਰਭਾਵਤ ਨਹੀਂ ਕੀਤਾ। ਪਰ ਜੋ ਦ੍ਰਿਸ਼ ਉਹ ਸ਼ਬਦਾਂ ਨਾਲ ਚਿਤਰਦਾ ਹੈ ਉਹਨਾਂ ਨੂੰ ਦੇਖ ਕੇ ਮਨ ਤਰੰਗਤ ਹੋ ਉਠਦਾ ਹੈ। ਨਿਊਟਨ ਨੂੰ ਗਰੂਤਾ ਆਕਰਸ਼ਨ ਦੇ ਸਿਧਾਂਤ ਦਾ ਇਲਮ ਹੋਣ ਵੇਲੇ ਦਾ ਦ੍ਰਿਸ਼ ਦੇਖੋ ਉਸ ਨੇ ਕਿਵੇਂ ਚਿਤਰਿਆ ਹੈ:

*Original with;*
Jaswant Singh Zafar
*Digitized by;*
Panjab Digital Library

*ਸੇਬ*
*ਨਿਊਟਨ ਦੇ ਸਿਰ 'ਤੇ ਵੱਜਿਆ*
*ਜਾਂ ਉਹਦੇ ਸਾਹਮਣੇ*
*ਧਰਤੀ ਦੇ ਸਿਰ 'ਤੇ*

*ਪਰ ਇਹ ਗੱਲ ਪੱਕੀ*
*ਉਦੋਂ ਨਿਊਟਨ ਦਾ ਸਿਰ ਹਿੱਲਿਆ*
*ਧਰਤੀ ਨੂੰ ਚਾਅ ਚੜ੍ਹਿਆ*

*ਇਕਦਮ ਉਹ*
*ਨਿਊਟਨ ਬਣ ਗਿਆ*

ਕਿਹਾ ਜਾਂਦਾ ਹੈ ਕਿ ਵੱਡਾ ਜਾਂ ਵਧੀਆ ਲੇਖਕ ਬਣਨ ਲਈ ਬੰਦੇ ਨੂੰ ਕਿਸੇ ਵੱਡੇ ਸ਼ਹਿਰ 'ਚ ਜਾ ਕੇ ਵਸਣਾ ਪੈਂਦਾ। ਪਰ ਗੁਰਪ੍ਰੀਤ ਦਰਮਿਆਨੇ ਜਿਹੇ ਕਸਬੇ ਮਾਨਸੇ 'ਚ ਰਹਿੰਦਾ। ਪਰ ਉਹ ਜਦ ਚਾਹੁੰਦਾ ਮਾਨਸੇ ਨੂੰ ਵੱਡਾ ਕਰ ਲੈਂਦਾ ਹੈ। ਲੰਡਨ, ਇਟਲੀ ਜਾਂ ਪੈਰਸ ਨੂੰ ਆਪਣੇ ਕੋਲ ਬੁਲਾ ਲੈਂਦਾ। ਜਦ ਚਾਹੁੰਦਾ ਪਾਰਲੋ, ਬਰੈਖਤ ਅਤੇ ਪਿਕਾਸੋ ਵਰਗੇ ਵੱਡੇ ਲੇਖਕਾਂ/ਕਲ਼ਾਕਾਰਾਂ ਦੀ ਸੰਗਤ ਕਰਦਾ ਜਿਵੇਂ ਉਹ ਉਸ ਦੇ 'ਗੁਆਂਢੀ' ਹੋਣ। ਕਵਿਤਾ ਦੀ ਆਮਦ ਲਈ ਉਸਨੂੰ ਕਿਸੇ ਵੱਡੀ ਘਟਨਾ ਜਾਂ ਦੁਰਘਟਨਾ ਦੀ ਉਡੀਕ ਨਹੀਂ ਹੁੰਦੀ। ਇਸ ਕੰਮ ਲਈ ਇਕ ਸਧਾਰਨ 'ਟਮਾਟਰ' ਹੀ ਕਾਫੀ ਹੈ:

*ਦੇਖੋ ਦੇਖੋ*
*ਰੱਬ ਦਾ ਕਮਾਲ*
*ਟਮਾਟਰ ਨੇ ਲਾਲੋ ਲਾਲ*

*ਇਹ ਮੇਰੀ ਨਹੀਂ*
*ਕੁਦਰਤ ਦੀ ਕਵਿਤਾ ਹੈ*

*ਜਿਸ ਨੂੰ ਸਬਜ਼ੀ ਵੇਚਣ ਵਾਲਾ*
*ਆਪਣੇ ਆਰ ਪਰਿਵਾਰ ਲਈ*
*ਗਾ ਰਿਹਾ*

ਸਾਨੂੰ ਬਹੁਤਾ ਕੁਝ ਆਪਣੇ ਪੱਕੇ-ਪੁਰਾਣੇ ਵਿਚਾਰਾਂ ਦੇ ਪਏ ਪਰਦਿਆਂ ਕਾਰਨ ਨਜ਼ਰ ਨਹੀਂ ਆਉਂਦਾ। ਗੁਰਪ੍ਰੀਤ ਬਿਨਾਂ ਕਿਸੇ ਵਿਚਾਰਧਾਰਕ ਵਿਰੋਧ ਦੇ

Original with;
Jaswant Singh Zafar
Digitized by;
Panjab Digital Library

ਇਹਨਾਂ ਪਰਦਿਆਂ ਨੂੰ ਪਿਆਰ ਨਾਲ ਮਲਕੜੇ ਜਿਹੇ ਸਰਕਾ ਕੇ ਅਣਦਿਸਦੇ ਨੂੰ ਦਿਸਣ ਲਾ ਦਿੰਦਾ ਹੈ। ਇਸ ਤਰ੍ਹਾਂ ਆਪਣੇ ਵਿਚਾਰਾਂ ਜਾਂ ਕਿਸੇ ਵਿਚਾਰਧਾਰਾ ਨੂੰ ਸਾਡੇ ਤੇ ਥੋਪਦਾ ਨਹੀਂ ਸਗੋਂ ਸਾਡੀ ਸੋਚ-ਪ੍ਰਨਾਲੀ ਨੂੰ ਰਵਾਂ ਕਰ ਦਿੰਦਾ ਹੈ। ਉਸ ਦੀਆਂ ਬਹੁਤੀਆਂ ਕਵਿਤਾਵਾਂ ਦਾ ਮਹੱਤਵ ਸਮੇਂ ਤੇ ਸਥਾਨ ਦੇ ਬਦਲਣ ਨਾਲ ਬਦਲਣ ਵਾਲਾ ਨਹੀਂ ਸਗੋਂ ਇਹ ਸਰਬਕਾਲੀ ਵਿਸ਼ਵ ਸਾਹਿਤ ਦਾ ਰੁਤਬਾ ਪਾਉਣ ਵਾਲੀਆਂ ਹਨ। ਇਹਨਾਂ ਨੂੰ ਦੁਨੀਆਂ ਦੀ ਕਿਸੇ ਵੀ ਭਾਸ਼ਾ ਵਿਚ ਅਨੁਵਾਦਿਆ ਜਾ ਸਕਦਾ ਹੈ, ਹਰ ਸੱਭਿਆਚਾਰ ਦੇ ਲੋਕਾਂ ਦੁਆਰਾ ਇਕੋ ਜਿਹਾ ਸਮਝਿਆ ਅਤੇ ਮਾਣਿਆਂ ਜਾ ਸਕਦਾ। ਇਸ ਪ੍ਰਥਾਏ ਕਵਿਤਾ 'ਖਿਆਲ' ਦੀ ਉਦਾਹਰਨ ਦੇਖ ਸਕਦੇ ਹਾਂ:

*ਹੁਣੇ ਤੇਰਾ ਖਿਆਲ ਆਇਆ*
*ਤੇ ਮਿਲ ਪਈ ਤੂੰ*

*ਤੂੰ ਮਿਲੀ*
*ਤੇ ਆਖਣ ਲੱਗੀ*

*ਹੁਣੇ ਤੇਰਾ ਖ਼ਿਆਲ ਆਇਆ*
*ਤੇ ਮਿਲ ਪਿਆ ਤੂੰ*

*ਹਸਦਿਆਂ ਹਸਦਿਆਂ*
*ਆਇਆ ਦੋਹਾਂ ਨੂੰ ਖਿਆਲ*

*ਜੇ ਨਾ ਹੁੰਦਾ ਖਿਆਲ*

*ਤਾਂ ਇਸ ਦੁਨੀਆਂ 'ਚ*
*ਕੋਈ ਕਿਵੇਂ ਮਿਲਦਾ*
*ਇਕ ਦੂਜੇ ਨੂੰ*

ਹੋਰ ਬਹੁਤ ਗੱਲਾਂ ਕੀਤੀਆਂ ਜਾ ਸਕਦੀਆਂ ਹਨ ਇਸ ਕਿਤਾਬ ਬਾਰੇ। ਮੁੱਕਦੀ ਗੱਲ ਇਹ ਹੈ ਕਿ ਇਹ ਕਿਤਾਬ ਹਰ ਪੜ੍ਹਨਹਾਰੇ ਦੇ ਮਨ ਚੋਂ ਹਰ ਤਰ੍ਹਾਂ ਦੀ ਹਿੰਸਾ, ਈਰਖਾ, ਕਰੋਧ, ਕੁੜੱਤਣ ਨੂੰ ਘਟਾਉਣ ਵਾਲੀ ਹੈ ਅਤੇ ਮੁਹੱਬਤ, ਹਲੀਮੀ ਤੇ ਸੌਂਦਰਯ ਵਰਗੇ ਕੋਮਲ ਭਾਵਾਂ ਨੂੰ ਜਗਾਉਣ ਵਾਲੀ ਹੈ। ਪੜ੍ਹਕੇ ਦੇਖਣਾ ਇਹ ਸਾਰੀ ਕਿਤਾਬ।

•

*Original with;*
Jaswant Singh Zafar
*Digitized by;*
Panjab Digital Library

# ਪਿਆਸਾ ਕਾਂ, ਲਾਲਚੀ ਕੁੱਤਾ

ਪਿਆਰ ਅਤੇ ਲਾਲਚ ਦੀ ਆਪਸ 'ਚ ਬੜੀ ਦੁਸ਼ਮਣੀ ਹੈ। ਬਾਬਾ ਫਰੀਦ ਜੀ ਦਾ ਕਥਨ ਹੈ ਕਿ ਜਿਥੇ ਲੋਭ-ਲਾਲਚ ਹੋਵੇਗਾ ਉਥੇ ਪ੍ਰੇਮ-ਪਿਆਰ ਨਹੀਂ ਹੋ ਸਕਦਾ। ਕਿਸੇ ਲਾਲਚ ਵੱਸ ਕੀਤਾ ਜਾਣ ਵਾਲਾ ਪਿਆਰ ਝੂਠਾ ਹੁੰਦਾ ਹੈ:

*ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥*
*ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥*

ਇਸ ਸਲੋਕ ਵਿਚ ਲਬੁ ਖੁਦਗਰਜ਼ੀ ਦੇ ਅਰਥਾਂ ਵਿਚ ਵਰਤਿਆ ਜਾਪਦਾ ਹੈ ਪਰ ਇਸ ਨੂੰ ਲੋਭ ਦੇ ਅਰਥਾਂ ਨਾਲ ਸਮਝਣ ਨਾਲ ਇਹ ਸਲੋਕ ਸਮਕਾਲੀ ਮਨੁੱਖ ਦੀ ਸਥਿਤੀ ਦੀ ਵਡੇਰੇ ਰੂਪ 'ਚ ਤਸਵੀਰਕਸ਼ੀ ਕਰਦਾ ਹੈ। ਇਸ ਲੋਭ ਨੇ ਹੀ ਅੱਜ-ਕੱਲ੍ਹ ਦੇ ਬੰਦੇ ਨੂੰ ਬੇਹਿਸਾਬ ਤੇਜ਼ ਰਫਤਾਰੀ ਬਖਸ਼ੀ ਹੈ। ਇਸ ਕਰਕੇ ਚੂਹਾ-ਦੌੜ ਵਾਲੇ ਮਾਰੋ-ਮਾਰੀ ਦੇ ਮਾਹੌਲ ਵਿਚ ਬੰਦੇ ਅੰਦਰੋਂ ਮੁਹੱਬਤ ਤਹਿਸ-ਨਹਿਸ ਹੋ ਰਹੀ ਹੈ। ਬੰਦੇ ਦਾ ਚਿੱਤ ਆਪਣੇ ਅੰਦਰਲੇ ਸੰਤੁਲਨ ਬਿੰਦੂ ਤੋਂ ਹਿੱਲ ਗਿਆ ਹੈ। ਜਿਸ ਕਰਕੇ ਉਹ ਆਪਣੀ ਪ੍ਰੇਮ-ਪ੍ਰਾਪਤੀ ਜਾਂ ਪਿਆਰ-ਪੂਰਤੀ ਲਈ ਅੱਕੀਂ-ਪਲ਼ਾਹੀਂ ਹੱਥ ਮਾਰਦਾ ਫਿਰਦਾ ਹੈ।

ਜਿੰਨ੍ਹਾਂ ਮਹਾਂਪੁਰਸ਼ਾਂ ਨੇ ਪ੍ਰੇਮ ਪਿਆਰ ਦਾ ਸਬਕ ਪੜ੍ਹਾਇਆ ਉਹਨਾਂ ਲਾਲਚ ਨੂੰ ਬੜਾ ਭੰਡਿਆ ਹੈ। ਲਾਲਚ ਦੀ ਬਜਾਏ ਸਬਰ ਸੰਤੋਖ ਦਾ ਉਪਦੇਸ਼ ਦਿੱਤਾ ਹੈ। ਗੁਰੂ ਗਰੰਥ ਸਾਹਿਬ ਦੇ ਬਾਣੀਕਾਰਾਂ ਨੇ ਲੋਭ ਨੂੰ ਮਨੁੱਖ ਦੇ ਪੰਜ ਵਿਕਾਰਾਂ (ਦੁਸ਼ਮਣਾਂ) ਦੀ ਸੂਚੀ ਵਿਚ ਤੀਜੇ ਨੰਬਰ ਤੇ ਰੱਖਿਆ ਹੈ, ਯਾਨੀ ਪੰਜਾਂ ਦੇ ਐਨ ਵਿਚਕਾਰ। ਗੁਰਬਾਣੀ ਵਿਚ ਲਾਲਚ ਨੂੰ ਕਈ ਥਾਈਂ ਕੁੱਤਾ ਕਿਹਾ ਗਿਆ ਯਾਨੀ ਲੋਭ ਸੁਆਨ ਲਿਖਿਆ ਗਿਆ ਹੈ। ਜਾਨਵਰਾਂ ਦਾ ਲਾਲਚ ਸਿਰਫ਼ ਆਪਣੇ ਜਿਉਂਦੇ ਰਹਿਣ (ਹੋਂਦ ਬਚਾਉਂਣ) ਦੇ ਸੰਘਰਸ਼ ਤੱਕ ਸੀਮਤ ਹੁੰਦਾ। ਪਰ ਬੰਦੇ ਦਾ ਲਾਲਚ ਬਹੁਤ ਵੱਡਾ ਹੁੰਦਾ, ਇਕ ਤਰ੍ਹਾਂ ਨਾਲ ਅਸੀਮਤ ਹੀ ਹੁੰਦਾ। ਉਹ ਸਿਰਫ਼ ਜਿਉਂਦਾ ਹੀ ਨਹੀਂ ਰਹਿਣਾ ਚਾਹੁੰਦਾ ਸਗੋਂ ਆਪਣੇ ਜੀਵਨ ਢੰਗ ਨੂੰ ਲਗਾਤਾਰ ਬਦਲਦਾ (ਆਪਣੇ ਚਿੱਤੋਂ ਸੁਧਾਰਦਾ) ਵੀ ਰਹਿਣਾ ਚਾਹੁੰਦਾ ਹੈ। ਉਸ ਦੀ ਇਸ ਪ੍ਰਵਿਰਤੀ ਕਾਰਨ ਹੀ ਮਨੁੱਖੀ ਸੱਭਿਆਚਾਰ ਲਗਾਤਾਰ ਤਬਦੀਲ ਹੁੰਦਾ ਰਹਿੰਦਾ

*Original with;*
Jaswant Singh Zafar
*Digitized by;*
Panjab Digital Library

ਹੈ। ਪਰ ਮਨੁੱਖ ਨੇ ਵਰਤਮਾਨ ਪੂੰਜੀਵਾਦੀ ਪ੍ਰਬੰਧ ਦੇ ਤਹਿਤ ਜਿਸ ਕਦਰ ਆਪਣੇ ਲੋਭ ਦੇ ਰੱਸੇ ਖੋਲ੍ਹ ਦਿੱਤੇ ਹਨ ਉਸ ਨਾਲ ਵਾਪਰਨ ਵਾਲੀ ਤਬਦੀਲੀ ਦੀ ਰਫਤਾਰ ਨੇ ਬੰਦੇ ਦੇ ਪੈਰ ਉਖਾੜ ਦਿੱਤੇ ਹਨ। ਬੰਦੇ ਤੋਂ ਸ਼ਾਇਦ ਤਬਦੀਲੀ ਦੀ ਤੇਜ਼ ਰਫਤਾਰੀ ਨਾਲ ਰਲਿਆ ਨਹੀਂ ਜਾ ਰਿਹਾ। ਇਸ ਲਈ ਸਭ ਕੁਝ ਹੁੰਦਿਆਂ-ਸੁੰਦਿਆਂ ਬਹੁਤੇ ਲੋਕ ਥੱਕੇ ਹੋਏ ਅਤੇ ਹਫ਼ੇ ਹੋਏ ਮਿਲਦੇ ਹਨ।

ਬੰਦੇ ਨੇ ਕੁਦਰਤੀ ਸਰੋਤਾਂ ਦੀ ਖਪਤ ਜਿਸ ਰਫਤਾਰ ਨਾਲ ਵਧਾ ਦਿੱਤੀ ਹੈ, ਲੱਗਦਾ ਹੈ ਕਿ ਇਕ-ਦੋ ਸਦੀਆਂ ਵਿਚ ਹੀ ਸਭ ਚਟਮ ਕਰ ਜਾਵੇਗਾ। ਡਾਇਨਾਸੌਰਾਂ ਵਾਂਗ ਬੰਦਾ ਆਪਣੀ ਹੋਂਦ ਨੂੰ ਆਪ ਹੀ ਖਤਰੇ 'ਚ ਪਾ ਲਵੇਗਾ। ਦੂਜੇ ਸ਼ਬਦਾਂ 'ਚ ਕਹਿਣਾ ਹੋਵੇ ਕਿ ਬੰਦੇ ਦੇ ਲੋਭ ਕਰਕੇ ਵਗੀ ਹਨੇਰੀ ਨੇ ਜਿਸ ਕਦਰ ਬੰਦੇ ਦੇ ਪੈਰ ਉਖਾੜ ਦਿੱਤੇ ਹਨ ਇਹ ਜ਼ਰੂਰ ਕਿਸੇ ਖੂਹ-ਖਾਤੇ 'ਚ ਡਿੱਗਣ ਵਾਲਾ ਹੈ। ਇਸ ਲਈ ਅੱਜ-ਕੱਲ੍ਹ ਦੇ ਬੰਦੇ ਦੇ ਲਾਲਚ ਦੀ ਮਿਸਾਲ ਬੰਦਾ ਆਪ ਹੀ ਹੈ। ਉਂਜ ਭਾਵੇਂ ਲਾਲਚ ਨਾ ਕਰਨ ਦਾ ਉਪਦੇਸ਼ ਦੇਣ ਲਈ ਸਾਨੂੰ ਬਚਪਨ ਵਿਚ ਕੁੱਤੇ ਦੇ ਲਾਲਚ ਦੀ ਮਿਸਾਲ ਨਾਲ ਸਬਕ ਦਿੱਤਾ ਜਾਂਦਾ ਸੀ, ਜੋ ਵਾਜਿਬ ਨਹੀਂ ਹੈ। ਇਸ ਦਾ ਜਿਕਰ ਮੈਂ ਆਪਣੀ ਇਕ ਕਵਿਤਾ ਵਿਚ ਵੀ ਕੀਤਾ ਹੈ:

*ਨਿੱਕੇ ਹੁੰਦੇ ਪੜ੍ਹਦੇ ਸਾਂ ਇਕ ਕਹਾਣੀ-*
*ਪਿਆਸਾ ਕਾਂ*
*ਇਕ ਹੋਰ ਕਹਾਣੀ-*
*ਲਾਲਚੀ ਕੁੱਤਾ*
*ਕਾਂ ਦੀ ਪਿਆਸ ਤਾਂ ਠੀਕ ਸੀ*
*ਪਰ ਕੁੱਤਾ ਕਦੋਂ ਲਾਲਚੀ ਹੁੰਦਾ*
*ਆਪਣੀ ਖਾਧੇ ਬਿਨਾਂ*
*ਦੂਜੇ ਦੀ ਨਾ ਖੋਂਹਦਾ*
*ਅਗਲੇ ਡੰਗ ਲਈ ਨਹੀਂ ਜੋੜਦਾ*
*ਇਹ ਗਲਤ ਕਹਾਣੀ ਹੈ*
*ਮਨਘੜਤ ਕਹਾਣੀ ਹੈ*

ਇਕ ਹੋਰ ਉਦਾਹਰਨ ਤੋਂ ਬਾਅਦ ਇਸ ਕਵਿਤਾ ਨੂੰ ਇਸ ਤਰ੍ਹਾਂ ਸਮੇਟਿਆ ਗਿਆ ਹੈ:

*ਆਦਮ ਦਾ ਅਪਮਾਨ ਕਰਨ ਲਈ*
*ਪਸ਼ੂਆਂ ਨੂੰ ਬਦਨਾਮ ਨਾ ਕਰੀਏ*

*Original with;*
Jaswant Singh Zafar
*Digitized by;*
Panjab Digital Library

*ਆਦਮੀ ਨੂੰ ਆਦਮੀ ਹੋਣ ਦਾ ਇਲਜ਼ਾਮ ਦੇਈਏ*
*ਆਦਮੀ ਹੋਣ ਦੀ ਅਸੀਸ ਦੇਈਏ*
*ਤੇ ਆਦਮੀ ਹੋਣ ਦਾ ਵਿਸ਼ਵਾਸ ਦੇਈਏ*

ਇਸ ਪਿਆਸੇ ਕਾਂ ਅਤੇ ਲਾਲਚੀ ਕੁੱਤੇ ਦੇ ਹਵਾਲੇ ਨਾਲ ਇਕ ਹਾਸੇ ਵਾਲੀ ਗੱਲ ਸੁਣਾਉਂਨਾ। ਇਹ ਸੰਨ 2006 ਦੀ ਗੱਲ ਹੈ। ਤਿੰਨ ਆਦਮੀ ਯਾਨੀ ਸ. ਅਮਰਜੀਤ ਸਿੰਘ ਗਰੇਵਾਲ, ਪ੍ਰੋ. ਸੰਤੋਖ ਸਿੰਘ ਔਜਲਾ ਅਤੇ ਮੈਂ ਚੰਡੀਗੜ੍ਹ ਗਏ ਇਕੱਠੇ। ਪ੍ਰੋ. ਸੰਤੋਖ ਸਿੰਘ ਨੇ ਕਿਸੇ ਮੁਕੱਦਮੇ ਦੇ ਸਬੰਧ 'ਚ ਹਾਈਕੋਰਟ ਵਿਚ ਆਪਣੇ ਵਕੀਲ ਨੂੰ ਮਿਲਣਾ ਸੀ। ਮੈਂ ਬਿਜਲੀ ਬੋਰਡ ਦੇ ਚੇਅਰਮੈਨ-ਨਾਲ ਇੰਜਨੀਅਰਜ਼ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਹੋਣ ਵਾਲੀ ਮੀਟਿੰਗ ਵਿਚ ਸ਼ਾਮਲ ਹੋਣਾ ਸੀ, ਸ. ਅਮਰਜੀਤ ਸਿੰਘ ਗਰੇਵਾਲ ਨੇ ਕਿਸੇ ਪਰਿਵਾਰਕ ਮਸਲੇ ਲਈ ਆਪਣੀ ਭੂਆ ਦੇ ਪੁੱਤਰ ਸ. ਜਸਜੀਤ ਸਿੰਘ ਰੰਧਾਵਾ ਨੂੰ ਮਿਲਣਾ ਸੀ ਜੋ ਉਹਨਾਂ ਦਿਨਾਂ ਵਿਚ ਪੰਜਾਬ ਦੇ ਪਬਲਿਕ ਹੈਲਥ ਮਹਿਕਮੇ ਦੇ ਵਜ਼ੀਰ ਸਨ। ਪ੍ਰੋ. ਸੰਤੋਖ ਸਿੰਘ ਅਤੇ ਮੈਂ ਆਪੋ-ਆਪਣੇ ਕੰਮਾਂ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਰੰਧਾਵਾ ਸਹਿਬ ਦੇ ਘਰ ਆ ਗਏ ਜਿਥੇ ਗਰੇਵਾਲ ਸਾਹਿਬ ਉਹਨਾਂ ਨਾਲ ਗੱਲੀਂ ਰੁੱਝੇ ਹੋਏ ਸਨ। ਇਕ ਦੋ ਬੰਦੇ ਹੋਰ ਵੀ ਸਨ। ਸੇਵਾ ਪਾਣੀ ਸ਼ੁਰੂ ਹੋ ਗਿਆ। ਸਭ ਦੀ ਲੋੜ ਅਤੇ ਪਸੰਦ ਮੁਤਾਬਕ ਪੀਣ ਵਾਲੀਆਂ ਚੀਜ਼ਾਂ ਪੇਸ਼ ਹੋਈਆਂ। ਪੀਣ-ਪਦਾਰਥਾਂ ਦਾ ਗੁਜ਼ਾਰੇ ਲਾਇਕ ਸੇਵਨ ਕਰਕੇ ਦੋ ਕੁ ਘੰਟੇ ਦੀ ਬੈਠਕ ਮਗਰੋਂ ਅਸੀਂ ਤੁਰਨ ਲੱਗੇ ਤਾਂ ਸ. ਜਸਜੀਤ ਸਿੰਘ ਅਤੇ ਉਹਨਾਂ ਦੇ ਪਰਿਵਾਰ ਦੇ ਜੀਆਂ ਨੇ ਰੋਟੀ ਖਾ ਕੇ ਜਾਣ ਲਈ ਬੜਾ ਕਿਹਾ, ਪਰ ਸਾਡੇ ਮੋਹਰੀ ਪ੍ਰੋ. ਸੰਤੋਖ ਸਿੰਘ ਨਾ ਮੰਨੇ। ਇਹਨਾਂ ਰੰਗਾਂ ਵਿਚ ਪ੍ਰੋ. ਸਾਹਿਬ ਜਿਹੜੀ ਗੱਲ 'ਤੇ ਅੜ ਜਾਣ ਤਾਂ ਬੱਸ ਅੜ ਹੀ ਜਾਂਦੇ ਹਨ। ਘਰੋਂ ਬਾਹਰ ਨਿਕਲਕੇ ਕਹਿਣ ਲੱਗੇ, "ਆਪਾਂ ਰੋਟੀ ਖਾਵਾਂਗੇ ਮੋਰਿੰਡੇ ਵਾਲੇ ਮਿੱਤਰਾਂ ਦੇ ਢਾਬੇ 'ਤੇ।" ਅਮਰਜੀਤ ਗਰੇਵਾਲ ਕਹਿੰਦੇ, "ਯਾਰ ਸੰਤੋਖ, ਇਥੇ ਸਾਰੇ ਮੀਟ ਮੁਰਗੇ ਵੀ ਬਣੇ ਪਏ ਸੀ ਆਪਾਂ ਇਥੇ ਰੋਟੀ ਖਾ ਲੈਂਦੇ ਫੇਰ ਕੀ ਸੀ?" ਇਸ ਦੇ ਜੁਆਬ ਵਿਚ ਸੰਤੋਖ ਸਿੰਘ ਦੀ ਦਲੀਲ ਕਮਾਲ ਦੀ ਸੀ, "ਕੀ ਗੱਲ ਬਈ, ਆਪਾਂ ਕੋਈ ਗਰੀਡੀ ਡੌਗ ਆਂ ਜੋ ਮੀਟ ਮੁਰਗੇ ਖਾਣ ਬਹਿ ਜਾਂਦੇ, ਆਪਾਂ ਤਾਂ ਬੱਸ ਥਰਸਟੀ ਕ੍ਰੋ ਆਂ, ਇਸ ਕਰਕੇ ਪੀਣ ਵਾਲੀ ਚੀਜ਼ ਪੀ ਲਈ।" ਉਹਨਾਂ ਦੀ ਇਸ ਸ਼ਿਅਰ ਵਰਗੀ ਸਟੇਟਮੈਂਟ ਤੇ ਮੈਂ ਉਹਨਾਂ ਨੂੰ ਅਣਗਿਣਤ ਵਾਰ ਦਾਦ ਦੇ ਚੁੱਕਾ ਹਾਂ। ਇਸ ਗੱਲ ਨੂੰ ਉਹਨਾਂ ਆਪਣੇ ਨਾਵਲ 'ਰੌਸ਼ਨੀਆਂ ਦਾ ਬਾਗਬਾਨ' ਵਿਚ ਯਾਰਾਂ ਦੀ ਇਕ ਮਹਿਫਿਲ ਦੀ ਗੱਲਬਾਤ ਵਿਚ ਵੀ ਵਰਤਿਆ ਹੈ। ਇਸ ਗੱਲ ਦਾ ਮੇਰੇ ਦਿਲ ਨੂੰ ਜ਼ਿਆਦਾ ਟੁੰਬਣ ਦਾ ਸ਼ਾਇਦ ਇਕ ਕਾਰਨ ਇਹ ਵੀ ਹੈ ਕਿ ਇਹ

*Original with;*
Jaswant Singh Zafar
*Digitized by;*
Panjab Digital Library

ਮੇਰੀਆਂ ਦੋ ਕਾਵਿ-ਸਤਰਾਂ ਦੀ ਸਚਿੱਤਰ ਵਿਆਖਿਆ ਹੈ:

*ਜਿੰਨੀ ਕੁ ਦੇਣੀ ਜ਼ਿੰਦਗੀ ਜਿਊਣ ਦਾ ਅਹਿਸਾਸ ਦਈਂ*
*ਥੋੜ੍ਹੀ ਤੋਂ ਥੋੜ੍ਹੀ ਭੁੱਖ ਤੇ ਬਹੁਤੀ ਤੋਂ ਬਹੁਤੀ ਪਿਆਸ ਦਈਂ*

ਜੇ ਅਸੀਂ ਮਾਇਆ, ਚੀਜ਼ਾਂ-ਵਸਤਾਂ ਅਤੇ ਸ਼ੁਹਰਤਾਂ ਦੀ ਭੁੱਖ ਨੂੰ ਥੋੜ੍ਹਾ ਬਹੁਤ ਕਾਬੂ 'ਚ ਰੱਖਾਂਗੇ ਅਤੇ ਪ੍ਰੇਮ ਪਿਆਰ ਦੀ ਪਿਆਸ ਨੂੰ ਵਧਾਵਾਂਗੇ ਤਾਂ ਚੰਗੇ ਰਹਾਂਗੇ। ਪ੍ਰੋ. ਸੰਤੋਖ ਸਿੰਘ ਦੇ ਸ਼ਬਦਾਂ 'ਚ: ਗਰੀਡੀ ਡੌਗ ਨਾ ਬਣੀਏਂ, ਥਰਸਟੀ ਕ੍ਰੋ ਬਣੀਏਂ।

•

*Original with;*
Jaswant Singh Zafar
*Digitized by;*
Panjab Digital Library

# ਸ਼ੁਭ ਪ੍ਰੇਮ ਬਰਾੜ ਦਾ ਇਨਸਾਈਡ ਆਊਟਸਾਈਡ

ਮੈਨੂੰ ਪਿਛਲੇ 20-22 ਸਾਲਾਂ ਦੌਰਾਨ ਜੀਅ ਨਾ ਲੱਗਣ ਦੀ ਕਦੀ ਸਮੱਸਿਆ ਨਹੀਂ ਸੀ ਆਈ। ਕਈ-ਕਈ ਦਿਨ ਘਰੇ ਇਕੱਲੇ ਰਹਿਣ ਅਤੇ ਲੰਮਾ ਸਮਾਂ ਘਰੋਂ ਦੂਰ ਰਹਿਣ ਤੇ ਵੀ ਮੇਰਾ ਜੀਅ ਕਦੀ ਨਹੀਂ ਸੀ ਓਦਰਿਆ। ਪਰ ਜਦ ਬਠਿੰਡੇ ਤੋਂ ਸ਼ੁਭ ਪ੍ਰੇਮ ਬਰਾੜ ਕੋਲ ਇਕ ਦਿਨ ਰਹਿ ਕੇ ਪਰਤਿਆ ਤਾਂ ਮੇਰਾ ਆਪਣੇ ਘਰ 'ਚ, ਆਪਣੇ ਪਰਿਵਾਰ 'ਚ ਹੀ ਕਈ ਦਿਨ ਜੀਅ ਨਹੀਂ ਸੀ ਲੱਗਿਆ। ਮੇਰੀ ਉਹਨਾਂ ਨਾਲ 15 ਕੁ ਸਾਲ ਦੀ ਵਾਕਫੀ ਜਾਂ ਦੋਸਤੀ ਹੈ। ਇਹਨਾਂ ਪੰਦਰਾਂ ਸਾਲਾਂ ਦੌਰਾਨ ਮੈਂ ਉਹਨਾਂ ਨਾਲ ਕਦੀ 2-4 ਘੰਟੇ ਤੋਂ ਜ਼ਿਆਦਾ ਨਹੀਂ ਸੀ ਰਿਹਾ। ਪਹਿਲੀ ਵਾਰ ਇੰਨਾ ਸਮਾਂ ਇਕੱਠੇ ਰਹੇ ਸਾਂ ਕਿ ਸ਼ਾਮ ਦੀ ਚਾਹ, ਸ਼ਾਮ ਦੀ ਸੈਰ, ਕਲੱਬ ਦੀ ਗੇੜੀ, ਰਾਤ ਦੀ ਰੋਟੀ, ਸਵੇਰ ਦੀ ਚਾਹ, ਮਾਡਲ ਟਾਊਨ ਦੀਆਂ ਤਕਰੀਬਨ ਸਾਰੀਆਂ ਪਾਰਕਾਂ ਅਤੇ ਰੇਲਵੇ ਲਾਈਨ ਦੇ ਨਾਲ ਸਵੇਰ ਦੀ ਸੈਰ ਅਤੇ ਸ਼ਾਹ ਵੇਲੇ ਦੇ ਪਰੌਂਠਿਆਂ ਦਾ ਇਕੱਠਿਆਂ ਆਨੰਦ ਮਾਣਿਆਂ। ਉਹਨਾਂ ਨਾਲ ਮਿਲ ਕੇ ਬਠਿੰਡੇ ਦਾ ਕਿਲਾ ਦੇਖਿਆ, ਬਠਿੰਡਾ ਸ਼ਹਿਰ ਦੇਖਿਆ। ਬਹੁਤ ਗੱਲਾਂ ਸੁਣੀਆਂ, ਬਹੁਤ ਕੁਝ ਜਾਣਿਆਂ, ਬਹੁਤ ਆਨੰਦ ਮਾਣਿਆਂ, ਬਹੁਤ ਹੱਸੇ। ਉਹ ਦੁਨੀਆਂ 'ਚ ਇਕਲੌਤੇ ਬੰਦੇ ਹਨ ਜੋ ਮੈਨੂੰ ਜਸਵੰਸਿਆਂ ਕਹਿ ਕੇ ਬੁਲਾਉਂਦੇ ਹਨ। ਜਦ ਉਹਨਾਂ ਕੋਲੋਂ ਪਰਤ ਕੇ ਦੂਸਰੇ ਦਿਨ ਸ਼ਾਮ ਨੂੰ ਘਰ ਪਹੁੰਚਾ ਤਾਂ ਲੁੱਟਿਆ ਪੁੱਟਿਆ ਮਹਿਸੂਸ ਕਰਨ ਲੱਗਾ। ਸੱਚੀਂ ਜੀਅ ਨਹੀਂ ਸੀ ਲੱਗ ਰਿਹਾ ਮੇਰਾ ਸ਼ੁਭ ਪ੍ਰੇਮ ਤੋਂ ਬਗੈਰ।

ਮੇਰੇ ਵੇਖਦਿਆਂ ਵੇਖਦਿਆਂ ਪਿਛਲੇ 15 ਸਾਲਾਂ ਵਿਚ ਸਭ ਚੀਜ਼ਾਂ ਦੀਆਂ ਕੀਮਤਾਂ ਕਈ ਗੁਣਾ ਵਧੀਆਂ, ਅਬਾਦੀ ਵਧੀ, ਲੋਕਾਂ ਦੀਆਂ ਟੈਨਸ਼ਨਾਂ ਵਧੀਆਂ, ਜੁਰਮ ਵਧੇ, ਇੰਜਨੀਅਰਿੰਗ, ਨਰਸਿੰਗ, ਮੈਨੇਜਮੈਂਟ ਅਤੇ ਬੀ. ਐਡ. ਕਾਲਜਾਂ ਦੀ ਗਿਣਤੀ ਬੜੀ ਵਧੀ, ਯੁਨੀਵਰਸਿਟੀਆਂ ਵਧੀਆਂ, ਕਾਰਾਂ ਵਧੀਆਂ, ਅਖ਼ਬਾਰਾਂ ਵਧੀਆਂ, ਟੀ. ਵੀ. ਚੈਨਲ ਵਧੇ, ਨਸ਼ੇ ਵਧੇ, ਬੇਰੁਜ਼ਗਾਰੀ ਵਧੀ। ਗੱਲ ਕੀ ਸਭ ਕੁਛ ਬਹੁਤ ਵਧਿਆ ਪਰ ਇਹਨਾਂ 15 ਸਾਲਾਂ 'ਚ ਸ਼ੁਭ ਪ੍ਰੇਮ ਬਰਾੜ ਦੀ ਉਮਰ ਨਹੀਂ ਵਧੀ। ਬਿਲਕੁਲ ਹੀ ਨਹੀਂ ਵਧੀ। ਜਦ ਉਹ ਨਵੇਂ ਨਵੇਂ ਲੈਕਚਰਾਰ ਬਣ ਕੇ ਲੜਕੀਆਂ ਦੇ ਸਰਕਾਰੀ ਕਾਲਜ ਵਿਚ ਜੁਆਇੰਨ ਕਰਨ ਗਏ ਸਨ ਤਾਂ

Original with;
Jaswant Singh Zafar
Digitized by;
Panjab Digital Library

ਪ੍ਰਿੰਸੀਪਲ ਸਾਹਿਬਾ ਨੇ ਉਹਨਾਂ ਦੀ ਪਹੁੰਚ ਰਿਪੋਰਟ ਇਹ ਕਹਿ ਕੇ ਫੜਨ ਤੋਂ ਇਨਕਾਰ ਕਰ ਦਿੱਤਾ ਸੀ, "ਏਨੇ ਯੰਗ ਤੇ ਸੁਨੱਖੇ ਮੁੰਡੇ ਨੂੰ ਮੈਂ ਕੁੜੀਆਂ ਦੇ ਕਾਲਜ 'ਚ ਲੈਕਚਰਾਰ ਨਹੀਂ ਰੱਖ ਸਕਦੀ।" ਏਨੇ ਸਾਲਾਂ ਵਿਚ ਉਹ ਲੈਕਚਰਾਰ ਤੋਂ ਪ੍ਰਿੰਸੀਪਲ ਬਣ ਗਏ ਪਰ ਉਹ ਅਜੇ ਵੀ ਓਨੇ ਹੀ ਯੰਗ ਅਤੇ ਸੁਨੱਖੇ ਹਨ। ਜਿਸ ਕਾਲਜ ਵਿਚ ਉਹ ਪ੍ਰਿੰਸੀਪਲ ਬਣ ਕੇ ਪਹਿਲੇ ਦਿਨ ਗਏ ਹੋਣੇ ਉਥੇ ਵਿਦਿਆਰਥੀਆਂ ਨੇ ਉਹਨਾਂ ਨੂੰ ਦਾਖਲਾ ਲੈਣ ਆਇਆ ਨਵਾਂ ਵਿਦਿਆਰਥੀ ਹੀ ਸਮਝਿਆ ਹੋਣਾ। ਉਹਨਾਂ ਸਟਾਫ ਨੂੰ ਇਹ ਕਹਿੰਦਿਆਂ ਬੜੀ ਸੰਗ ਮੰਨੀ ਹੋਵੇਗੀ, "ਮੈਂ ਤੁਹਾਡਾ ਨਵਾਂ ਪ੍ਰਿੰਸੀਪਲ ਹਾਂ।"

ਮੈਂ ਸ਼ਰਾਰਤ ਨਾਲ ਪੁੱਛਿਆ, "ਤੁਹਾਡੇ ਸਟਾਫ ਨੂੰ ਤਾਂ ਸੱਚਮੁਚ ਤੁਹਾਨੂੰ ਆਪਣਾ ਪ੍ਰਿੰਸੀਪਲ ਮੰਨਣ 'ਚ ਬਹੁਤ ਦਿੱਕਤ ਆਉਂਦੀ ਹੋਣੀ ਆਂ।" ਉਹਨਾਂ ਦਾ ਜਵਾਬ ਸੀ, "ਦਿੱਕਤ ਵਰਗੀ ਦਿੱਕਤ? ਜਸਵੰਸਿਆਂ, ਸਟਾਫ਼ ਦੀ ਛੱਡ, ਦਿੱਕਤ ਤਾਂ ਸਟੂਡੈਂਟਸ ਨੂੰ ਆਈ ਜਾਂਦੀ ਐ। ਮੈਂ ਬਥੇਰਾ ਪ੍ਰਿੰਸੀਪਲਾਂ ਵਰਗਾ ਮੂੰਹ ਬਣਾ ਕੇ ਬੋਲਣ ਅਤੇ ਹੌਲੀ-ਹੌਲੀ ਤੁਰਨ ਦੀ ਕੋਸ਼ਿਸ਼ ਕਰਦਾਂ, ਪਰ ਕਿਥੇ, ਗੱਲ ਈ ਨੀਂ ਬਣਦੀ।"ਇਸ ਮੁਲਾਕਾਤ ਤੋਂ ਕੁਝ ਮਹੀਨਿਆਂ ਬਾਅਦ ਉਹ ਭਰ ਜੁਆਨੀ ਵਿਚ ਹੀ ਰਿਟਾਇਰ ਹੋ ਗਏ।

ਸ. ਅਮਰਜੀਤ ਸਿੰਘ ਗਰੇਵਾਲ ਅਤੇ ਸ਼ੁਭ ਪ੍ਰੇਮ ਬਰਾੜ 3-4 ਸਾਲ ਦੇ ਫਰਕ ਨਾਲ ਅੱਗੇ-ਪਿੱਛੇ ਪੜ੍ਹੇ ਹਨ, ਜਾਣੀ ਉਮਰੋਂ ਹਾਣ-ਪ੍ਰਵਾਣ ਹੀ ਹਨ। ਪਰ ਦੋਹਾਂ ਦੀ ਆਊਟਲੁੱਕ 'ਚ ਬੜਾ ਫ਼ਰਕ ਹੈ। 1997 ਵਿਚ ਜਦ ਡਾ. ਸੁਰਜੀਤ ਪਾਤਰ ਸਿਹਤ ਦੀ ਖਰਾਬੀ ਕਾਰਨ ਲੁਧਿਆਣੇ ਦੇ ਸੀ. ਐਮ. ਸੀ. ਹਸਪਤਾਲ ਵਿਚ ਦਾਖਲ ਸਨ ਤਾਂ ਸ਼ੁਭ ਪ੍ਰੇਮ ਅਤੇ ਅਮਰਜੀਤ ਗਰੇਵਾਲ ਓਹਨਾਂ ਦੀ ਟਹਿਲ ਸੇਵਾ ਲਈ ਹਸਪਤਾਲ ਹਾਜ਼ਰ ਰਹੇ। ਆਏ-ਗਏ ਨੂੰ ਅਟੈਂਡ ਕਰਨ ਲਈ ਅਤੇ ਹੋਰ ਉੱਪਰਲੇ ਕੰਮਾਂ ਲਈ ਹਰ ਪਲ ਤੱਤਪਰ ਰਹੇ। ਵਿਹਲੇ ਸਮੇਂ ਦੋਨੋਂ ਇਕੱਠੇ ਬਰਾਂਡੇ 'ਚ ਬੈਠ ਕੇ ਗੱਲਾਂ ਕਰਿਆ ਕਰਨ, ਇਕੱਠੇ ਡਾਕਟਰ ਕੋਲ ਜਾਇਆ ਕਰਨ, ਇਕੱਠੇ ਚਾਹ ਪੀਣ ਜਾਂ ਦਵਾਈਆਂ ਲੈਣ ਜਾਇਆ ਕਰਨ। ਉਹਨਾਂ ਦੀ ਏਨੀ ਨੇੜਤਾ ਅਤੇ ਦੋਸਤੀ ਤੋਂ ਹੈਰਾਨ ਹੋਣ ਵਾਲਿਆਂ 'ਚੋਂ ਇਕ ਮਲੂਕ ਜਹੀ ਨਰਸ ਨੇ ਮੌਕਾ ਪਾ ਕੇ ਸ਼ੁਭ ਪ੍ਰੇਮ ਤੋਂ ਗਰੇਵਾਲ ਸਾਹਿਬ ਬਾਰੇ ਪੁੱਛਿਆ, "ਵੀਰ ਜੀ, ਉਹ ਜਿਹੜੇ ਚਿੱਟੀ ਦਾਹੜੀ ਵਾਲੇ ਅੰਕਲ ਤੁਹਾਡੇ ਨਾਲ ਹੁੰਦੇ ਹਮੇਸ਼ਾਂ, ਉਹ ਤੁਹਾਡੇ ਕੀ ਲੱਗਦੇ ਆ?" ਹਾਜ਼ਰ-ਜੁਆਬੀ ਦੀ ਮੂਰਤ ਸ਼ੁਭ ਪ੍ਰੇਮ ਨੇ ਬੜੇ ਸਹਿਜ ਅੰਦਾਜ਼ ਵਿਚ ਕਿਹਾ, "ਉਹ ਗਰੈਂਡ ਫਾਦਰ ਨੇ ਮੇਰੇ।" ਨਰਸ ਨੂੰ ਇਸ ਰਿਸ਼ਤੇ ਨੂੰ ਮੰਨਣ 'ਚ ਕੋਈ ਉਜਰ ਨਹੀਂ ਸੀ। ਉਸ ਨੂੰ ਹੈਰਾਨੀ ਤਾਂ ਇਸ ਗੱਲ ਦੀ ਸੀ ਕਿ ਦੋ ਪੀੜ੍ਹੀਆਂ ਦੇ ਪਾੜੇ ਦੇ ਬਾਵਜੂਦ ਉਹਨਾਂ ਦੀ ਏਨੀ ਦੋਸਤੀ ਕਿਵੇਂ ਹੈ?

Original with;
Jaswant Singh Zafar
Digitized by;
Panjab Digital Library

ਮੈਨੂੰ ਨਹੀਂ ਪਤਾ ਕਿ ਉਹਨਾਂ ਨੇ ਕਦੀ ਕਿਸੇ ਨਾਟਕ ਜਾਂ ਫਿਲਮ ਵਿਚ ਕੰਮ ਕੀਤਾ ਕਿ ਨਹੀਂ, ਪਰ ਗੱਲਾਂ-ਬਾਤਾਂ ਦੌਰਾਨ ਹਾਵ-ਭਾਵ ਅਤੇ ਆਵਾਜ਼ ਬਦਲ ਕੇ ਐਕਟਿੰਗ ਕਰਨ ਦੀ ਏਨੀ ਯੋਗਤਾ ਮੈਂ ਆਪਣੇ ਹੋਰ ਕਿਸੇ ਦੋਸਤ ਵਿਚ ਨਹੀਂ ਦੇਖੀ। ਉਹ ਜਿਸ ਵੀ ਮਹਿਫ਼ਿਲ 'ਚ ਹੋਣਗੇ ਉਥੇ ਖਾਸ ਕਿਸਮ ਦੀ ਤਾਜ਼ਗੀ ਅਤੇ ਰੌਣਕ ਹੋਵੇਗੀ। ਹਾਸੇ ਖੇਡੇ ਦੀਆਂ ਫੁਲਝੜੀਆਂ ਹੋਣਗੀਆਂ। ਵਿਵਸਥਾ ਬਾਰੇ ਗੱਲਾਂ ਕਰਦਿਆਂ ਉਹ ਸਾਡੇ ਬਹੁਤੇ ਬੁੱਧੀਜੀਵੀਆਂ ਵਾਂਗ ਰਉਂ-ਰਉਂ ਜਾਂ ਰਈਂ ਰਈਂ ਨਹੀਂ ਕਰਦੇ। ਪਰ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਉਹਨਾਂ ਦੀ ਗੱਲਬਾਤ ਵਿਚ ਗੰਭੀਰਤਾ ਨਹੀਂ ਹੁੰਦੀ। ਕਲਾਸ ਵਿਚ ਭਾਵੇਂ ਭੂਗੋਲ ਦਾ ਵਿਸ਼ਾ ਹੀ ਪੜ੍ਹਾਇਆ ਹੈ, ਪਰ ਉਹਨਾਂ ਦਾ ਹਰ ਵਿਸ਼ੇ ਤੇ ਬਹੁਤ ਗਹਿਰਾ ਅਧਿਅਨ ਹੈ। ਉਹਨਾਂ ਦੀਆਂ ਇਤਿਹਾਸ, ਫਲਸਫ਼ੇ, ਧਰਮ, ਸਾਹਿਤ, ਕਲਾ, ਚਿੰਤਨ, ਪ੍ਰੰਪਰਾ ਅਤੇ ਫਿਲਮਾਂ ਬਾਰੇ ਗੱਲਾਂ ਸੁਣ ਕੇ ਬਹੁਤ ਡੂੰਘੇ ਖੂਹ ਵਿਚ ਝਾਕਣ ਵਰਗਾ ਅਹਿਸਾਸ ਹੁੰਦਾ ਹੈ, ਪਤਾ ਲੱਗਦੈ ਕਿ ਬੰਦੇ ਦੀ ਗਹਿਰਾਈ ਕੀ ਹੁੰਦੀ ਹੈ। ਸਮਕਾਲੀ ਸਮਾਜ ਅਤੇ ਸਿਆਸਤ ਨਾਲ ਜੁੜੇ ਮੁੱਦਿਆਂ ਬਾਰੇ ਉਹਨਾਂ ਦੀਆਂ ਟਿੱਪਣੀਆਂ ਸੁਣ ਕੇ ਸੁਣਨ ਵਾਲੇ ਦੇ ਦਿਮਾਗ ਵਿਚ ਵੱਖਰੇ ਰੰਗ ਦੀ ਬੱਤੀ ਜਗਣ ਲੱਗ ਪੈਂਦੀ ਹੈ।

ਬਹੁਤ ਉੱਚ ਪਧਰੀ ਸਿਆਣਪ ਦੇ ਬਾਵਜੂਦ ਪ੍ਰਿੰ. ਸ਼ੁਭ ਪ੍ਰੇਮ ਬਰਾੜ ਕੋਈ ਲੇਖਕ ਜਾਂ ਪਰਚਾ ਲੇਖਕ ਨਹੀਂ ਹਨ। ਪਰ ਉਹਨਾਂ ਦੇ ਘਰ ਦੇ ਹਰ ਕਮਰੇ 'ਚ ਕਿਤਾਬਾਂ ਹੀ ਕਿਤਾਬਾਂ ਹਨ, ਲਗਪਗ ਹਰ ਵਿਸ਼ੇ ਨਾਲ ਸਬੰਧਤ ਕਿਤਾਬਾਂ, ਇਕ ਤਕੜੀ ਲਾਇਬ੍ਰੇਰੀ ਜਿੰਨੀਆਂ। ਇਹਨਾਂ ਦੇ ਰੱਖ-ਰਖਾਅ ਦਾ ਤਰੀਕਾ ਵਕੀਲਾਂ ਦੇ ਦਫ਼ਤਰਾਂ 'ਚ ਰੱਖੀਆਂ ਕਿਤਾਬਾਂ ਵਾਂਗ ਸਜਾਵਟੀ ਨਹੀਂ ਹੈ। ਹਰੇਕ ਕਿਤਾਬ ਦੇ ਵਰਕੇ ਫਰੋਲਣ 'ਤੇ ਪਤਾ ਲੱਗ ਜਾਂਦਾ ਹੈ ਕਿ ਉਸ ਨੂੰ ਉਸੇ ਲਗਨ, ਮਿਹਨਤ, ਸ਼ਿੱਦਤ ਅਤੇ ਗਹਿਰਾਈ ਨਾਲ ਪੜ੍ਹਿਆ ਗਿਆ ਹੈ ਜਿਸ ਨਾਲ ਇਸ ਨੂੰ ਲਿਖਣ ਵਾਲੇ ਨੇ ਲਿਖਿਆ ਹੈ। ਮਨ 'ਚ ਜਚਾ ਕੇ ਅਤੇ ਰਚਾ ਕੇ ਪੜ੍ਹਨ ਦੀ ਰੁਚੀ ਬਰਾੜ ਸਾਹਿਬ ਨੂੰ ਨਿੱਕੇ ਹੁੰਦਿਆਂ ਤੋਂ ਕੁਦਰਤੀ ਤੌਰ 'ਤੇ ਵਿਕਸਤ ਹੋਈ ਜਾਪਦੀ ਹੈ। ਉਹ ਆਪਣੇ ਪ੍ਰਾਇਮਰੀ ਸਕੂਲ ਦੇ ਪਾਠਕ੍ਰਮ ਵਿਚ ਪੜ੍ਹੀਆਂ ਕਵਿਤਾਵਾਂ ਅਜੇ ਵੀ ਬੜੇ ਆਰਾਮ ਨਾਲ ਮੂੰਹ-ਜ਼ੁਬਾਨੀ ਸੁਣਾ ਦਿੰਦੇ ਹਨ। ਹੁਣ ਤੱਕ ਉਹਨਾਂ ਜੋ ਗੂੜ੍ਹ ਗਿਆਨ ਪੜ੍ਹਿਆ ਹੈ ਉਹ ਸਾਰਾ ਵੀ ਉਹਨਾਂ ਦੇ ਚੇਤੇ ਅਤੇ ਚਿੱਤ ਵਿਚ ਸੁਰੱਖਿਅਤ ਹੈ। ਏਨੇ ਗਿਆਨ ਦੇ ਬਾਵਜੂਦ ਉਹਨਾਂ ਨੂੰ ਵਿਦਵਾਨ ਜਾਂ ਬੁੱਧੀਜੀਵੀ ਹੋਣ ਦਾ ਕੋਈ ਅਫਰੇਵਾਂ ਨਹੀਂ। ਗਿਆਨ, ਬੇਪਰਵਾਹੀ ਅਤੇ ਮਲੰਗੀ ਦਾ ਸੁਮੇਲ ਹੀ ਉਹਨਾਂ ਦੀ ਸਦਾ ਬਹਾਰ ਜਵਾਨੀ ਦਾ ਸੂਤਰ ਹੈ।

ਪ੍ਰਿੰ. ਸ਼ੁਭ ਪ੍ਰੇਮ ਬਰਾੜ ਬੀਤੇ ਸਮੇਂ ਦੀਆਂ ਹੋਈਆਂ ਬੀਤੀਆਂ ਸੁਣਾ ਕੇ

*Original with;*
Jaswant Singh Zafar
*Digitized by;*
Panjab Digital Library

ਆਪਣੇ ਦੋਸਤਾਂ ਨੂੰ ਹਸਾ ਹਸਾ ਕੇ ਉਹਨਾਂ ਦੀ ਬੱਸ ਕਰਾ ਦਿੰਦੇ ਹਨ। ਕਈ ਵਾਰ ਤਾਂ ਇਸ ਹਾਸੇ ਨਾਲ ਬੰਦੇ ਦੀਆਂ ਅੱਖਾਂ 'ਚ ਰੋਣ ਨਾਲੋਂ ਵੱਧ ਪਾਣੀ ਆ ਜਾਂਦਾ ਹੈ। ਉਹ ਪਹਿਲਾਂ ਆਪਣੀ ਪਤਨੀ ਸਰਦਾਰਨੀ ਪਰਵੀਨ ਕੌਰ ਨੂੰ ਅਕਸਰ ਮਜ਼ਾਕ ਨਾਲ ਬਦਲਵੇਂ ਨਾਮ ਨਾਲ ਬਲਾਉਂਦੇ ਸਨ ਪਰ ਅੱਜ ਕੱਲ੍ਹ ਸੁਧਰ ਗਏ ਹਨ। ਮੇਰਾ ਅਨੁਮਾਨ ਹੈ ਕਿ ਇਹ ਪਾਬੰਦੀ ਪੁੱਤਰ ਪਾਲ ਸਿੰਘ ਤੇ ਪੁੱਤਰੀ ਸ਼ੇਰੂ ਸਿੰਘ ਨੇ ਲਾਈ ਹੋਵੇਗੀ। ਬੰਦਾ ਅਜਿਹੀਆਂ ਗੱਲਾਂ 'ਚ ਹੋਰ ਕਿਸੇ ਦੀ ਨਹੀ, ਬੱਸ ਔਲਾਦ ਦੀ ਹੀ ਮੰਨਦੈ। ਪਰ ਉਹ ਆਪਣੇ ਕਈ ਕਰੀਬੀ ਦੋਸਤਾਂ ਨੂੰ ਮਹਿਫ਼ਿਲਾਂ ਜਾਂ ਓਪਰੇ ਲੋਕਾਂ ਦੀ ਹਾਜ਼ਰੀ ਵਿਚ ਵੀ ਅਜੇ ਤੱਕ ਪੁੱਠੀ ਛੇੜ ਵਾਲੇ ਜਾਂ ਕਹਿ ਲਓ ਪਿਆਰ ਵਾਲੇ ਨਾਵਾਂ ਨਾਲ ਬਲਾਉਂਦੇ ਹਨ। ਅਜਿਹੇ ਦੋਸਤ ਸ਼ੁਭ ਦੇ ਮੂੰਹੋਂ ਆਪਣੇ ਇਹ ਨਾਂ ਬੜੇ ਸਹਿਜ-ਭਾਅ ਨਾਲ ਹੀ ਸੁਣਦੇ ਹਨ, ਜਿਵੇਂ ਇਹ ਉਹਨਾਂ ਦੇ ਅਸਲੀ ਅਤੇ ਪੱਕੇ ਨਾਂ ਹੋਣ। ਪਰ ਧਿਆਨ ਰਹੇ, ਸ਼ੁਭ ਦੀ ਰੀਸੇ ਜੇ ਹੋਰ ਕੋਈ ਉਹਨਾਂ ਨੂੰ ਅਜਿਹੇ ਪੁੱਠੇ ਨਾਵਾਂ ਨਾਲ ਬੁਲਾਵੇਗਾ ਤਾਂ ਉਹ ਅਜਿਹੇ ਗੁਸਤਾਖ਼ ਨੂੰ ਪਾੜ ਕੇ ਖਾ ਜਾਣਗੇ। ਸ਼ੁੱਭ ਨੇ ਇਹ ਨਾਂ ਆਪਣੀ ਮੁਹੱਬਤ ਦੀ ਪੱਕੀ ਬਹੀ ਤੇ ਦਰਜ ਕਰਕੇ ਪੇਟੈਂਟ ਕਰਾਏ ਹੋਏ ਹਨ, ਕੋਈ ਐਰਾ-ਗੈਰਾ ਇਹ ਨਾਂ ਨਹੀਂ ਵਰਤ ਸਕਦਾ ਉਹਨਾਂ ਦੇ ਦੋਸਤਾਂ ਲਈ।

ਕੁਦਰਤ ਨਾਲ ਰਚ-ਮਿਚ ਕੇ ਅਤੇ ਵਾਤਾਵਰਨ ਦੀ ਸੰਭਾਲ ਲਈ ਯਤਨਸ਼ੀਲ ਰਹਿਣ ਵਾਲੇ ਪ੍ਰਿੰ. ਸ਼ੁਭ ਪ੍ਰੇਮ ਬਰਾੜ ਲੰਮੀਆਂ ਸੈਰਾਂ ਅਤੇ ਪਹਾੜੀ ਟਰੈਕਿੰਗ ਦੇ ਸ਼ੌਕੀਨ ਹਨ। ਉਹਨਾਂ ਬਠਿੰਡੇ ਦੇ ਮਾਡਲ ਟਾਊਨ 'ਚ 500 ਗਜ਼ ਦੇ ਪਲਾਟ 'ਚ ਜੋ ਮਕਾਨ ਵੀ ਬਣਾਇਆ ਹੈ ਉਹ ਪੂਰੇ ਮਾਡਲ ਟਾਊਨ ਵਿਚ 'ਜੰਗਲ ਵਾਲਾ ਘਰ' ਕਰਕੇ ਜਾਣਿਆਂ ਜਾਂਦਾ ਹੈ। ਇਮਾਰਤ ਸਿਰਫ਼ ਚੜ੍ਹਦੇ ਪਾਸੇ ਵਾਲੀ ਬਾਹੀ ਨਾਲ ਲੱਗਵੀਂ ਵਿਚਾਲੇ ਜਿਹੀ ਬਣੀ ਹੈ। ਉੱਤਰ, ਦੱਖਣ ਅਤੇ ਪੱਛਮ ਵਿਚ ਜੰਗਲ ਹੀ ਜੰਗਲ ਹੈ। ਨਿੰਮ ਵਰਗੇ ਭਾਰੇ ਅਤੇ ਪੌਪਲਰ ਤੇ ਸਿਲਵਰ ਓਕ ਵਰਗੇ ਲੰਮੇ ਦਰਖਤਾਂ ਤੋਂ ਲੈ ਕੇ ਨਿੱਕੀ ਜਪਾਨੀ ਬੂਟੀ ਡਰੰਟਾ ਤੱਕ ਹਰ ਸਾਈਜ਼ ਮੌਜੂਦ ਹੈ। ਦਰਖ਼ਤਾਂ ਉਤੇ ਅਨੇਕਾਂ ਕਬੂਤਰਾਂ, ਤੋਤਿਆਂ, ਗਾਲ੍ਹੜਾਂ, ਗਟਾਰਾਂ, ਘੁੱਗੀਆਂ, ਉੱਲੂਆਂ ਅਤੇ ਕਈ ਕਿਸਮਾਂ ਦੀਆਂ ਚਿੜੀਆਂ ਦੀਆਂ ਸਥਾਈ ਰਹਾਇਸ਼ਾਂ ਹਨ। ਉਹ ਹਰ ਆਏ ਗਏ ਨੂੰ ਆਪਣੇ ਇਹਨਾਂ ਸਹਿ-ਵਾਸੀਆਂ ਨਾਲ ਮਿਲਾ ਕੇ ਬੜਾ ਖੁਸ਼ ਹੁੰਦੇ ਹਨ। ਘਰ ਦੇ ਅੰਦਰ ਵਸੀ ਇਸ ਕਾਲੋਨੀ ਵਿਚ ਕਈਆਂ ਪੰਖੇਰੂਆਂ ਨੂੰ ਉਹਨਾਂ ਆਪ ਘਰ ਬਣਾ ਕੇ ਅਲਾਟ ਕੀਤੇ ਹੋਏ ਹਨ। ਜੰਗਲ ਵਾਲੇ ਇਸ ਘਰ ਦੇ ਕਈ ਵੇਲਾਂ ਬੂਟਿਆਂ ਨੇ ਹੱਦਾਂ ਸਰਹੱਦਾਂ ਟੱਪ ਕੇ ਸੱਜੇ ਖੱਬੇ ਪਾਸੇ ਵਾਲੇ ਗੁਆਂਢੀ ਘਰਾਂ ਨੂੰ ਵੀ ਜਾ ਭਾਗ ਲਾਏ ਹਨ। ਮੈਨੂੰ ਇਹ ਗੱਲ ਬੜੀ ਸੰਕੇਤਕ ਲਗਦੀ ਹੈ ਕਿ ਇਸ ਘਰ ਦੀ ਪਿੱਠ ਬਠਿੰਡੇ ਦੀ ਜੇਲ੍ਹ ਵੱਲ ਤੇ ਮੂੰਹ ਰੇਡੀਓ ਸਟੇਸ਼ਨ ਦੇ ਟਾਵਰ

Original with;
Jaswant Singh Zafar
Digitized by;
Panjab Digital Library

ਵੱਲ ਨੂੰ ਹੈ।

ਇਸ ਘਰ ਦੀ ਉਸਾਰੀ ਨਾਲ ਵੀ ਇਕ ਦਿਲਚਸਪ ਘਟਨਾ ਜੁੜੀ ਹੈ। ਮਕਾਨ ਬਣਾਉਣ ਦਾ ਫ਼ੈਸਲਾ ਹੋ ਜਾਣ ਤੇ ਉਹਨਾਂ ਆਪਣੇ ਇਕ ਵਾਕਿਫ਼ ਬਿਲਡਰ ਨੂੰ ਆਪ ਹੀ ਆਪਣੀ ਮਰਜ਼ੀ ਦਾ ਨਕਸ਼ਾ ਬਣਾ ਕੇ ਇਸ ਨੂੰ ਤਾਮੀਲ ਕਰਨ ਦਾ ਆਰਡਰ ਦੇ ਦਿੱਤਾ। ਬਿਲਡਰ ਨੇ ਕਾਗਜ਼ ਤੇ ਨਕਸ਼ਾ ਬਣਾ ਕੇ ਕਈ ਵਾਰ ਬਰਾੜ ਸਾਹਿਬ ਨੂੰ ਦਿਖਾਉਣਾ ਅਤੇ ਪਾਸ ਕਰਾਉਣਾ ਚਾਹਿਆ ਤਾਂ ਉਹਨਾਂ ਇਸ ਨੂੰ ਗੌਲ਼ਣ ਦੀ ਬਜਾਏ ਇਹ ਕਹਿ ਕੇ ਟਾਲ ਦਿੱਤਾ, "ਮੈਂ ਕੀ ਦੇਖਣਾ, ਤੂੰ ਏਨਾ ਸਿਆਣਾ, ਏਨਾ ਤਜਰਬਾ, ਤੇਰਾ ਕੰਮ ਹੈ, ਜਿਵੇਂ ਤੈਨੂੰ ਠੀਕ ਲੱਗਦਾ ਬਣਾ ਦੇ।" ਪਰ ਜਦ ਨੀਹਾਂ ਪੱਟੀਆਂ ਗਈਆਂ ਤਾਂ ਜਨਾਬ ਨੂੰ ਨਵੇਂ ਮਕਾਨ ਦਾ ਨਕਸ਼ਾ ਸਮਝਣ ਦੀ ਜਗਿਆਸਾ ਹੋਈ। ਬਿਲਡਰ ਨੇ ਸਮਝਾ ਦਿੱਤਾ ਕਿ ਏਥੇ ਰਸੋਈ, ਇਥੇ ਡਾਈਨਿੰਗ, ਇਥੇ ਡਰਾਇੰਗ, ਇਥੇ ਬਾਥਰੂਮ......... ਵਗੈਰਾ...ਵਗੈਰਾ। ਇਕ ਕਮਰਾ ਉਹਨਾਂ ਦੀ ਸਮਝ 'ਚ ਨਾ ਆਇਆ ਤਾਂ ਉਸ ਬਾਰੇ ਬਿਲਡਰ ਤੋਂ ਪੁੱਛਿਆ ਗਿਆ। ਬਿਲਡਰ ਨੇ ਬੜਾ ਸਿਆਣਾ ਜਿਹਾ ਮੂੰਹ ਬਣਾ ਕੇ ਸਮਝਾਇਆ, "ਬਰਾੜ ਸਾਹਿਬ, ਇਹ ਸਪੈਸ਼ਲ ਕਮਰਾ ਹੈ, ਜਿਸ ਦਾ ਦਰਵਾਜ਼ਾ ਬਾਹਰ ਨੂੰ ਹੋਵੇਗਾ, ਕਈ ਵਾਰ ਕੋਈ ਇਹੋ ਜਿਹਾ ਗੈਸਟ ਹੁੰਦੈ ਜੋ ਘਰੇ ਵਾੜਨ ਵਾਲਾ ਨਹੀਂ ਹੁੰਦਾ, ਉਸ ਲਈ ਬਾਥਰੂਮ ਵੀ ਬਾਹਰੋ-ਬਾਹਰ ਵੱਖਰਾ ਦੇ ਦਿੱਤਾ ਹੈ।" ਸੁਣਦੇ ਸਾਰ ਬਰਾੜ ਸਾਹਿਬ ਤਾਂ ਆਪਣੀ ਆਦਤ ਤੋਂ ਉਲਟ ਭੜਕ ਉੱਠੇ, "ਨਲਾਇਕਾ, ਮੂਰਖਾ, ਸਿਧਰਿਆ...... ਜਿਹੜਾ ਬੰਦਾ ਘਰੇ ਵਾੜਨ ਦੇ ਯੋਗ ਨਹੀਂ ਉਹਨੂੰ ਗੇਟ ਤੋਂ ਬਾਹਰੋਂ ਨਾ ਮੋੜੂੰ, ਉਹਦੇ ਲਈ 5-7 ਲੱਖ ਰੁਪੱਈਏ ਖਰਚ ਕੇ ਸਪੈਸ਼ਲ ਕਮਰਾ ਕਿਉਂ ਬਣਾਊਂ? ਪੂਰ ਇਹ ਸਾਰੀਆਂ ਨੀਹਾਂ ਤੇ ਡੰਡੀ ਫੜ।" ਬਰਾੜ ਸਾਹਿਬ ਨੇ ਉਸ ਨੂੰ ਡੰਡੀ ਪਾ ਕੇ ਮਕਾਨ ਬਣਾਉਣ ਦੀ ਜ਼ਿੰਮੇਵਾਰੀ ਕਿਸੇ 'ਅਕਲਮੰਦ' ਬਿਲਡਰ ਨੂੰ ਸੌਂਪ ਦਿੱਤੀ।

ਇਹ ਕੁਝ ਉਦਾਹਰਨ ਮਾਤਰ ਗੱਲਾਂ ਹਨ ਜਿੰਨ੍ਹਾਂ ਕਰਕੇ ਮੈਨੂੰ ਸ਼ੁਭ ਪ੍ਰੇਮ ਬਰਾੜ ਬੜੇ ਚੰਗੇ ਲਗਦੇ ਹਨ। ਕਾਵਿ ਪੁਸਤਕ 'ਇਹ ਬੰਦਾ ਕੀ ਹੁੰਦਾ' ਵਿਚ ਸ਼ਾਮਲ ਮੇਰੀ ਇੱਕ ਕਵਿਤਾ 'ਤੁਸੀਂ ਬੜੇ ਚੰਗੇ ਲਗਦੇ ਹੋ' ਉਹਨਾਂ ਨੂੰ ਹੀ ਮੁਖ਼ਾਤਿਬ ਹੈ।

•

*Original with;*
Jaswant Singh Zafar
*Digitized by;*
Panjab Digital Library

# ਖ਼ੈਰ ਪੰਜਾਂ ਪਾਣੀਆਂ ਦੀ

ਐਬਸਟਰੈਕਟ ਕਲਾ ਦਾ ਇਹ ਵਾਧਾ ਹੁੰਦਾ ਹੈ ਕਿ ਇਹ ਸਮੇਂ, ਸਥਾਨ, ਦ੍ਰਿਸ਼ਟੀ ਅਤੇ ਪ੍ਰਸੰਗ ਦੇ ਬਦਲਣ ਨਾਲ ਬਦਲ ਬਦਲ ਕੇ ਅਣਗਿਣਤ ਅਰਥ ਦਿੰਦੀ ਹੈ, ਅਰਥਾਂ ਦੀ ਬਹੁਤਾਤ ਪੈਦਾ ਕਰਦੀ ਹੈ। ਸ. ਤੇਜ ਪ੍ਰਤਾਪ ਸਿੰਘ ਸੰਧੂ ਨੇ ਭਾਵੇਂ ਪਿਛਲੇ ਸਮੇਂ ਵਿਚ ਸਾਡੇ ਸਮਾਜਕ/ਜਨਤਕ ਵਰਤਾਰੇ ਅਤੇ ਕੁਦਰਤ ਦੀ ਖ਼ੂਬਸੂਰਤੀ ਅਤੇ ਬੇਅੰਤਤਾ ਸਬੰਧੀ ਕਈ ਫ਼ੋਟੋ ਲੜੀਆਂ ਪੇਸ਼ ਕੀਤੀਆਂ ਹਨ ਪਰ ਉਹਨਾਂ ਰਾਹੀਂ ਸਾਹਮਣੇ ਆਈ ਕਲਾਤਮਕ ਫੋਟੋਕਾਰੀ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਉਸ ਦੀ ਇਕ ਤਸਵੀਰ ਦੇ ਉਸ ਸਮੇਂ ਬਹੁਤ ਹੀ ਵਿਸਤ੍ਰਿਤ ਅਰਥ ਉਘੜਦੇ ਹਨ ਜਦ ਇਹ ਗੁਰਭਜਨ ਗਿੱਲ ਦੇ ਕਾਵਿ ਸੰਗ੍ਰਹਿ 'ਖ਼ੈਰ ਪੰਜਾਂ ਪਾਣੀਆਂ ਦੀ' ਦੇ ਮੁੱਖ ਪੰਨੇ 'ਤੇ ਛਪਦੀ ਹੈ, ਉਹ ਵੀ ਇੱਕ ਨਹੀਂ ਦੋ ਮੁੱਖ ਪੰਨਿਆਂ 'ਤੇ। ਕਿਉਂਕਿ ਇਸ ਕਿਤਾਬ ਦਾ ਪਿਛਲਾ ਪਾਸਾ ਕੋਈ ਨਹੀਂ। ਦੋਵੇਂ ਪਾਸੇ ਮੁੱਖ ਪੰਨਾ ਹੈ। ਸੰਧੂ ਦੀ ਤਸਵੀਰ ਵੰਡੇ ਹੋਏ ਪੰਜਾਬ ਦੀ ਸਥਿਤੀ ਨੂੰ ਬਿਆਨਦੀ ਹੈ। ਕੰਡਿਆਲੀਆਂ ਤਾਰਾਂ ਦੀਆਂ ਨੋਕਾਂ ਤੇ ਪਾਣੀ ਦੇ ਪੰਜ ਤੁਪਕੇ ਲਟਕ ਰਹੇ ਹਨ। ਇਕ ਕਟਿਆ ਫਟਿਆ ਪੀਲਾ ਜ਼ਰਦ ਪੱਤਾ ਤਾਰ ਦੇ ਕੰਡੇ ਨੇ ਵਿੰਨ੍ਹਿਆਂ ਹੋਇਆ ਹੈ। ਤਾਰ ਦੇ ਅੱਧਾ ਆਰ ਤੇ ਅੱਧਾ ਪਾਰ।

ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਇਕ ਪਾਸਿਓਂ ਗੁਰਮੁਖੀ ਲਿਪੀ ਵਿਚ ਛਪੀਆਂ ਹਨ ਅਤੇ ਓਹੀ ਕਵਿਤਾਵਾਂ ਦੂਜੇ ਪਾਸਿਓਂ ਸ਼ਾਹਮੁਖੀ ਲਿਪੀ ਵਿਚ ਛਪ ਕੇ ਕਿਤਾਬ ਦੇ ਐਨ ਵਿਚਕਾਰ ਆਣ ਮਿਲਦੀਆਂ ਹਨ। ਜਿਥੇ ਦੋਵੇਂ ਲਿਪੀਆਂ ਮਿਲਦੀਆਂ ਹਨ, ਓਥੇ ਕੋਈ ਨੋ ਮੈਨਜ਼ ਲੈਂਡ ਨਹੀਂ, ਸੰਗੀਨਾਂ ਦਾ ਪਹਿਰਾ ਨਹੀਂ, ਕੰਡਿਆਲੀ ਤਾਰ ਨਹੀਂ, ਤਣਾਓ ਨਹੀਂ ਸਗੋਂ ਓਥੇ ਤਾਂ ਖੁਸ਼ਬੂ, ਮੁਸਕਾਨ, ਤਸੱਲੀ ਤੇ ਮੇਲ ਮਿਲਾਪ ਹਨ।

ਇੱਕੀਵੀਂ ਸਦੀ ਦੇ ਮੁੱਢਲੇ ਸਾਲਾਂ ਵਿੱਚ ਹਿੰਦ-ਪਾਕਿ ਸਬੰਧਾਂ ਦੇ ਸੁਧਰਨ ਦਾ ਰਾਜਸੀ ਮਾਹੌਲ ਬਣ ਰਿਹਾ ਸੀ। ਦੋਵਾਂ ਪਾਸਿਆਂ ਦੇ ਪੰਜਾਬਾਂ ਦਾ ਸਹਿਚਾਰ ਸੁਰਜੀਤ ਹੋਣ ਦੇ ਆਸਾਰ ਬਣਨ ਲੱਗੇ ਸਨ। ਇਹ ਕਹਿਣਾ ਜ਼ਿਆਦਾ ਢੁੱਕਵਾਂ ਹੈ ਕਿ ਪੰਜਾਬ ਦੇ ਦੋਵਾਂ ਭਾਗਾਂ ਦੀ ਦੂਰੀ ਘਟਣ ਲੱਗੀ ਸੀ। ਇਹ ਪੁਸਤਕ ਕੇਵਲ ਪੰਜਾਬ ਦੀ ਸਾਂਝ-ਸੰਵੇਦਨਾ ਦੇ ਵਿਸ਼ੇ ਵਸਤੂ ਨੂੰ ਲੈ ਕੇ 2005 ਵਿਚ ਸਾਹਮਣੇ ਹੀ

Original with;
Jaswant Singh Zafar
Digitized by;
Panjab Digital Library

ਨਹੀਂ ਆਈ ਸਗੋਂ ਆਪਣੀ ਛਪਣ ਵਿਧੀ ਕਾਰਨ ਇਸ ਦੇ ਪ੍ਰਤੀਕ ਵਜੋਂ ਵੀ ਉੱਭਰੀ। ਦੋਹਾਂ ਪਾਸਿਆਂ ਦੇ ਪ੍ਰਸ਼ਾਸਨਕ ਮੁਖੀ ਤੇ ਅਹਿਲਕਾਰ ਰਾਜਸੀ ਤਣਾਅ ਘਟਾਉਣ ਅਤੇ ਵਪਾਰਕ ਨੇੜਤਾ ਵਧਾਉਣ ਦੀ ਗੱਲ ਕਰਨ ਲੱਗੇ ਸਨ। ਲਿਖਾਰੀ ਤੇ ਖਿਡਾਰੀ ਵੀ ਮੇਲ ਮਿਲਾਪ ਵਧਾ ਰਹੇ ਸਨ। ਦੋਵੇਂ ਪਾਸਿਆਂ ਦੀਆਂ ਸਰਕਾਰਾਂ ਇਕ ਦੂਸਰੇ ਦੇ ਵਰ੍ਹਿਆਂ ਪੁਰਾਣੇ ਬੰਦੀਵਾਨਾਂ ਨੂੰ ਰਿਹਾ ਕਰ ਰਹੀਆਂ ਸਨ। ਕਲਾਕਾਰ ਇਕ ਦੂਜੇ ਪਾਸੇ ਆ ਜਾ ਰਹੇ ਸਨ। ਉਧਰਲੇ ਕੀਰਤਨੀਏ ਇਧਰ ਬਾਬੇ ਨਾਨਕ ਦੀ ਬਾਣੀ ਗਾ ਰਹੇ ਸਨ। ਅਜਿਹੇ ਦੌਰ ਵਿਚ ਗੁਰਭਜਨ ਗਿੱਲ ਪੰਜਾਂ ਪਾਣੀਆਂ ਦੇ ਪੰਜਾਬ ਦੀ ਸਾਂਝ-ਸਮੁੱਚਤਾ ਨੂੰ ਕਾਵਿਆਉਂਦਾ ਹੋਇਆ ਦੋਹਾਂ ਪੰਜਾਬਾਂ ਦੀਆਂ ਪੰਜਾਬੀ ਲਿਪੀਆਂ ਨੂੰ ਇਕੋ ਜਿਲਦ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ।

ਇਸ ਖਿੱਤੇ ਦੇ ਲੋਕਾਂ ਦੇ ਹਿੱਤ ਸਾਂਝੇ ਹਨ। ਮੁਲਕਾਂ ਦੀ ਲੜਾਈ ਦੋਹੀਂ ਪਾਸੀਂ ਲੋਕਾਂ ਨੂੰ ਕਦੇ ਵੀ ਰਾਸ ਨਹੀਂ ਆਈ। ਪਰ ਦੋਹਾਂ ਪਾਸਿਆਂ ਦੀਆਂ ਤਣਾਵਾਂ ਤਾਂ ਸਾਮਰਾਜੀ ਸ਼ਕਤੀਆਂ ਦੇ ਹੱਥ ਸਨ ਅਤੇ ਦੋਵਾਂ ਮੁਲਕਾਂ ਦੇ ਦੁਸ਼ਮਣਾਨਾ ਸਬੰਧ ਇਹਨਾਂ ਸ਼ਕਤੀਆਂ ਦੀ ਹੀ ਲੋੜ ਹੈ। ਇਹਨਾਂ ਦੋਵਾਂ ਦੇਸ਼ਾਂ ਦੇ ਹੀ ਨਹੀਂ ਸਗੋਂ ਦੱਖਣੀ ਏਸ਼ੀਆ ਦੇ ਆਰਥਿਕ ਤੌਰ 'ਤੇ ਸਾਰੇ ਕਮਜ਼ੋਰ ਮੁਲਕਾਂ ਵਿਚ ਕਾਟੋ ਕਲੇਸ਼ ਪਾ ਕੇ ਰੱਖਣਾ ਇਨ੍ਹਾਂ ਜੰਗੀ ਸਾਜੋ-ਸਮਾਨ ਬਣਾਉਣ ਅਤੇ ਵੇਚਣ ਵਾਲਿਆਂ ਦੇ ਹਿਤ ਵਿਚ ਹੈ। ਅਜਿਹਾ ਕਰਨ ਨਾਲ ਹੀ ਉਹ ਇਸ ਖਿੱਤੇ ਨੂੰ ਜੰਗੀ ਸਾਜੋ-ਸਮਾਨ ਦੀ ਖਪਤ ਮੰਡੀ ਬਣਾਈ ਰੱਖ ਸਕਦੇ ਹਨ। ਤੀਸਰੀ ਦੁਨੀਆਂ ਦੇ ਹੁਕਮਰਾਨ/ਨੌਕਰਸ਼ਾਹ ਆਪਣੇ ਲੋਕਾਂ ਦੇ ਹਿਤ ਪੂਰਨ ਦੀ ਬਜਾਏ ਇਹਨਾਂ ਸ਼ਕਤੀਆਂ ਦੇ ਦਲਾਲ ਬਣ ਗਏ। ਪਰ ਇਹਨਾਂ ਸ਼ਕਤੀਆਂ ਨੂੰ ਇਰਾਕ ਅਤੇ ਦੂਸਰੇ ਅਰਬ ਦੇਸ਼ਾਂ ਵਿਚ ਹੱਥਾਂ ਨਾਲ ਖਿਲਾਰੇ ਕੰਡਿਆਂ ਨੂੰ ਅੱਖਾਂ ਨਾਲ ਚੁਗਣਾ ਪਿਆ। ਅਮਰੀਕਾ ਦੇ ਬੁਰਜ ਢਹਿਣ ਵਾਲੀ ਨੌਂ ਗਿਆਰਾਂ ਦੀ ਘਟਨਾ ਅਤੇ ਇਰਾਕ ਹਮਲਾ ਮਗਰੋਂ ਇੰਗਲੈਂਡ-ਅਮਰੀਕਾ ਦੀ ਆਮ ਜਨਤਾ ਨੇ ਵੀ ਆਪਣੇ ਰਾਜਸੀ ਆਗੂਆਂ ਨੂੰ ਅਜਿਹੀ ਨੀਤੀ ਤਿਆਗਣ ਲਈ ਦਬਾਅ ਪਾਏ। ਜਲਸੇ ਜਲੂਸ ਕੀਤੇ। ਦੇਖੋ, ਮੱਛੀ ਪੱਥਰ ਚੱਟ ਕੇ ਮੁੜਦੀ ਹੈ ਕਿ ਨਹੀਂ।

ਹਿੰਦ-ਪਾਕਿ ਕਸ਼ੀਦਗੀ ਦੋਹੀਂ ਪਾਸੀਂ ਹਾਕਮਾਂ ਨੂੰ ਹਥਿਆਰਾਂ ਦੀ ਅੰਨ੍ਹੀਂ ਖ਼ਰੀਦ 'ਚੋਂ ਚੋਖੀ ਦਲਾਲੀ ਤਾਂ ਪ੍ਰਦਾਨ ਕਰਦੀ ਹੀ ਸੀ, ਇਹਨਾਂ ਲਈ ਕੌਮੀ ਏਕਤਾ, ਕੌਮੀ ਸੁਰੱਖਿਆ ਅਤੇ ਕੌਮੀ ਸਵੈਮਾਣ ਦੇ ਨਾਹਰਿਆਂ ਦੇ ਓਹਲੇ ਵਿਚ ਫ਼ਿਰਕੂ ਜ਼ਹਿਰ ਫ਼ੈਲਾ ਕੇ ਸੱਤਾ 'ਤੇ ਕਾਬਜ਼ ਹੋਣ ਜਾਂ ਕਾਬਜ਼ ਰਹਿਣ ਦਾ ਵਸੀਲਾ ਵੀ ਬਣਦੀ ਰਹੀ ਹੈ। ਪਰ ਫ਼ਿਰਕੂ ਜਜ਼ਬਾਤ ਭੜਕਾ ਕੇ ਕਿਸੇ ਰਾਜਸੀ ਪਾਰਟੀ ਨੂੰ ਕੇਵਲ ਵਕਤੀ ਲਾਭ ਹੀ ਹੋ ਸਕਦਾ ਹੈ। ਪੰਜਾਬ ਵਿਚ ਅੱਤਵਾਦ ਦੇ ਦੌਰ ਦਾ

Original with;
Jaswant Singh Zafar
Digitized by;
Panjab Digital Library

ਬਹੁਤਾ ਸੇਕ ਓਸ ਖੇਤਰੀ ਪਾਰਟੀ ਦੇ ਨੇਤਾਵਾਂ ਅਤੇ ਕਾਰਕੁਨਾਂ ਨੂੰ ਲੱਗਾ ਜਿਹੜੇ ਸਿੱਖ ਜਜ਼ਬਾਤਾਂ ਦੇ ਸਿਰੋਂ ਰਾਜਸੀ ਤੋਰਾ ਤੋਰਦੇ ਸਨ। ਦੂਜੇ ਪਾਸੇ ਜਿਨ੍ਹਾਂ ਨੇ ਇਹਨਾਂ ਦੇ ਉਰੋਂ ਦੀ ਪੈ ਕੇ ਅੰਦਰੋ ਅੰਦਰੀ ਬੰਦੂਕਾਂ ਫੜਾਈਆਂ ਸਨ ਉਹਨਾਂ ਨੂੰ ਹੀ ਬੰਦੂਕਾਂ ਵਾਲੇ ਮਾਰ ਮੁਕਾਉਣੇ ਪਏ। ਇਸ ਤੋਂ ਪਹਿਲਾਂ ਇਹਨਾਂ ਮਾਰ ਮੁਕਾਉਣ ਵਾਲਿਆਂ ਨੇ ਪੂਰੀ ਚੌੜ ਨਾਲ ਆਪਣੇ-ਆਪ 'ਤੇ ਸਿੱਖ ਵਿਰੋਧੀ ਹੋਣ ਦਾ ਲੇਬਲ ਲਾ ਕੇ ਪੂਰੇ ਦੇਸ਼ 'ਚੋਂ ਵੋਟਾਂ ਹੂੰਝੀਆਂ। ਸੱਤਾ 'ਤੇ ਕਾਬਜ਼ ਤਾਂ ਹੋਏ ਪਰ ਅਜੇ ਤੱਕ ਰਾਜਸੀ ਤੌਰ 'ਤੇ ਤਾਬ ਨਹੀਂ ਆਏ। ਯੂ.ਪੀ. ਬਿਹਾਰ ਦੀ ਰਾਜਨੀਤੀ ਵਿਚ ਵੀ ਪੂਰੀ ਤਰ੍ਹਾਂ ਹਾਸ਼ੀਏ 'ਤੇ ਚਲੇ ਗਏ। ਇਸ ਪਾਰਟੀ ਨੇ ਬੀਤੇ ਵਿਚ ਕੀਤੀਆਂ ਗ਼ਲਤੀਆਂ ਲਈ ਕਈ ਵਾਰ ਜਨਤਕ ਤੌਰ 'ਤੇ ਪਛਤਾਵਾ ਕੀਤਾ ਹੈ। ਅਡਵਾਨੀਕਿਆਂ ਨੂੰ ਵੀ ਜਿਨਾਹ ਹੁਣ ਕੁਝ-ਕੁਝ ਸੈਕੂਲਰ ਲੱਗਣ ਲੱਗਿਆ ਹੈ। ਪਾਕਿਸਤਾਨ ਵਿਚ ਵੀ ਹੁਣ 'ਦੁਸ਼ਮਣ ਦੇਸ਼' ਨੂੰ ਗਾਲ੍ਹਾਂ ਸੱਤਾ-ਪਕੜ ਨੂੰ ਪਹਿਲਾਂ ਵਾਲੀ ਮਜ਼ਬੂਤੀ ਪਰਦਾਨ ਕਰਦੀਆਂ ਨਹੀਂ ਲਗਦੀਆਂ।

ਜਿਥੇ ਪੰਜ ਦਰਿਆ ਸਾਂਝੇ ਪੰਜਾਬ ਦੀ ਹੋਂਦ ਦਾ ਭੂਗੋਲਿਕ ਸੱਚ ਹਨ ਉਥੇ ਸਿੱਖੀ ਦੀ ਅਧਾਰ ਭੂਮੀ ਇਹਨਾਂ ਦੋਹਾਂ ਦੇਸ਼ਾਂ ਦੀ ਸਾਂਝੀ ਧਰਤੀ ਹੈ। ਅੰਮ੍ਰਿਤਸਰ ਵਿਖੇ ਸਥਿਤ ਹਰਿਮੰਦਰ ਸਾਹਿਬ ਦੇ ਸੰਕਲਪ ਅਤੇ ਲਾਹੌਰ ਵਾਸੀ ਸਾਈਂ ਮੀਆਂ ਮੀਰ ਦੀ ਸ਼ਖ਼ਸੀਅਤ ਨੂੰ ਵਖਰਾਇਆ ਨਹੀਂ ਜਾ ਸਕਦਾ। ਇਸ ਸਾਂਝ ਵਿਚ ਜਦ ਦਵੈਸ਼ ਦੀ ਖੋਟ ਰਲਦੀ ਹੈ ਤਾਂ ਕਵੀ ਗੁਰਭਜਨ ਗਿੱਲ ਨੂੰ ਹਰਿਮੰਦਰ ਸਾਹਿਬ ਦੀ ਨੀਂਹ ਦੇ ਲਾਗੇ ਮੀਆਂ ਮੀਰ ਉਦਾਸ ਖੜ੍ਹਾ ਦਿਸਦਾ ਹੈ। ਪੰਜਾਬੀ ਬੋਲੀ ਦੋਹਾਂ ਖਿੱਤਿਆਂ ਦੀ ਸੱਭਿਆਚਾਰਕ ਸਾਂਝ ਦਾ ਪਰਚਮ ਹੈ। ਇਧਰਲੇ ਪੰਜਾਬ ਵਿਚ ਇਸ ਨੂੰ ਲਿਖਣ ਲਈ ਗੁਰਮੁਖੀ ਲਿੱਪੀ ਪ੍ਰਚੱਲਤ ਹੈ। ਗੁਰਮੁਖੀ ਅੱਖਰਾਂ ਦਾ ਪਹਿਲਾਂ ਲੱਕੜੀ ਦਾ ਛਾਪਾਖ਼ਾਨਾ ਮੁਸਲਮਾਨ ਅੱਖਰ-ਸ਼ਿਲਪੀ ਨੂਰਦੀਨ ਨੇ ਤਿਆਰ ਕੀਤਾ। ਇਧਰਲੇ ਪੰਜਾਬੀ ਵਿਹੜੇ ਵਿਚ ਬਲਦੇ ਇਲਮ ਦੇ ਦੀਵੇ ਵਿਚ ਜਿਸ ਨੂਰਦੀਨ ਨੇ ਆਪਣਾ ਖ਼ੂਨ ਪਾਇਆ ਹੈ ਉਸ ਦੇ ਵੰਸ਼ਜ ਪਾਕਿਸਤਾਨ ਵਿਚ ਰਹਿੰਦੇ ਹੋਣਗੇ। ਇਧਰਲੇ ਕਈ ਵੱਡੇ ਸਿਆਸਤਦਾਨ ਉਧਰ ਅਤੇ ਉਧਰਲੇ ਕਈ ਹੁਕਮਰਾਨ ਇਧਰ ਪੈਦਾ ਹੋਏ ਸਨ। ਕਵੀ ਨੂੰ ਦੋਹਾਂ ਪਾਸਿਆਂ ਦੀ ਸਿਆਸਤ ਵਿਚ ਬਰਾਬਰ ਦੀ ਬਦਨੀਤੀ ਦਿਖਾਈ ਦਿੰਦੀ ਹੈ। ਇਸ ਲਈ ਦੋਹਾਂ ਦੇਸ਼ਾਂ ਵਿਚਕਾਰਲੀ ਸਰਹੱਦ ਭੂਗੋਲਿਕ, ਆਤਮਿਕ, ਸੱਭਿਆਚਾਰਕ ਇਥੋਂ ਤੱਕ ਕਿ ਰਾਜਨੀਤਕ ਦ੍ਰਿਸ਼ਟੀ ਤੋਂ ਗ਼ੈਰ ਕੁਦਰਤੀ ਹੈ। ਕਵੀ ਦੋਹਾਂ ਪਾਸਿਆਂ ਦੀ ਧਰਤੀ ਅਤੇ ਲੋਕਾਂ ਨਾਲ ਇਕੋ ਜਿਹੀ ਨੇੜਤਾ ਨਾਲ ਬੋਲਦਾ ਹੈ। ਨਾਲ ਦੀ ਨਾਲ ਦੋਹਾਂ ਪਾਸਿਆਂ ਦੇ ਹੁਕਮਰਾਨਾਂ ਨਾਲ ਫ਼ਾਸਲਾ ਵੀ ਬਰਾਬਰ ਹੀ ਰੱਖ ਰਿਹਾ ਹੈ। ਇਸ ਤਰ੍ਹਾਂ ਇਸ ਪੁਸਤਕ ਦਾ ਇਕ ਜਿਲਦ ਅੰਦਰ ਦੋ ਲਿਪੀਆਂ ਵਿਚ ਛਪਣਾ ਕੋਈ ਟਸ਼ਨ ਨਹੀਂ

Original with:
Jaswant Singh Zafar
Digitized by;
Panjab Digital Library

ਸਗੋਂ ਕਵੀ ਦੇ ਕਾਵਿ-ਪ੍ਰਯੋਜਨ ਦੇ ਪ੍ਰਗਟਾਅ ਦੀ ਸੰਪੂਰਨਤਾ ਜਾਪਦੀ ਹੈ।

ਗੁਰਭਜਨ ਗਿੱਲ ਇਸ ਪੁਸਤਕ ਰਾਹੀਂ ਪੰਜਾਬ ਦੀ ਵੰਡ ਨੂੰ ਲੈ ਕੇ ਜਜ਼ਬਾਤੀ ਉਦਾਸੀ ਦਾ ਸੰਚਾਰ ਨਹੀਂ ਕਰਦਾ, ਸਗੋਂ ਸਾਰੀ ਸਥਿਤੀ ਦਾ ਵਿਸ਼ਲੇਸ਼ਣੀ ਅਧਿਅਨ ਪੇਸ਼ ਕਰਦਾ ਹੈ। ਉਸ ਮੁਤਾਬਕ ਦੋਹੀਂ ਪਾਸੀਂ ਹਾਕਮਾਂ ਦਾ ਜਨਤਾ ਪ੍ਰਤੀ ਰਵੱਈਆ ਇਕੋ ਜਿਹਾ ਹੈ। ਆਰਥਿਕ ਪੱਛੜੇਪਨ ਦੇ ਨਾਲ-ਨਾਲ ਬੌਧਿਕ ਗਰੀਬੀ ਨੂੰ ਕਾਇਮ ਰੱਖਣ ਲਈ ਉਚੇਚੇ ਯਤਨ ਕੀਤੇ ਜਾਂਦੇ ਹਨ। ਦੋਹੀਂ ਪਾਸੀਂ ਭੁੱਖ ਨੰਗ ਦਾ ਇਕੋ ਜਿਹਾ ਬੋਲ-ਬਾਲਾ ਹੈ। ਕਵਿਤਾ 'ਸਾਡੀ ਤੁਹਾਡੀ ਕਾਹਦੀ ਜੰਗ ਹੈ' ਰਾਹੀਂ ਕਵੀ ਦੋਹਾਂ ਦੇਸ਼ਾਂ ਵਿਚਕਾਰ ਵਾਰ-ਵਾਰ ਹੋਣ ਵਾਲੀਆਂ ਬੇਮਕਸਦ ਜੰਗਾਂ ਦੀ ਖਿੱਲੀ ਉਡਾਉਂਦਾ ਹੈ-

*ਜਦ ਤੱਕ ਸਾਡੇ ਅਤੇ ਤੁਹਾਡੇ,*
*ਘਰ ਦੇ ਅੰਦਰ ਭੁੱਖ ਤੇ ਨੰਗ ਹੈ।*
*ਦਿਲ ਤੇ ਹੱਥ ਧਰਕੇ ਫਿਰ ਦੱਸਿਓ,*
*ਸਾਡੀ ਤੁਹਾਡੀ ਕਾਹਦੀ ਜੰਗ ਹੈ।*
\-----------
*ਜੇਕਰ ਸਾਡਾ ਅਤੇ ਤੁਹਾਡਾ ਦੁਸ਼ਮਣ ਇੱਕ ਹੈ,*
*ਆਪਸ ਦੇ ਵਿਚ ਕਾਹਦੀਆਂ ਰੜਕਾਂ।*
*ਦੋਹੀਂ ਪਾਸੀਂ ਏਨਾ ਆਦਮ ਘਾਣ ਕਰਾ ਕੇ,*
*ਘੜੀ ਮੁੜੀ ਫਿਰ ਮਾਰੀਏ ਬੜ੍ਹਕਾਂ।*
*ਚਲੋ ਉਤਾਰੋ ਟੈਂਕ ਪਹਾੜੋਂ,*
*ਤੋਪਾਂ ਤੇ ਬੰਦੂਕਾਂ ਨੂੰ ਵੀ ਜੰਦਰੇ ਮਾਰੋ,*
*ਪਹਿਲਾਂ ਚਲੋ ਬਣਾਓ ਸੜਕਾਂ।*

ਜਦ ਨੀਤਾਂ ਸਾਫ਼ ਨਹੀਂ ਤਾਂ ਸਿਖ਼ਰ ਸੰਮੇਲਨਾਂ, ਸ਼ਾਂਤੀ ਵਾਰਤਾਵਾਂ, ਸਮਝੌਤਿਆਂ ਤੇ ਐਲਾਨਾਮਿਆਂ ਨੇ ਵੀ ਕੁਝ ਨਹੀਂ ਸੁਆਰਨਾ। ਗੱਲ ਗੱਲਾਂ ਨਾਲ ਨਹੀਂ ਅਮਲਾਂ ਨਾਲ ਬਣੇਗੀ:

*ਸ਼ਬਦਾਂ ਦਾ ਸੰਸਾਰ ਹਕੀਕਤ ਸਮਝ ਲਿਆ,*
*ਗੱਲਾਂ ਕਰ ਕਰ ਗੱਲਾਂ ਜੋਗੇ ਰਹਿ ਗਏ ਆਂ।*

ਹਮੇਸ਼ਾਂ ਜੰਗ ਵਰਗੇ ਹਾਲਤਾਂ ਕਾਰਨ ਦੇਸ਼ਾਂ ਦੇ ਵਿਕਾਸ 'ਤੇ ਖਰਚ ਹੋਣ ਵਾਲੇ ਜਨਤਕ ਧਨ ਦਾ ਬਹੁਤਾ ਹਿੱਸਾ 'ਰੱਖਿਆ ਬਜਟ' ਬਣ ਜਾਂਦਾ ਹੈ। ਇਹ ਪੈਸਾ ਰੱਖਿਆ ਸੌਦਿਆਂ ਦੇ ਨਾਂ 'ਤੇ ਅਮਰੀਕਾ ਵਰਗੀਆਂ ਅਮੀਰ ਸਾਮਰਾਜੀ

Original with;
Jaswant Singh Zafar
Digitized by;
Panjab Digital Library

ਨੀਵਾਣਾਂ ਵੱਲ ਨੂੰ ਜਾ ਰਿਹਾ ਹੈ। ਪ੍ਰਭਾਵੀ ਰਾਜ-ਨੇਤਾ ਅਤੇ ਨੌਕਰਸ਼ਾਹ ਪੂਰੀ ਬੇਸ਼ਰਮੀ ਨਾਲ ਇਸ ਲੁੱਟ ਚੋਂ ਆਪਣਾ ਹਿੱਸਾ-ਪੱਤੀ ਬਟੋਰ ਰਹੇ ਹਨ। ਜਨ ਸਧਾਰਨ ਸਾਮਰਾਜੀਆਂ ਅਤੇ ਉਹਨਾਂ ਦੇ ਦਲਾਲਾਂ ਦੀਆਂ ਚਾਲਾਂ ਨੂੰ ਸਮਝਣ ਦੀ ਬਜਾਏ ਲਗਾਤਾਰ ਇਹਨਾਂ ਵਿਚ ਫਸ ਰਿਹਾ ਹੈ। ਇਸ ਦ੍ਰਿਸ਼ਟੀ ਤੋਂ 'ਕਸ਼ਮੀਰ ਮੰਗਦਾ ਆਦਮੀ' ਮਹੱਤਵ ਭਰਪੂਰ ਕਵਿਤਾ ਹੈ।

ਨਵ-ਸਾਮਰਾਜਵਾਦ ਹੁਣ ਆਪਣੀਆਂ ਫੌਜਾਂ, ਪੁਲੀਸ, ਪ੍ਰਸ਼ਾਸਨਿਕ ਮਸ਼ੀਨਰੀ ਆਦਿ ਲਿਆ ਕੇ ਸਾਡੇ ਵਰਗੀਆਂ ਬਸਤੀਆਂ 'ਤੇ ਰਾਜ ਨਹੀਂ ਕਰਦਾ ਅਤੇ ਨਾ ਹੀ ਅਜਿਹੇ ਕਮਜ਼ੋਰਾਂ ਨੂੰ ਗੁਲਾਮ ਬਣਾਉਣ ਲਈ ਤਾਕਤ ਦੀ ਵਰਤੋਂ ਕਰਦਾ ਹੈ। ਇਹ ਤਾਂ ਇਲੈਕਟ੍ਰੋਨਿਕ ਅਤੇ ਕੰਪਿਊਟਰੀ ਮੀਡੀਏ ਰਾਹੀਂ ਲੋਕ-ਮਨ ਨੂੰ ਉਪਭੋਗੀ, ਵਿਲਾਸੀ, ਸੁਸਤ, ਦੁਰਾਚਾਰੀ ਅਤੇ ਅਖੀਰੀ ਗੁਲਾਮ ਬਣਾਉਂਦਾ ਹੈ। ਲੰਮੇ ਨਾਂ ਪਰ ਛੋਟੇ ਆਕਾਰ ਦੀ ਕਵਿਤਾ 'ਸਰਹੱਦਾਂ ਬਹੁਤ ਸੁਰੱਖਿਅਤ ਨੇ' ਸਾਮਰਾਜਵਾਦ ਦੇ ਇਸ ਨਵੇਂ ਰੂਪ ਨੂੰ ਬੜੀ ਸਫ਼ਲਤਾ ਨਾਲ ਬੇਪਰਦ ਕਰਦੀ ਹੈ। ਪੱਛਮ ਦੀ ਚਮਕ-ਦਮਕ 'ਅਮਰ ਵੇਲ' ਵਾਂਗ ਪਛੜੇ ਹੋਏ ਪੂਰਬੀ ਸੰਸਾਰ ਦਾ ਸਾਹ-ਸਤ ਚੂਸ ਰਹੀ ਹੈ।

'ਜੀਵੇ ਧਰਤੀ ਪੰਜ ਦਰਿਆਵਾਂ ਦੀ' ਇਸ ਸੰਗ੍ਰਹਿ ਦੀ ਬਹੁਤ ਸਫ਼ਲ ਅਤੇ ਮਹੱਤਵ ਪੂਰਨ ਰਚਨਾ ਹੈ। ਦੇਸ਼ ਦੀ ਵੰਡ ਲਈ ਕੇਵਲ 'ਗੋਰੇ ਦੀ ਖੋਟੀ ਨੀਅਤ' ਹੀ ਨਹੀਂ ਸਗੋਂ ਸਾਡਾ ਆਪਣਾ 'ਕਮਲ਼ ਤੇ ਪਾਗ਼ਲਪਨ' ਵੀ ਜ਼ਿੰਮੇਵਾਰ ਸੀ। ਦੇਸੀ ਆਗੂਆਂ ਦੀ ਸੱਤਾ-ਹਵਸ ਅਤੇ ਲੋਕਾਂ ਦੀ ਮਜ਼ਹਬੀ ਹੂੜ੍ਹਮੱਤ ਇਸ ਦਾ ਵੱਡਾ ਕਾਰਨ ਸੀ। ਆਜ਼ਾਦ ਹੋਣ ਮਗਰੋਂ ਦੋਹਾਂ ਮੁਲਕਾਂ ਵਲੋਂ ਆਪਣੇ ਸਬੰਧਾਂ ਨੂੰ ਕੁਸੈਲਾ ਕਰਨ ਲਈ ਹੁਣ ਤੱਕ ਜਿਹੜੀ ਕੜ੍ਹੀ ਘੋਲ਼ੀ ਗਈ ਹੈ ਉਸ ਨੂੰ ਬਹੁਤ ਹੀ ਨਿਵੇਕਲੇ ਹੁਨਰ ਨਾਲ ਸਿਲਸਿਲੇ ਵਾਰ ਬਿਆਨਿਆਂ ਗਿਆ ਹੈ:

*ਅਸੀਂ ਸਿਰਫ਼ ਕਚੀਚੀਆਂ ਵੱਟਦੇ ਰਹੇ,*
*ਸਾਨੂੰ ਪਿਆਰ ਭਰੱਪਣ ਭੁੱਲ ਗਿਆ।*
*ਤੇ ਸਵਾਹ ਦੀਆਂ ਪੁੜੀਆਂ ਸਾਂਭਦਿਆਂ,*
*ਸਾਡਾ ਘਿਓ ਦਾ ਪੀਪਾ ਡੁੱਲ੍ਹ ਗਿਆ।*

*ਮਹੁਰੇ ਦਾ ਵਣਜ ਵਿਹਾਜਦਿਆਂ,*
*ਰੇਤੇ ਵਿਚ ਖੰਡ ਦੀ ਬੋਰੀ ਗਈ।*
*ਅਸੀਂ ਪਿੱਛੇ ਪਿੱਛੇ ਤੁਰਦੇ ਗਏ,*
*ਇਹ ਨਾਗਣ ਜਿੱਧਰ ਤੋਰੀ ਗਈ।*

*Original with;*
Jaswant Singh Zafar
*Digitized by;*
Panjab Digital Library

ਜਿਥੇ ਇਸ ਕਵਿਤਾ ਵਿਚ 'ਜੋ ਹੋਇਆ' ਨੂੰ ਬਿਆਨਿਆਂ ਗਿਆ ਹੈ ਉਥੇ 'ਨਵੀਂ ਸਦੀ ਵਿਚ' ਸਿਰਲੇਖ ਵਾਲੀ ਕਵਿਤਾ ਵਿਚ 'ਜੋ ਹੋਣਾ ਚਾਹੀਦਾ ਹੈ' ਦੀ ਅਰਦਾਸ ਹੈ। ਇਹ ਰਚਨਾ ਪਹਿਲੀ ਦੀ ਪੂਰਕ ਜਾਪਦੀ ਹੈ:

*ਨਵੀਂ ਸਦੀ ਵਿਚ ਇਸ ਧਰਤੀ 'ਤੇ ਰੱਬ ਹੁਣ ਮਿਹਰ ਕਰੇ।*
*ਵਣ ਤ੍ਰਿਣ ਮੌਲਣ ਮਹਿਕਣ ਟਹਿਕਣ ਪੱਲ੍ਹਰਨ ਬਿਰਖ ਹਰੇ।*

ਕਵੀ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੇ 300 ਸਾਲਾ ਸ਼ਹੀਦੀ ਦਿਵਸ ਮੌਕੇ 'ਸਰਹੰਦ ਵਿਚੋਂ ਲੰਘਦਿਆਂ' ਇਸ ਸ਼ਹਿਰ ਨਾਲ ਜੁੜੇ ਇਤਿਹਾਸਕ ਨਾਇਕਾਂ ਅਤੇ ਖਲਨਾਇਕਾਂ ਦੇ ਨਾਵਾਂ ਨੂੰ ਅਜੋਕੇ ਸਮਾਜੀ ਵ੍ਰਤਾਰੇ ਦੇ ਸੰਦਰਭ ਵਿਚ ਅਰਥਾਉਂਦਾ ਹੈ। ਵਿਅਕਤੀ ਦੀ ਪਛਾਣ ਉਸ ਦਾ ਮਜ਼ਹਬ ਨਹੀਂ, ਕਿਰਦਾਰ ਹੁੰਦਾ ਹੈ। ਕਹਿਣ ਨੂੰ ਗੰਗੂ, ਸੁੱਚਾ ਨੰਦ ਅਤੇ ਟੋਡਰ ਮੱਲ ਦਾ ਮਜ਼ਹਬ ਇੱਕ ਹੈ ਪਰ ਗੰਗੂ ਲਾਲਚ ਦਾ ਨਾਂ ਹੈ ਤੇ ਸੁੱਚਾ ਨੰਦ ਕਮੀਨਗੀ ਦਾ, ਇਹ ਅੱਜ ਵੀ ਸਰਬ ਵਿਆਪਕ ਹਨ। ਜਦ ਕਿ ਟੋਡਰ ਮੱਲ ਲਾਲਚ ਰਹਿਤ ਪ੍ਰਤੀਬੱਧਤਾ ਅਤੇ ਮਾਨਵੀ ਪਿਆਰ ਦਾ ਪ੍ਰਤੀਕ ਹੈ। ਕਹਿਣ ਨੂੰ ਸੂਬਾ ਸਰਹੰਦ ਵਜੀਦ ਖਾਨ ਅਤੇ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਦਾ ਮਜ਼ਹਬ ਇਕ ਹੈ ਪਰ ਜਿਥੇ ਵਜੀਦ ਖਾਨ ਅਨ੍ਹਿਆਂ ਅਤੇ ਅੱਤਿਆਚਾਰ ਦਾ ਪ੍ਰਤੀਕ ਹੋਣ ਕਰਕੇ ਘਿਰਣਾਯੋਗ ਹੈ ਉਥੇ ਸ਼ੇਰ ਮੁਹੰਮਦ ਸੱਚਾਈ ਅਤੇ ਹਮਦਰਦੀ ਦਾ ਪ੍ਰਤੀਕ ਅਤੇ ਸਤਿਕਾਰਤ ਨਾਂ ਹੈ। ਮਜ਼ਹਬ ਦੇ ਨਾਂ 'ਤੇ ਦੇਸ਼ਾਂ ਨੂੰ ਤਾਂ ਕੀ ਬੰਦਿਆਂ ਨੂੰ ਵੀ ਨਹੀਂ ਵੰਡਿਆ ਜਾ ਸਕਦਾ। ਬੰਦਾ ਬਹਾਦਰ ਕਿਸੇ ਮਜ਼ਹਬ ਦੇ ਵਿਰੋਧੀ ਜਾਂ ਦੁਸ਼ਮਣ ਦਾ ਨਹੀਂ ਸਗੋਂ ਕਵੀ ਅਨੁਸਾਰ ਵਕਤ ਦੇ ਅੱਥਰੇ ਹਕੂਮਤੀ ਘੋੜੇ ਦੀਆਂ ਵਾਗਾਂ ਫੜਨ ਵਾਲੀ ਸੂਰਮਗਤੀ ਦਾ ਨਾਂ ਹੈ। ਕਵੀ ਨੂੰ ਇਸ ਗੱਲ ਦੀ ਤਕਲੀਫ਼ ਹੈ ਕਿ ਇਤਿਹਾਸ ਦੀ ਬਾਤ ਸੁਣਾਉਣ ਵਾਲੀਆਂ ਅਸਲ ਇਮਾਰਤਾਂ, ਸਥਾਨਾਂ ਅਤੇ ਚਿੰਨ੍ਹਾਂ ਨੂੰ ਮਲੀਆਮੇਟ ਕਰਕੇ ਇਹਨਾਂ ਦਾ ਸੰਗਮਰਮਰੀਕਰਨ ਕਰ ਦਿਤਾ ਗਿਆ ਹੈ। ਸ਼ਹੀਦੀ ਦਿਵਸ ਮੌਕੇ ਢੋਲ ਧਮੱਕਿਆਂ ਨਾਲ ਰੌਲਾ ਗੌਲਾ ਪਾ ਕੇ ਕਿਸ ਤਰ੍ਹਾਂ ਦੀ ਸ਼ਰਧਾਂਜਲੀ ਦਾ ਪ੍ਰਦਰਸ਼ਨ ਹੋ ਰਿਹਾ ਹੈ?

ਆਮ ਤੌਰ 'ਤੇ ਜਨ-ਸਧਾਰਨ ਦੇ ਹਿਤਾਂ ਦਾ ਫ਼ਿਕਰ ਕਰਨ ਵਾਲੀ, ਜੰਗਬਾਜ਼ਾਂ ਨੂੰ ਲਾਹਣਤ ਪਾਉਣ ਵਾਲੀ, ਸਾਮਰਾਜੀ ਕੁਚਾਲਾਂ ਨੂੰ ਬੇਪਰਦ ਕਰਨ ਵਾਲੀ, ਫ਼ਿਰਕਾਪ੍ਰਸਤੀ ਨੂੰ ਭੰਡਣ ਵਾਲੀ ਅਤੇ ਸਥਾਪਤ ਸਰਕਾਰੀ ਵਿਵਸਥਾ ਪ੍ਰਤੀ ਨਿਰਾਸ਼ਾ ਪੈਦਾ ਕਰਨ ਵਾਲੀ ਸ਼ਾਇਰੀ ਨੂੰ 'ਪ੍ਰਗਤੀਵਾਦੀ' ਜਾਂ 'ਖੱਬੇਪੱਖੀ' ਡੱਬੇ ਵਿਚ ਬੰਦ ਕਰ ਦਿੱਤਾ ਜਾਂਦਾ ਹੈ। ਪਰ ਇਸ ਕਾਵਿ-ਪੁਸਤਕ ਵਿਚ ਕਵੀ ਸਾਮਰਾਜੀਆਂ ਜਾਂ ਉਹਨਾਂ ਦੇ ਦਲਾਲਾਂ ਦੇ ਖ਼ਿਲਾਫ਼ ਲੜਨ ਜੂਝਣ ਦਾ ਹੋਕਾ ਤਾਂ

Original with:
Jaswant Singh Zafar
Digitized by;
Panjab Digital Library

ਦਿੰਦਾ ਹੈ ਪਰ ਨਾਲ ਦੀ ਨਾਲ 'ਖ਼ੂਨ ਦਾ ਬਦਲਾ ਖ਼ੂਨ' ਵਾਲੇ ਪੁਰਾਣੇ ਮਾਅਰਕੇਬਾਜ਼ ਨਾਅਰੇ ਨੂੰ ਰੱਦ ਕਰਦਾ ਹੈ। ਉਸ ਮੁਤਾਬਕ ਲੋਕ ਕਲਿਆਣ ਦੀ ਵਿਵਸਥਾ ਬੰਦੂਕ ਦੀ ਨਾਲੀ 'ਚੋਂ ਨਹੀਂ ਨਿਕਲਦੀ ਸਗੋਂ ਲੋਕਾਂ ਦੇ ਏਕੇ, ਭਾਈਚਾਰੇ ਅਤੇ ਸਮੂਹਿਕ ਚੇਤਨਾ, ਇੱਛਾ ਸ਼ਕਤੀ ਤੇ ਯਤਨਾਂ ਰਾਹੀਂ ਹੀ ਸਥਾਪਤ ਹੋ ਸਕਦੀ ਹੈ:

*ਛੱਡ ਸਰਦਾਰੀ, ਭਾਈਚਾਰੇ 'ਚ ਖਲੋ*
*ਕਦੇ ਵੀ ਬੰਦੂਕ ਵਿਚੋਂ ਨਿਕਲੇ ਨਾ ਮੋਹ*
*ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ*

ਇਸ ਲੜਾਈ ਵਿਚ ਉਹ ਮੁਹੱਬਤ, ਸੁਹਜ, ਕਲਾ ਅਤੇ ਸ਼ਬਦ ਦੇ ਹਥਿਆਰਾਂ ਨੂੰ ਹੀ ਕਾਰਗਰ, ਅਸਰਦਾਰ ਅਤੇ ਵਾਜਬ ਮੰਨਦਾ ਹੈ:

*ਇਹ ਮੇਰਾ ਸਾਜ਼ ਹੈ ਆਵਾਜ਼ ਹੈ ਪਰਵਾਜ਼ ਵੀ ਵੇਖੋ*
*ਤੇ ਫਿਰ ਦੱਸੋ ਕਿ ਇਸ ਤੋਂ ਵਧ ਖ਼ਰਾ ਹਥਿਆਰ ਕਿਥੇ ਹੈ?*

ਕਈ ਕਵਿਤਾਵਾਂ ਇਸ ਕਰਕੇ ਵਿਸ਼ੇਸ਼ ਮਹੱਤਵ ਵਾਲੀਆਂ ਹਨ ਕਿ ਇਹਨਾਂ ਵਿਚ ਕਵੀ ਨੇ ਇਸ ਧਰਤੀ ਦੇ ਲੋਕਾਂ ਦੇ ਭਾਈਚਾਰਕ, ਸੱਭਿਆਚਾਰਕ, ਰਾਜਨੀਤਕ ਅਤੇ ਆਰਥਿਕ ਸਬੰਧਾਂ ਬਾਰੇ ਇਕਹਿਰੀ ਗੱਲ ਨਹੀਂ ਕੀਤੀ ਸਗੋਂ ਉਸ ਦੇ ਸਿਹਤਮੰਦ ਭੂਗੋਲਿਕ/ਭੌਤਿਕ ਵਾਤਾਵਰਣ ਬਾਰੇ ਸੁਹਿਰਦ ਸਰੋਕਾਰਾਂ ਦੀ ਗੂੰਜ ਵੀ ਨਾਲੋ-ਨਾਲ ਸੁਣਾਈ ਦਿੰਦੀ ਹੈ। ਉਹ ਸੁਖਾਵੇਂ ਰਾਜਸੀ ਅਤੇ ਸਮਾਜਿਕ ਵਾਤਾਵਰਨ ਦੇ ਨਾਲ-ਨਾਲ ਉਹਨਾਂ ਹੀ ਸ਼ਬਦਾਂ ਨਾਲ ਪ੍ਰਦੂਸ਼ਨ ਰਹਿਤ ਮਿੱਟੀ, ਪਾਣੀ ਅਤੇ ਹਵਾ ਦੀ ਵੀ ਯਾਚਨਾ ਕਰਦਾ ਪ੍ਰਤੀਤ ਹੁੰਦਾ ਹੈ। ਹੇਠ ਲਿਖੇ ਮਤਲੇ ਵਾਲੀ ਗ਼ਜ਼ਲ ਇਸ ਗੱਲ ਦੀ ਇਕ ਉਦਾਹਰਨ ਹੈ:

*ਰੋਕੋ ਵਗਣੋਂ ਇਸ ਧਰਤੀ ਤੋਂ ਤਲਖ ਹਵਾਵਾਂ ਨੂੰ।*
*ਭੁੱਲ ਨਾ ਜਾਵੇ ਜਾਚ ਵਗਣ ਦੀ ਪੰਜ ਦਰਿਆਵਾਂ ਨੂੰ।*

ਕਵਿਤਾ 'ਧਰਤੀ ਗੋਲ ਨਹੀਂ ਹੈ' ਰਾਹੀਂ ਵਿਨਾਸ਼ ਦੀ ਤਕਨਾਲੋਜੀ ਨੂੰ ਅੰਤਰ ਰਾਸ਼ਟਰੀ ਰਾਜਸੀ ਸੰਤੁਲਨ ਦੇ ਵਿਗਾੜ ਦੇ ਨਾਲ ਨਾਲ ਭੂਗੋਲਿਕ ਸੰਤੁਲਨ ਦੇ ਵਿਗਾੜ ਨਾਲ ਵੀ ਸਬੰਧਤ ਕਰ ਦਿੰਦਾ ਹੈ। ਕਵੀ ਅੰਨ੍ਹੀਂ ਮੁਕਾਬਲੇ ਬਾਜ਼ੀ ਨੂੰ ਪਰਣਾਏ ਸ਼ਹਿਰੀਕਰਨ ਅਤੇ ਸਨਅਤੀਕਰਨ ਕਾਰਨ ਨਿੱਘੇ ਸਮਾਜਿਕ ਸਬੰਧਾਂ ਅਤੇ ਸੁਹਾਵਣੇ ਕੁਦਰਤੀ ਦ੍ਰਿਸ਼ਾਂ ਦੇ ਮਲੀਆਮੇਟ ਹੋਣ ਦੀ ਗੱਲ ਇਕੋ ਵੇਲੇ ਕਰਦਾ ਹੈ:

*Original with;*
Jaswant Singh Zafar
*Digitized by;*
Panjab Digital Library

*ਕਿਥੇ ਗਈਆਂ ਕੂੰਜਾਂ ਇਥੋਂ ਉਡ ਗਏ ਨੇ ਮੋਰ ਨੀ।*
*ਬਣਿਆਂ ਪੰਜਾਬ ਮੇਰਾ ਹੋਰ ਦਾ ਹੀ ਹੋਰ ਨੀ।*

*ਸਾਉਣ ਦੇ ਮਹੀਨੇ 'ਚ ਤਰੇੜੀ ਹੋਈ ਧਰਤੀ।*
*ਪਿੰਡ ਨੇ ਉਦਾਸ ਤੇ ਚੁਫ਼ੇਰੇ ਚੁੱਪ ਵਰਤੀ।*

ਗੁਰਭਜਨ ਗਿੱਲ ਦੀ ਬੋਲ-ਬਾਣੀ ਵਾਲੀ ਦੇਸੀ ਭਾਸ਼ਾ ਉਸ ਦੇ ਕਾਵਿ ਸਰੋਕਾਰ ਦੇ ਬੜੀ ਅਨੁਕੂਲ ਹੈ। ਪੰਜਾਬ ਵੰਡ ਕਾਰਨ ਦਿਲਾਂ ਵਿਚ ਡੂੰਘੇ ਲਹਿ ਚੁੱਕੇ ਜ਼ਖ਼ਮ, ਹੱਡਾਂ ਵਿਚ ਰਚ ਚੁੱਕੇ ਦਰਦ ਅਤੇ ਆਤਮਾ 'ਚ ਉੱਤਰੀ ਪੀੜ ਦਾ ਨੇੜਲਾ ਅਹਿਸਾਸ ਉਸ ਨੂੰ ਆਪਣੇ ਪੂਰਵਜਾਂ ਅਤੇ ਨਿਕਟ ਸਬੰਧੀਆਂ ਖਾਸ ਕਰ ਆਪਣੇ ਮਾਂ-ਬਾਪ ਤੋਂ ਪ੍ਰਾਪਤ ਹੋਇਆ। ਉਸ ਕੋਲ ਵਿਸ਼ਲੇਸ਼ਣੀ ਬੁੱਧੀ ਅਤੇ ਸੰਵੇਦਨਸ਼ੀਲ ਮਨ ਦੀ ਦਾਤ ਹੈ। ਰਾਜਨੀਤਕ, ਸਮਾਜਕ, ਆਰਥਿਕ ਅਤੇ ਵਿਚਾਰਧਾਰਕ ਸਥਿਤੀਆਂ/ਪ੍ਰਸਥਿਤੀਆਂ ਦੀ ਚੋਖੀ ਸਮਝ ਹੈ। ਇਹਨਾਂ ਸਾਰੇ ਤੱਤਾਂ ਦੀ ਸੰਯੁਕਤੀ ਕਾਰਨ ਉਹ ਇਸ ਕਿਤਾਬ ਵਿਚ ਬਹੁਤ ਖੁੱਲ੍ਹ ਕੇ ਵਰ੍ਹਿਆ ਹੈ। ਕਿਸੇ ਵੀ ਕਵਿਤਾ ਵਿਚ ਸਵੈ-ਪ੍ਰਗਟਾਵੇ ਲਈ ਤਰਲੋ ਮਾਰਦਾ ਨਹੀਂ ਜਾਪਦਾ। ਜਾਂਦੇ-ਜਾਂਦੇ ਉਸ ਦੀ ਨਿੱਕੀ ਕਵਿਤਾ 'ਸੁਰਗ ਲੱਭਦਿਆਂ ਨੂੰ' ਸਾਂਝੀ ਕਰਦਾ ਹਾਂ:

*ਨਰਕ ਦਾ ਪਸਾਰਾ*
*ਏਸੇ ਲਈ ਵਧ ਰਿਹਾ ਹੈ*
*ਕਿਉਂਕਿ ਧਰਤੀ 'ਤੇ ਵੱਸਦੇ ਬਹੁਤੇ ਲੋਕ*
*ਸੁਰਗ ਕਿਤੋਂ ਹੋਰ ਲੱਭਦੇ ਨੇ।*

•

*Original with;*
Jaswant Singh Zafar
*Digitized by;*
Panjab Digital Library

# ਆਬੂ ਪਰਬਤ ਦੀ ਅਧੂਰੀ ਯਾਤਰਾ

ਇਕ ਸੁਨੇਹੀ ਪਰਿਵਾਰ ਨੇ ਬ੍ਰਹਮਕੁਮਾਰੀ ਹੈੱਡ-ਕੁਆਰਟਰ ਮਾਊਂਟ ਆਬੂ ਵਿਖੇ 7 ਤੋਂ 11 ਸਤੰਬਰ 2012 ਨੂੰ ਇੰਜਨੀਅਰਾਂ ਅਤੇ ਵਿਗਿਆਨੀਆਂ ਲਈ "ਅਧਿਆਤਮਕ ਸੂਝ ਸਬੰਧੀ ਕਾਨਫਰੰਸ" ਦੀ ਦੱਸ ਪਾਈ ਅਤੇ ਇਸ ਵਿਚ ਭਾਗ ਲੈਣ ਦੀ ਸਿਫਾਰਸ਼ ਅਤੇ ਤਾਕੀਦ ਕੀਤੀ। ਆਪਣੀ ਆਦਤ ਮੂਜਬ ਮੈਂ ਝੱਟ ਰਾਜ਼ੀ ਹੋ ਗਿਆ। ਪਹੁੰਚ ਕੇ ਪਹਿਲਾਂ ਤਾਂ ਆਲੇ-ਦੁਆਲੇ ਦੀ ਸਾਫ ਸਫਾਈ, ਸਾਂਭ ਸੰਭਾਲ ਅਤੇ ਹਰਿਆਵਲ ਦੇਖ ਕੇ ਮਨ ਬੜਾ ਖੁਸ਼ ਹੋਇਆ। ਪਰ ਇਕ ਸੋਹਣੇ ਬਗੀਚੇ ਵਿਚ ਲੱਗੀ ਤਖਤੀ ਉਤੇ ਲਿਖਿਆ ਪੜ੍ਹ ਕੇ ਮੇਰਾ ਉਤਸ਼ਾਹ ਪਿਛਲਖੁਰੀ ਹੋ ਤੁਰਿਆ। ਲਿਖਿਆ ਸੀ ਕਿ ਵਾਸਨਾਵਾਂ ਸਭ ਦੁੱਖਾਂ ਦਾ ਕਾਰਨ ਹਨ, ਇਹਨਾਂ ਨੂੰ ਮਾਰਨ ਨਾਲ ਹੀ ਸ਼ਾਂਤੀ ਮਿਲ ਸਕਦੀ ਹੈ। ਆਪਣਾ ਤਾਂ ਹੁਣ ਤੱਕ ਇਹੀ ਵਿਚਾਰ ਦ੍ਰਿੜ ਹੋਇਆ ਸੀ ਕਿ ਵਾਸਨਾਵਾਂ ਕਰਕੇ ਹੀ ਬੰਦਾ ਸਿਰਜਕ ਹੈ, ਸਿਰਜਕ ਹੋਣ ਕਰਕੇ ਬੰਦਾ ਬੰਦਾ ਹੈ। ਮੈਨੂੰ ਲੱਗਾ ਕਿ ਇਹ ਭੈਣਾਂ ਕਹਿ ਰਹੀਆਂ ਹਨ ਕਿ ਬੰਦਿਆਂ ਵਾਲੇ ਸਾਰੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਆਪਣੇ ਬੰਦਾ ਹੋਣ ਤੋਂ ਹੀ ਖਹਿੜਾ ਛੁਡਾ ਲਵੋ, ਨਾ ਰਹੇਗਾ ਬਾਂਸ ਤੇ ਨਾ ਵਜੇਗੀ ਬੰਸਰੀ। ਦੂਸਰਾ, ਮੈਂ ਸੋਚਿਆ ਕਿ ਇਹ ਏਨੇ ਸੋਹਣੇ ਫੁੱਲ ਬਗੀਚੇ ਜੋ ਸਜਾਏ ਹਨ ਇਹ ਵੀ ਤਾਂ ਅੱਖਾਂ ਦੀ ਵਾਸਨਾ ਤ੍ਰਿਪਤੀ ਲਈ ਹਨ। ਇਸ ਗੱਲੋਂ ਪੁਰਾਣੇ ਨਾਥ ਜੋਗੀ ਵਧੇਰੇ ਇਮਾਨਦਾਰ ਸਨ। ਜੇ ਉਹ ਵਾਸਨਾਵਾਂ ਨੂੰ ਮਾਰਨ ਦੀਆਂ ਕਿਰਿਆਵਾਂ ਕਰਦੇ ਸਨ ਤਾਂ ਉਹ ਸੁੰਦਰ ਬਾਗ ਬਗੀਚਿਆਂ ਅਤੇ ਸੰਗਮਰਮਰੀ ਮਹੱਲਾਂ ਦੀ ਬਜਾਏ ਪਹਾੜਾਂ ਦੀ ਕੁੰਦਰਾਂ ਜਾ ਜੰਗਲਾਂ 'ਚ ਹੀ ਰਹਿੰਦੇ ਸਨ।

ਆਸ-ਪਾਸ ਪਸਰੀ ਬੇਹਿਸਾਬੀ ਸ਼ਾਂਤੀ ਦੇਖ ਕੇ ਮੈਂ ਵੈਸੇ ਵੀ ਖ਼ੌਫ਼ਜਦਾ ਹੋਣਾ ਸ਼ੁਰੂ ਹੋ ਗਿਆ। ਨਾ ਕੋਈ ਬੋਲਦਾ ਸੀ ਨਾ ਕੋਈ ਹੱਸਦਾ ਸੀ, ਸਭ ਗੁੰਮ-ਸੁੰਮ ਜਹੇ ਸਨ। ਬੰਦੇ ਹੋਣ ਦੀ ਬਜਾਏ ਸ਼ਰਧਾਲੂ ਆਤਮਾਵਾਂ ਬਣੇ ਫਿਰਦੇ ਸਨ। ਸਾਰੇ ਪਾਸੇ ਸਫੈਦ ਰੰਗ ਦੀ ਭਰਮਾਰ ਸੀ। ਇੰਜ ਨਿੱਕਾ ਹੁੰਦਾ ਮੈਂ ਚਿੱਟੇ ਕੱਪੜੇ ਵਾਲੀਆਂ ਮਕਾਣ ਵਾਲੀਆਂ ਔਰਤਾਂ ਦੀ ਟੋਲੀ ਨੂੰ ਦੇਖ ਕੇ ਡਰਦਾ ਹੁੰਦਾ ਸੀ। ਚਾਹ-ਪਾਣੀ ਵਾਲੇ ਹਾਲ ਦੇ ਬਾਹਰ ਸਵਰਗ ਧਾਮ ਦੇ ਦ੍ਰਿਸ਼ ਦੀ ਤਸਵੀਰ ਦੇਖੀ ਜਿਸ ਵਿਚ ਇਕ ਦੇਵਤੇ ਅਤੇ ਦੇਵੀ ਦੀ ਜੋੜੀ ਸੁੰਦਰ ਬਾਗ ਵਿਚ ਬਣੀ ਸੜਕ 'ਤੇ

Original with;
Jaswant Singh Zafar
Digitized by;
Panjab Digital Library

ਵਿਛੀ ਲਾਲ ਦਰੀ ਤੋਂ ਸ਼ਾਨ ਨਾਲ ਗੁਜ਼ਰ ਰਹੀ ਸੀ, ਜਿਵੇਂ ਆਪਣੇ ਵਿਆਹਾਂ ਦੀ ਰੀਸੈਪਸ਼ਨ 'ਤੇ ਲਾੜਾ ਲਾੜੀ ਤੁਰਦੇ ਹਨ। ਆਸ-ਪਾਸ ਦਾਸੀਆਂ ਪੁਸ਼ਪ ਵਰਖਾ ਕਰਦੀਆਂ ਜਾਂ ਹੱਥ ਜੋੜੀ ਖੜ੍ਹੀਆਂ ਸਨ, ਪਿੱਛੇ ਰਾਜਿਆਂ ਦੇ ਮਹੱਲ ਵਰਗੀ ਇਮਾਰਤ ਦਿਸਦੀ ਸੀ। ਮੈਂ ਸਮਝ ਗਿਆ ਕਿ ਪੂਰੇ ਜੀਅ-ਜਾਨ ਨਾਲ 4 ਦਿਨ ਦੀ ਚਰਚਾ ਸੁਣਨ ਅਤੇ ਗ੍ਰਹਿਣ ਕਰਨ ਨਾਲ ਅਜਿਹੇ ਸਵਰਗਧਾਮ ਦਾ ਦਾਖਲਾ ਪਾਸ ਮਿਲੇਗਾ। ਆਪਣੇ ਆਪ ਨੂੰ ਕਿਹਾ, "ਬੜੀ ਗ਼ਲਤ ਜਗ੍ਹਾ ਆ ਗਿਆਂ ਜਸਵੰਤ ਸਿਆਂ, ਏਨੇ ਦਿਨਾਂ ਦੇ ਖਰਚੇ ਨਾਲ ਮਹਿੰਗਾ ਸੌਦਾ ਕਰ ਲਿਆ ਹੈ।" ਫਿਰ ਸੋਚਿਆ, "ਕੋਈ ਗੱਲ ਨਹੀਂ, ਆਪਾਂ ਆਖਰ ਬਾਬੇ ਨਾਨਕ ਦੇ ਕੁਛ ਨਾ ਕੁਛ ਲਗਦੇ ਹਾਂ, ਆਪਣੀਆਂ ਗੱਲਾਂ ਕਾਨਫਰੰਸ ਦੌਰਾਨ ਸੰਵਾਦ ਰੂਪ 'ਚ ਸਾਂਝੀਆਂ ਕਰਾਂਗੇ। ਬਾਬਾ ਜੀ ਵੀ ਤਾਂ ਇਸੇ ਆਬੂ ਪਰਬਤ ਵਿਖੇ ਸਥਿਤ ਜੈਨੀਆਂ ਦੇ ਵੱਡੇ ਕੇਂਦਰ ਵਿਖੇ ਉਹਨਾਂ ਨਾਲ ਬਚਨ ਬਿਲਾਸ ਕਰਨ ਆਏ ਹੀ ਸਨ।"

ਸ਼ਾਮ ਨੂੰ ਉਦਘਾਟਨੀ ਸੈਸ਼ਨ ਸ਼ੁਰੂ ਹੋਇਆ। 20 ਹਜ਼ਾਰ ਦਰਸ਼ਕਾਂ ਦੀ ਸਮਰੱਥਾ ਵਾਲੇ ਥਮਲਾ-ਰਹਿਤ ਡਾਇਮੰਡ ਹਾਲ ਦੀ ਸਟੇਜ 'ਤੇ ਵੱਡੇ-ਵੱਡੇ ਬ੍ਰਹਮਕੁਮਾਰ ਅਤੇ ਬ੍ਰਹਮਕੁਮਾਰੀਆਂ ਬੜੇ ਹੀ ਠਾਠ ਨਾਲ ਸਜੇ ਹੋਏ ਸਨ। ਸਭ ਦੇ ਗਲ਼ਾਂ 'ਚ ਸੁਨਹਿਰੀ ਚਮਕੀਲੇ ਹਾਰ ਪਾਏ ਹੋਏ ਸਨ। ਸਾਹਮਣੇ ਪਹਿਲੀਆਂ ਕਤਾਰਾਂ 'ਚ ਦਰਮਿਆਨੇ ਜਾਂ ਛੋਟੇ ਕੁਮਾਰ ਕੁਮਾਰੀਆਂ ਸਨ। ਪਿੱਛੇ ਇੰਜਨੀਅਰਿੰਗ ਅਤੇ ਸਾਇੰਸ ਨਾਲ ਮੱਥਾ ਮਾਰਨ ਵਾਲੇ ਮੇਰੇ ਨਾਲ ਦੇ ਦੋ ਹਜ਼ਾਰ ਕਲਯੁਗੀ ਜੀਵ ਬੈਠੇ ਸਨ, ਜਿੰਨ੍ਹਾਂ ਨੂੰ ਸਰੀਰਾਂ ਤੋਂ ਆਤਮਾਵਾਂ ਬਣਾਇਆ ਜਾਣਾ ਸੀ। ਉੱਪਰ ਸਜਿਆਂ ਨੇ ਆਪਣੀ ਅਤੇ ਆਪਣੇ ਸੰਸਥਾਨ ਦੀ ਦਿਲ ਖੋਲ੍ਹ ਕੇ ਮਹਿਮਾ ਕੀਤੀ ਅਤੇ ਕਰਾਈ। 5-7 ਮਿੰਟ ਬੋਲਣ ਵਾਲੇ ਹਰ ਬੁਲਾਰੇ ਦੀ ਕਈ-ਕਈ ਸਫਿਆਂ 'ਤੇ ਛਪੀ ਜਾਣ-ਪਛਾਣ ਪੜ੍ਹੀ ਜਾਂਦੀ। ਨਵੇਂ ਲੋਕਾਂ 'ਚੋਂ ਬਹੁਤਿਆਂ ਨੂੰ ਹੀਣ-ਭਾਵ ਨੇ ਜਕੜਿਆ ਹੋਵੇਗਾ। ਪਰ ਮੈਨੂੰ ਬੜੀ ਕਚਿਆਣ ਜਹੀ ਆਈ। 75 ਸਾਲਾ 'ਸ਼ਾਨਾਮੱਤਾ' ਪਿਛੋਕੜ ਦੱਸਣ ਦੇ ਅੰਦਾਜ਼ ਤੋਂ ਇਹੀ ਸੰਦੇਸ਼ ਮਿਲਿਆ ਕਿ ਭਾਗ ਲੈਣ ਵਾਲਿਆਂ ਨੇ ਏਥੇ ਸਿਰਫ਼ ਬ੍ਰਹਮ ਵਿਚਾਰ ਸੁਣਨੀ ਤੇ ਮੰਨਣੀ ਹੈ, ਕੋਈ ਮੇਰੇ ਵਰਗਾ ਆਪਣਾ ਕਮਲ ਨਹੀਂ ਕੁੱਟ ਸਕਦਾ. ਅਗਲਿਆਂ ਦੇ 75 ਸਾਲ ਪੁਰਾਣੇ ਸਿਧਾਂਤਕ ਤਖਤ ਨਾਲ ਕੋਈ ਛੇੜ-ਛਾੜ ਨਹੀਂ ਕਰ ਸਕਦਾ। ਉਦਘਾਟਨੀ ਸਮਾਰੋਹ ਵਿਚ ਹੋਈ ਵਿਚਾਰ ਚਰਚਾ ਦੇ ਪੱਧਰ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੰਚ ਸੰਚਾਲਕ ਨੇ ਇੰਦਰਾ ਗਾਂਧੀ ਅਤੇ ਗਿਆਨੀ ਜ਼ੈਲ ਸਿੰਘ ਦੇ ਹਵਾਲੇ ਨਾਲ ਬਣਿਆਂ ਲਤੀਫਾ ਵੀ ਸੁਣਾਇਆ ਜੋ ਅਸੀਂ ਸਕੂਲੇ ਪੜ੍ਹਨ ਵੇਲੇ ਸੁਣਦੇ ਹੁੰਦੇ ਸਾਂ। ਫਰਕ ਸਿਰਫ਼ ਏਨਾ ਸੀ ਕਿ ਇੰਦਰਾ ਗਾਂਧੀ ਲਈ ਸ਼ਬਦ 'ਮੈਡਮ' ਅਤੇ ਜ਼ੈਲ ਸਿੰਘ ਲਈ ਸ਼ਬਦ 'ਸਰਦਾਰ' ਵਰਤਿਆ ਗਿਆ ਜੋ

Original with
Jaswant Singh Zafar
Digitized by;
Panjab Digital Library

ਅਸੀਂ ਨਹੀਂ ਸੀ ਵਰਤਦੇ। ਮੈਨੂੰ ਸਰਦਾਰਾਂ 'ਤੇ ਲਤੀਫੇ ਸੁਣ ਕੇ ਕਦੀ ਗੁੱਸਾ ਨਹੀਂ ਆਉਂਦਾ, ਪਰ ਅੱਜ ਗਿਆਨੀ ਜੀ 'ਤੇ ਬੜਾ ਤਰਸ ਆਇਆ।

ਹਾਲ ਅੰਦਰ ਇਕ ਪਾਸੇ ਦੀ ਕੰਧ 'ਤੇ ਵੱਡੇ ਬੈਨਰ 'ਤੇ ਲਿਖਿਆ ਸੀ,"ਸੰਪੂਰਨ ਬ੍ਰਹਮਚਾਰ ਹੀ ਸੰਪੂਰਨ ਅਹਿੰਸਾ ਹੈ।" ਇਸ ਨੂੰ ਪੜ੍ਹ ਕੇ ਆਚਾਰੀਆ ਰਜਨੀਸ਼ ਦੀ ਇਕ ਉਕਤੀ ਯਾਦ ਆ ਗਈ ਕਿ ਬ੍ਰਹਮਚਾਰੀ ਅਤੇ ਬਲਾਤਕਾਰੀ 'ਚ ਕੋਈ ਖਾਸ ਫਰਕ ਨਹੀਂ ਹੁੰਦਾ। ਬਲਾਤਕਾਰੀ ਦੂਸਰੇ ਨਾਲ ਧੱਕਾ ਅਤੇ ਜਬਰਦਸਤੀ ਕਰਦਾ ਹੈ ਅਤੇ ਬ੍ਰਹਮਚਾਰੀ ਆਪਣੇ ਆਪ ਨਾਲ। ਧੱਕਾ ਅਤੇ ਜਬਰਦਸਤੀ ਕਰਨ ਨੂੰ ਅਹਿੰਸਾ ਨਹੀਂ ਹਿੰਸਾ ਕਹੀਦਾ ਹੈ। ਆਪਣੇ ਬਾਬਿਆਂ ਨੇ ਸਹਿਜ ਮਾਰਗ, ਪ੍ਰੇਮ ਮਾਰਗ ਅਤੇ ਗ੍ਰਹਿਸਤ ਮਾਰਗ ਨੂੰ ਪ੍ਰਵਾਨਗੀ ਦੇ ਕੇ ਸਾਡੇ ਜੀਵਨ ਕਿੰਨੇ ਸੁਖਦ ਅਤੇ ਸੁਖਾਲੇ ਰੱਖਣ ਦਾ ਯਤਨ ਕੀਤਾ ਹੈ। ਜੇ ਗੁਰੂ ਸਾਹਿਬ ਕਾਮ 'ਤੇ ਕਾਬੂ ਦੀ ਗੱਲ ਕਰਦੇ ਹਨ ਤਾਂ ਉਸਦਾ ਭਾਵ ਹੈ ਕਿ ਇਸ ਦੀ ਪੂਰਤੀ ਲਈ ਕਿਸੇ ਨਾਲ ਜਬਰ ਨਹੀਂ ਕਰਨਾ, ਆਪਣੀ ਵਾਸਨਾ ਪੂਰਤੀ ਲਈ ਕਿਸੇ ਦੇ ਸਰੀਰ 'ਤੇ ਨਜ਼ਾਇਜ਼ ਕਬਜ਼ਾ ਨਹੀਂ ਕਰਨਾ। ਪਰ ਕਾਮ ਨੂੰ ਉਸ ਹੱਦ ਤੱਕ ਫਨਾਹ ਨਹੀਂ ਕਰਨਾ ਕਿ ਮਨੁੱਖੀ ਨਸਲ ਹੀ ਖਤਮ ਹੋ ਜਾਵੇ। ਕਾਮ ਪੂਰਤੀ ਨਾਲ ਪ੍ਰੇਮ ਨਹੀਂ ਹੋਣਾ ਚਾਹੀਦਾ ਸਗੋਂ ਪ੍ਰੇਮ ਨਾਲ ਕਾਮ ਪੂਰਤੀ ਹੋਣੀ ਚਾਹੀਦੀ ਹੈ। ਕ੍ਰੋਧ ਤੋਂ ਵੀ ਇਸੇ ਲਈ ਵਰਜਿਆ ਹੈ ਕਿ ਦੂਸਰਿਆਂ ਨੂੰ ਆਪਣੇ ਸੁਆਰਥ ਜਾਂ ਹੰਕਾਰ ਕਾਰਨ ਦੁੱਖ ਨਹੀਂ ਦੇਣਾ। ਨਾ ਹੀ ਆਪਣੇ ਲੋਭ ਦੀ ਪੂਰਤੀ ਲਈ ਦੂਸਰਿਆਂ ਦੇ ਅਧਿਕਾਰਾਂ ਦਾ ਹਨਨ ਕਰਨਾ ਹੈ, ਕਿਸੇ ਦਾ ਹੱਕ ਨਹੀਂ ਮਾਰਨਾ। ਸਾਰੀਆਂ ਵਾਸਨਾਵਾਂ ਨੂੰ ਉਸ ਹੱਦ ਤੱਕ ਹੀ ਮਾਨਣਾ ਹੈ ਕਿ ਸਰਬੱਤ ਦੇ ਭਲੇ ਅਤੇ ਬਰਾਬਰੀ ਦੇ ਸਿਧਾਂਤ ਦੀ ਉਲੰਘਣਾ ਨਾ ਹੋਵੇ। ਇਹ ਸਭ ਸੋਚਦਿਆਂ ਪਹਿਲੀ ਵਾਰ ਮੈਨੂੰ ਸਿੱਖ ਪਰਿਵਾਰ 'ਚ ਪੈਦਾ ਹੋਏ ਹੋਣ ਦੀ ਏਨੀ ਖੁਸ਼ੀ ਹੋਈ। ਅਜਿਹੀ ਪੈਦਾਇਸ਼ ਕਰਕੇ ਮੈਨੂੰ ਬਾਰ੍ਹਵੀਂ ਤੋਂ ਸਤਾਰਵੀਂ ਸਦੀ ਤੱਕ ਰਚੇ ਗਏ ਉਸ ਮਹਾਨ ਸੁਖਨ ਨੂੰ ਜਾਨਣ ਸਮਝਣ ਦਾ ਮੌਕਾ ਮਿਲਿਆ ਜਿਸ ਨੇ ਅਜਿਹੀ ਸਿਧਾਂਤਕਾਰੀ ਜਗਤ ਸਾਹਮਣੇ ਪ੍ਰਸਤੁਤ ਕੀਤੀ। ਧਰਮ ਦੀ ਸੱਤਾ ਤੋਂ ਬਾਹਰ ਵਿਚਰਦੇ ਆਮ ਬੰਦੇ ਨੂੰ ਮਾਨਤਾ ਅਤੇ ਸਵੈਮਾਨ ਬਖਸ਼ਿਆ। ਪਰ ਇਸ ਉਦਘਾਟਨੀ ਸੈਸ਼ਨ ਵਿਚ ਬੈਠਿਆਂ ਮੈਂ ਏਨਾ ਔਖਾ ਅਤੇ ਬੇਅਰਾਮ ਹੋਇਆ ਜਿਵੇਂ ਬਹੁਤ ਉਚੀ ਆਵਾਜ਼ ਵਿਚ ਡੀ.ਜੇ. ਜਾਂ ਗਾਉਣ ਵਾਲਾ ਲੱਗੇ ਤੇ ਕਿਸੇ ਮੈਰੇਜ ਪੈਲੇਸ ਦੇ ਹਾਲ 'ਚ ਹੁੰਦਾ ਹਾਂ। ਅਜਿਹੀ ਥਾਂ 'ਤੇ ਆਪਣੀ ਖੁਸ਼ੀ ਅਤੇ ਮਰਜੀ ਦੇ ਖਿਲਾਫ 1-2 ਘੰਟੇ ਕੱਟਣੇ ਪੈ ਜਾਣ ਤਾਂ ਬਿਮਾਰ ਹੋਣਾ ਨਿਸਚਤ ਹੀ ਹੁੰਦਾ ਹੈ। ਇਥੇ ਵੀ ਓਹੀ ਗੱਲ ਹੋਈ, ਰਾਤ ਨੂੰ ਤੇਜ਼ ਬੁਖਾਰ ਤੇ ਹੋਰ ਕਈ ਤਕਲੀਫਾਂ ਸ਼ੁਰੂ ਹੋ ਗਈਆਂ। ਸਵੇਰੇ 6 ਵਜੇ ਸ਼ੁਰੂ ਹੋਣ ਵਾਲੇ ਸੈਸ਼ਨ 'ਚ ਜਾਣ ਦੀ ਬਜਾਏ ਡਿਸਪੈਂਸਰੀ ਗਿਆ। ਐਮਰਜੈਂਸੀ ਡਿਊਟੀ ਵਾਲੀ

*Original with;*
Jaswant Singh Zafar
*Digitized by;*
Panjab Digital Library

ਡਾਕਟਰ ਭੈਣ ਨੇ ਬੜੇ ਪਿਆਰ ਨਾਲ ਟੀਕਾ ਲਾਇਆ ਤੇ ਦਵਾਈ ਦਿੱਤੀ, ਕੋਈ ਪੈਸਾ ਨਹੀਂ ਲਿਆ।

ਮੇਰੇ 'ਚ ਉਹਨਾਂ ਦੇ ਪ੍ਰੋਗਰਾਮ ਨੂੰ ਅਟੈਂਡ ਕਰਨ ਜਾਂ ਕੋਈ ਵਾਦ ਸੰਵਾਦ ਕਰਨ ਦੀ ਸੱਤਿਆ ਨਹੀਂ ਸੀ ਬਚੀ। ਸੋਚਿਆ ਕਿ ਮਨਾ ਜਿਸ ਦੁਕਾਨ ਤੋਂ ਸੌਦਾ ਨਹੀਂ ਲੈਣਾ ਤਾਂ 4 ਦਿਨ ਉਸ ਦੇ ਥੜ੍ਹੇ 'ਤੇ ਕਿਉਂ ਬੈਠੇ ਰਹਿਣਾ, ਤੈਨੂੰ ਮੁਫਤ ਦੀ ਰਹਾਇਸ਼ ਵਿਚ ਰਹਿ ਕੇ ਮੰਜੀ ਤੋੜਨ ਅਤੇ ਮੁਫਤ ਦੇ ਪ੍ਰਸ਼ਾਦੇ ਪਾੜਨ ਦਾ ਕੋਈ ਹੱਕ ਨਹੀਂ। ਚੱਲ ਜੀਆ ਘਰ ਆਪਣੇ ਚੱਲੀਏ। 11 ਤਰੀਕ ਦੀ ਵਾਪਸੀ ਵਾਲੀ ਟਿਕਟ ਰੱਦ ਕਰਾਈ, ਜਲਦੀ ਤੋਂ ਜਲਦੀ ਅਗਲੇ ਦਿਨ 9 ਤਰੀਕ ਦੀ ਬੁਕਿੰਗ ਹੋ ਸਕੀ। ਸੋਚਿਆ ਕਿ ਜਦ ਤਬੀਅਤ ਠੀਕ ਹੋਈ ਤਾਂ ਇਸ 24 ਘੰਟੇ ਦੇ ਸਮੇਂ ਦੌਰਾਨ ਆਸ-ਪਾਸ ਘੁੰਮ ਫਿਰ ਲਵਾਂਗਾ, ਕੁਛ ਮੂਰਤਾਂ ਲਾਹ ਲਵਾਂਗਾ, ਪਰ ਲਗਾਤਾਰ ਬਾਰਸ਼ ਦੇ ਮੌਸਮ ਕਰਕੇ ਉਹ ਵੀ ਬਹੁਤਾ ਸੰਭਵ ਨਾ ਹੋ ਸਕਿਆ।

ਇਥੋਂ ਦੀਆਂ ਕਈ ਗੱਲਾਂ ਬੜੀਆਂ ਵਧੀਆ ਲੱਗੀਆਂ। ਲੰਗਰ ਅਤੇ ਚਾਹ ਪਾਣੀ ਦਾ ਪ੍ਰਬੰਧ, ਸਲੀਕਾ ਅਤੇ ਸਵੱਛਤਾ ਬਹੁਤ ਕਮਾਲ ਦੀ ਹੈ। ਕਮਰਿਆਂ ਦੇ ਅੰਦਰਲੀ ਹਾਲਤ, ਸਾਂਭ ਸੰਭਾਲ, ਬਿਸਤਰਾਂ ਦੀ ਤਾਜ਼ਗੀ, ਗੁਸਲਖਾਨਿਆਂ ਦੀ ਹਾਲਤ ਆਹਲਾ ਦਰਜੇ ਦੀ ਹੈ। ਕੰਪਲੈਕਸ ਦੇ ਅੰਦਰ ਬੱਸ-ਸੇਵਾ ਬਹੁਤ ਵਧੀਆ ਹੈ। ਖਾਣਾ ਪਕਾਉਣ ਅਤੇ ਸਾਰੇ ਕਮਰਿਆਂ ਵਿਚ ਨਹਾਉਣ ਲਈ ਗਰਮ ਪਾਣੀ ਬਹੁਤ ਵੱਡੇ ਸੋਲਰ ਪਲਾਂਟ ਤੋਂ ਸਪਲਾਈ ਹੁੰਦਾ ਹੈ। ਫਰਸ਼ਾਂ, ਸ਼ੀਸ਼ਿਆਂ, ਫਰਨੀਚਰ, ਬਰਤਣਾਂ ਆਦਿ ਦੀ ਸਫਾਈ ਦਾ ਕੰਮ ਸਥਾਨਕ ਰਾਜਸਥਾਨੀ ਮਜ਼ਦੂਰ ਔਰਤਾਂ ਬਹੁਤ ਦਿਲ ਲਾ ਕੇ ਕਰਦੀਆਂ ਹਨ, ਉਹ ਆਪਣੇ ਗੂੜੇ ਰੰਗਾਂ ਵਾਲੇ ਰਵਾਇਤੀ ਲਿਬਾਸ ਵਿਚ ਸੋਹਣੀਆਂ ਵੀ ਬਹੁਤ ਲਗਦੀਆਂ ਹਨ।

ਬ੍ਰਹਮਕੁਮਾਰੀ ਹੈੱਡ ਕੁਆਰਟਰਜ਼ ਅਤੇ ਇਸ ਦੇ ਵੱਖ-ਵੱਖ ਦੇਸ਼ਾਂ ਅੰਦਰਲੇ ਕੇਂਦਰਾਂ ਨੇ ਆਪਣੇ ਵੱਖ-ਵੱਖ ਵਿੰਗਾਂ ਨੂੰ ਗੈਰ ਸਰਕਾਰੀ ਸੰਸਥਾਵਾਂ ਦੇ ਤੌਰ 'ਤੇ ਰਾਜ ਸਰਕਾਰਾਂ, ਰਾਸ਼ਟਰੀ ਸਰਕਾਰਾਂ ਅਤੇ ਯੂ. ਐਨ. ਓ. ਵਰਗੇ ਅਨੇਕ ਅਦਾਰਿਆਂ ਕੋਲ ਰਜਿਸਟਰ ਕੀਤਾ ਹੈ। ਬਹੁਤ ਸਾਰੇ ਪ੍ਰੋਫੈਸ਼ਨਲਜ਼ ਨੂੰ ਨਾਲ ਜੋੜਿਆ ਹੋਇਆ ਹੈ ਜੋ ਵਾਤਾਵਰਨ ਚੇਤਨਾ, ਕਾਰਬਨ ਕੰਟਰੋਲ, ਸੰਸਾਰ ਅਮਨ ਮਿਸ਼ਨ ਜੈਸੇ ਪ੍ਰਾਜੈਕਟ ਬਣਾ ਕੇ ਇਹਨਾਂ ਕੰਮਾਂ ਵਾਸਤੇ ਸਭ ਪਾਸੇ ਤੋਂ ਭਰਪੂਰ ਫੰਡ ਖਿੱਚਦੇ ਹਨ। ਜਿਸ ਦੇ ਸਿਰੋਂ ਮੁਫਤ ਲੰਗਰ, ਰਿਹਾਇਸ਼, ਆਵਾਜਾਈ ਆਦਿ ਦਾ ਪ੍ਰਬੰਧ ਲੋਕਾਂ ਨੂੰ ਖੂਬ ਆਕਰਸ਼ਿਤ ਕਰਦਾ ਹੈ। ਸਾਡੇ ਸਿੰਘਾਂ ਨੂੰ ਵੀ ਗੁਰੂ ਕੀ ਗੋਲਕ 'ਤੇ ਕਬਜ਼ੇ ਲਈ ਪੱਗੋ-ਪੱਗੀ ਅਤੇ ਜੁੱਤੀਓ-ਜੁੱਤੀ ਹੋਣ ਦੀ ਬਜਾਏ ਸਰਕਾਰਾਂ ਅਤੇ ਅੰਤਰ-ਰਾਸ਼ਟਰੀ ਅਦਾਰਿਆਂ ਦੇ ਮੋਟੇ ਫੰਡਾਂ ਨਾਲ ਹਰ ਮੁਲਕ 'ਚ ਗੈਰ ਸਰਕਾਰੀ ਸੰਸਥਾਵਾਂ ਖੜ੍ਹੀਆਂ ਕਰਕੇ ਸਰਬੱਤ ਦੇ ਭਲੇ ਵਾਲੇ ਪ੍ਰਾਜੈਕਟ

Original with:
Jaswant Singh Zafar
Digitized by;
Panjab Digital Library

ਸੰਚਾਲਤ ਕਰਨੇ ਚਾਹੀਦੇ ਹਨ। ਇਸ ਵਾਸਤੇ ਉਤਸ਼ਾਹੀ ਨੌਜਵਾਨ ਗੱਭਰੂਆਂ ਤੇ ਮੁਟਿਆਰਾਂ ਨੂੰ ਅੱਗੇ ਆ ਕੇ ਸਿੱਖੀ ਦੇ ਲਿਹਾਜ਼ ਨਾਲ ਅਪ੍ਰਸੰਗਕ ਹੋ ਚੁੱਕੀ ਲੀਡਰਸ਼ਿਪ ਨੂੰ ਰਸਤਾ ਦਿਖਾਉਣਾ ਚਾਹੀਦਾ ਹੈ। ਇਸ ਤਰ੍ਹਾਂ ਸਿੱਖ ਆਪਣੇ ਨਿਆਰੇ ਹੋਣ ਦਾ ਸਹੀ ਅਰਥਾਂ ਵਿਚ ਚਾਅ ਵੀ ਪੂਰਾ ਕਰ ਸਕਦੇ ਹਨ। ਅੰਤਰ-ਰਾਸ਼ਟਰੀ ਪੱਧਰ 'ਤੇ ਪਹਿਰਾਵੇ ਅਤੇ ਦਿਖਾਵੇ ਵਾਲਾ ਨਿਆਰਾਪਨ ਤਾਂ ਅਮਰੀਕਾ ਅੰਦਰ ਵਾਪਰੀ 9-11 ਦੀ ਘਟਨਾ ਤੋਂ ਬਾਅਦ ਕਾਫੀ ਤਹਿਸ-ਨਹਿਸ ਹੋ ਗਿਆ ਹੈ। ਇਸ ਤਰ੍ਹਾਂ ਦੀਆਂ ਸੋਚਾਂ ਸੋਚਦਾ ਮੈਂ 9 ਸਤੰਬਰ ਨੂੰ ਗੱਡੀ ਚੜ੍ਹਕੇ 10 ਸਤੰਬਰ ਨੂੰ ਵਾਪਿਸ ਛੱਜੂ ਦੇ ਚੁਬਾਰੇ ਆ ਡਿਗਿਆ।

•

*Original with;*
Jaswant Singh Zafar
*Digitized by;*
Panjab Digital Library

# ਬਾਰੀ ਕੋਲ ਬੈਠਿਆਂ

"ਬਾਰੀ ਕੋਲ ਬੈਠਿਆਂ" ਜਗਜੀਤ ਸੰਧੂ ਦੀ ਕਾਵਿ-ਕਿਤਾਬ ਦਾ ਨਾਂ ਹੈ। ਉਸ ਨੂੰ ਮੈਂ ਪਹਿਲੀ ਵਾਰ 1993-94 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਡਾ. ਸੁਰਜੀਤ ਪਾਤਰ ਅਤੇ ਸ. ਅਮਰਜੀਤ ਸਿੰਘ ਗਰੇਵਾਲ ਦੀ ਅਗਵਾਈ 'ਚ ਆਯੋਜਤ ਹੋਏ ਪਹਿਲੇ 'ਨਵ-ਕਵਿਤਾ ਉਤਸਵ' ਸਮੇਂ ਦੇਖਿਆ ਸੀ। ਉਹ ਇਸ ਉਤਸਵ ਦੇ ਪ੍ਰਬੰਧਕ ਵਿਦਿਆਰਥੀਆਂ 'ਚੋਂ ਇਕ ਸੀ। ਉਸ ਦੇ ਉਤਸ਼ਾਹ ਤੋਂ ਉਸ ਦੀ ਕਵਿਤਾ ਪ੍ਰਤੀ ਦਿਲਚਸਪੀ ਅਤੇ ਲਗਾਓ ਦਾ ਪਤਾ ਲੱਗਦਾ ਸੀ। ਇਸ ਤੋਂ 18 ਸਾਲ ਬਾਅਦ ਉਸ ਦੀ ਇਹ ਕਿਤਾਬ ਸਾਹਮਣੇ ਆਈ। ਕਿਤਾਬ ਦੀ ਪਹਿਲੀ ਕਵਿਤਾ ਦੀ ਪੜ੍ਹਤ ਨੇ ਹੀ ਮੇਰੇ ਮਨ ਨੂੰ ਜਕੜ ਕੇ ਫੜ੍ਹ ਲਿਆ। ਪੂਰੀ ਪੜ੍ਹਤ ਨੇ ਦੱਸਿਆ ਕਿ ਇਹ ਪੁਸਤਕ ਸਚਮੁਚ ਬੜੀ ਪੱਕੇ ਪੈਰੀਂ ਸਾਹਮਣੇ ਆਈ ਹੈ, ਕਿਸੇ ਛਪਣ ਦੀ ਕਾਹਲ ਜਾਂ ਲਾਲ਼ਸਾ ਵਿਚੋਂ ਪੈਦਾ ਨਹੀਂ ਹੋਈ। ਜਿਸ ਕਰਕੇ ਉਸਦਾ ਆਪਣੀ ਰਚਨਾ ਬਾਰੇ ਇਹ ਕਥਨ ਕੋਈ ਸ਼ੇਖੀ ਨਹੀਂ ਲੱਗਦਾ, ਸਗੋਂ ਬਿਲਕੁਲ ਸੱਚਾ ਜਾਪਦਾ ਹੈ:

*ਜ਼ਿੰਦਗੀ ਦੀ ਪੀੜ ਪੜ੍ਹ ਕੇ ਬੋਲਦਾ ਹਾਂ।*
*ਮੈਂ ਰਤਾ ਮਹਿਸੂਸ ਕਰ ਕੇ ਬੋਲਦਾ ਹਾਂ।*

ਗਹਿਰੇ ਅਨੁਭਵ ਅਤੇ ਸ਼ਿੱਦਤ 'ਚੋਂ ਪ੍ਰਗਟ ਹੋਈ ਉਸ ਦੀ ਰਚਨਾ ਦੀ ਤਾਜ਼ਗੀ ਰੂਹਾਂ ਨੂੰ ਤ੍ਰਿਪਤਾਉਣ ਵਾਲੀ ਹੈ। ਉਹ ਪਹਿਲਾਂ ਕਹੀਆਂ ਗਈਆਂ ਗੱਲਾਂ ਦੀ ਪੁਨਰ ਪੇਸ਼ਕਾਰੀ ਸਮੇਂ ਵੀ ਸੱਜਰੇਪਨ ਦਾ ਅਹਿਸਾਸ ਕਰਾਉਂਦਾ ਹੈ। ਮਿਸਾਲ ਦੇ ਤੌਰ 'ਤੇ "ਪਵਨ ਗੁਰੂ ਪਾਣੀ ਪਿਤਾ" ਵਾਲੀ ਗੱਲ ਦੀ ਵੇਖੋ ਕਿਸ ਖੂਬਸੂਰਤੀ ਨਾਲ ਪੁਨਰ-ਪੇਸ਼ਕਾਰੀ ਹੋਈ ਹੈ:

*ਵਣ ਤ੍ਰਿਣ ਸੁਣਦੇ ਨੈਂਅ ਸੁਣਦੀ ਹੈ*
*ਮੈਂ ਜੇ ਬੋਲਾਂ ਮੈਂ ਸੁਣਦੀ ਹੈ*
*ਜਲ ਤੋਂ ਪਿਤਰਾਂ ਦੀ ਜਗਿਆਸਾ*
*ਪੌਣਾਂ 'ਚੋਂ ਗੁਰਿਆਈ ਬੋਲੇ*

*Original with;*
Jaswant Singh Zafar
*Digitized by;*
Panjab Digital Library

*ਮੈਂ ਨਾ ਬੋਲਾਂ*
*ਕੁਦਰਤ ਦੀ ਵਡਿਆਈ ਬੋਲੇ*
*ਮੈਂ ਨਾ ਬੋਲਾਂ*

ਉਸ ਦੀ ਰਚਨਾ ਦੀ ਤਾਸੀਰ ਪ੍ਰਾਰਥਨਾ ਵਾਲੀ ਹੈ। ਪਰ ਪ੍ਰਾਰਥਨਾ ਵਿਚ ਉਹ ਕੁਝ ਆਪਣੇ 'ਲਈ' ਨਹੀਂ ਮੰਗਦਾ ਸਗੋਂ ਆਪਣਾ ਚੰਗਾ 'ਹੋਣਾ' ਮੰਗਦਾ ਹੈ। ਅਜਿਹਾ ਚੰਗਾ ਹੋਣਾ, ਜਿਸ ਦਾ ਆਪਣੇ ਆਲ-ਦੁਆਲ ਨਾਲ, ਹੋਰਾਂ ਜੀਵਾਂ ਅਤੇ ਬਨਸਪਤੀ ਨਾਲ ਜਾਂ ਕਹਿ ਲਓ ਸਮੁੱਚੀ ਕੁਦਰਤ ਨਾਲ ਸਬੰਧ ਮੁਹੱਬਤ ਭਰਿਆ ਅਤੇ ਸਹਿਜ ਵਾਲਾ ਹੋਵੇ। ਅਜਿਹੀ ਸਵੱਲੀ ਪਹੁੰਚ ਕਰਕੇ ਉਹ ਬੁਰੀਆਂ ਸਮਝੀਆਂ ਜਾਂਦੀਆਂ ਗੱਲਾਂ, ਸਥਿਤੀਆਂ ਅਤੇ ਵਰਤਾਰਿਆਂ 'ਚੋਂ ਵੀ ਚੰਗੇਰੀਆਂ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰ ਲੈਂਦਾ ਹੈ, ਸੁਹਾਵਨਾ ਅਹਿਸਾਸ ਪੈਦਾ ਕਰ ਲੈਂਦਾ ਹੈ। ਮਿਸਾਲ ਦੇ ਤੌਰ 'ਤੇ ਅਸੀਂ ਸਿਵਿਆਂ ਦੀ ਅਗਨ ਦੇ ਬਿੰਬ ਨੂੰ ਮੌਤ, ਪੀੜ, ਵਿਛੋੜੇ, ਤਬਾਹੀ ਅਦਿ ਲ਼ਈ ਵਰਤਦੇ ਹਾਂ। ਸਾਡੀ ਪ੍ਰੰਪਰਕ ਸਮਝ ਆਵਾਗਮਨ ਨੂੰ ਆਤਮਾ ਲਈ ਡਰਾਉਣੀ ਸਜ਼ਾ ਮੰਨਦੀ ਹੈ। ਪਰ ਜਗਜੀਤ ਇਹਨਾਂ ਦੋਹਾਂ ਨੂੰ ਵੀ ਮੁਬਾਰਕ ਆਖਦਾ ਹੈ:

*ਸਿਵਿਆਂ ਦੇ ਵਿਚ ਲਟ ਲਟ ਬਲ਼ਦੀ ਅੰਤਮ ਅਗਨ ਮੁਬਾਰਕ ਹੋ*
*ਜੋਤਾਂ ਅੰਦਰ ਜੋਤ ਸਮਾਈ ਹਉਂ ਦਾ ਦਮਨ ਮੁਬਾਰਕ ਹੋ*

*ਉਂਵ ਤੇ ਮੈਂ ਅਰਦਾਸ ਦਾ ਹਾਮੀ ਰੂਹਾਂ ਦੇ ਨਿਰਵਾਣ ਲਈ*
*ਪਰ ਅਣਬੁਝੀਆਂ ਤੇਹਾਂ ਖ਼ਾਤਿਰ ਆਵਾਗਮਨ ਮੁਬਾਰਕ ਹੋ*

ਕਈ ਹੋਰ ਉਦਾਹਰਨਾਂ ਹਨ। ਨਿੱਕੇ ਨਿੱਕੇ ਫਾਸਲੇ ਉਸ ਲਈ ਨਿਰਾਸ਼ਾ ਦੀ ਬਜਾਏ ਨੇੜਤਾ ਦਾ ਸਬੱਬ ਹਨ। ਦੁਚਿੱਤੀ ਨੂੰ ਮਨ ਲਈ ਨੁਕਸਾਨਦਾਇਕ ਮੰਨਿਆਂ ਜਾਂਦਾ ਹੈ, ਪਰ ਜਗਜੀਤ ਲਈ ਇਹ ਰੌਸ਼ਨੀ ਪੈਦਾ ਕਰਨ ਵਾਲੀ ਚੀਜ਼ ਹੈ। ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਉਹ ਬਹੁਤ ਸਾਰੇ ਸ਼ਬਦਾਂ ਤੋਂ ਸਦੀਆਂ ਵਿਚ ਚੜ੍ਹੀਆਂ ਨਾਕਾਰਾਤਮਿਕਤਾ ਦੀਆਂ ਪਰਤਾਂ ਉਤਾਰ ਕੇ ਅੰਦਰੋਂ ਸੁੰਦਰਤਾ ਦੀ ਲਿਸ਼ਕ ਦਿਖਾ ਦਿੰਦਾ ਹੈ। ਅਜਿਹੇ ਦਾਰਸ਼ਨਿਕ ਆਹਰ ਦੇ ਦੌਰਾਨ ਹੀ ਉਹ ਬਹੁਤ ਸੁੰਦਰ ਦ੍ਰਿਸ਼ਾਂ ਦੀ ਚਿਤਰਕਾਰੀ ਵੀ ਕਰ ਜਾਂਦਾ ਹੈ:

*ਆਸੇ ਪਾਸੇ ਸੁਬਕ ਜਿਹਾ ਕੁਝ ਹੁੰਦਾ ਹੈ*
*ਵੱਡੇ ਵੱਡੇ ਦਰਦ ਨਿਤਾਰੇ ਹੋ ਜਾਂਦੇ*
*ਧਰਤੀ ਤੋਂ ਜਦ ਹੰਸ ਤਿਲਕਦੈ ਪਾਣੀ 'ਤੇ*

*Original with;*
Jaswant Singh Zafar
*Digitized by;*
Panjab Digital Library

*ਪਾਣੀ ਦੇ ਚਾਅ ਵੇਖਣ ਵਾਲੇ ਹੋ ਜਾਂਦੇ*

*ਜੇ ਥੋੜੇ ਜਹੇ ਚਾਨਣ ਜੋਗਾ ਹੋਇਆ ਹਾਂ*
*ਕਿਸੇ ਸ਼ੋਖ ਜਹੀ ਦੋਚਿੱਤੀ ਦਾ ਸਦਕਾ ਹੈ*
*ਦੋ ਸੂਹੇ ਬੁੱਲ੍ਹ ਫੂਕ ਮਾਰਦੇ ਪਹਿਲਾਂ ਹੀ*
*ਦੋ ਗੋਰੇ ਹੱਥ ਲਾਟ ਦੁਆਲੇ ਹੋ ਜਾਂਦੇ*

ਕਵਿਤਾ ਵਿਚ ਸ਼ਬਦਾਂ ਦੀ ਫਜ਼ੂਲ ਖਰਚੀ ਜਾਂ ਫਜ਼ੂਲ ਭਰਤੀ ਨੂੰ ਪ੍ਰਵਾਨਗੀ ਨਹੀਂ ਹੈ। ਥੋੜ੍ਹੇ ਸ਼ਬਦਾਂ ਨੂੰ ਬਹੁਤ ਸਾਰੇ ਅਰਥਾਂ ਦਾ ਭਾਰ ਚੁਕਾਉਣਾ ਹੀ ਕਵਿਤਾ ਦਾ ਕਾਰਜ ਮੰਨਿਆਂ ਜਾਂਦਾ ਹੈ। ਜਗਜੀਤ ਦਾ ਸ਼ਬਦ-ਸੰਜਮ ਬਹੁਤ ਕਮਾਲ ਦਾ ਹੈ। ਕਈ ਥਾਈਂ ਉਹ ਲਗਾਂ ਮਾਤਰਾਂ ਤੋਂ ਹੀ ਪੂਰੇ ਸ਼ਬਦਾਂ ਦਾ ਕਾਰਜ ਕਰਾਉਂਦਾ ਹੈ। ਹੇਠ ਲਿਖੇ ਸ਼ਿਅਰਾਂ ਵਿਚੋਂ ਪਹਿਲੇ ਵਿਚ ਉਹ 'ਅੱਜ ਹੀ' ਦੀ ਥਾਂ ਤੇ 'ਅੱਜੇ' ਅਤੇ ਦੂਸਰੇ ਵਿਚ 'ਬਾਗ਼ੀਚਿਆਂ ਵਿਚ' ਦੀ ਥਾਂ ਤੇ 'ਬਾਗ਼ੀਚੀਂ' ਵਰਤ ਕੇ ਆਪਣੇ ਭਾਸ਼ਾਈ ਹੁਨਰ ਦਾ ਕਮਾਲ ਦਿਖਾਉਂਦਾ ਹੈ:

*ਜਦੋਂ ਲਿਖਦਾ ਹਾਂ ਸਫ਼ਿਆਂ 'ਚੋਂ ਇਹੋ ਆਵਾਜ਼ ਆਉਂਦੀ ਹੈ*
*ਕਲਮ ਅੱਜੇ ਖਰੀਦੀ ਪਰ ਪੁਰਾਣੇ ਸ਼ਬਦ ਪਾਉਂਦੀ ਹੈ*

*ਸ਼ਹਿਰ ਦੇ ਬਾਗ਼ੀਚੀਂ ਕਈ ਜੁਗਨੂੰਆਂ ਨੇ*
*ਹੈ ਜਗਮਗ ਲਕੋਈ ਮਜ਼ਾਰਾਂ ਦੇ ਆਖੇ*

ਉਸ ਦੀਆਂ ਪ੍ਰਗੀਤਿਕ ਰਚਨਾਵਾਂ ਦੀ ਸ਼ਬਦ ਜੜਤ ਤਾਲਬੱਧਤਾ ਦੀ ਅਜਿਹੀ ਕਲਾ ਦਾ ਅਹਿਸਾਸ ਕਰਾਉਂਦੀ ਹੈ ਕਿ ਪੜ੍ਹਨਹਾਰੇ ਦਾ ਮਨ ਮੱਲੋ-ਮੱਲੀ ਵਾਹ ਕਹਿੰਦਾ ਹੈ। ਅਜਿਹੀ ਸੰਗੀਤਕਤਾ ਦੇ ਬਾਵਜੂਦ ਉਹ ਆਪਣੀਆਂ ਗ਼ਜ਼ਲਾਂ ਵਰਗੀਆਂ ਰਚਨਾਵਾਂ ਨੂੰ ਗ਼ਜ਼ਲਾਂ ਕਹਿਣ ਤੋਂ ਗੁਰੇਜ਼ ਕਰਦਾ ਹੈ। ਇਹਨਾਂ ਨੂੰ ਵੀ ਉਹ ਆਪਣੇ ਗੀਤਾਂ ਅਤੇ ਨਜ਼ਮਾਂ ਵਾਂਗ ਸਿਰਲੇਖ ਦਿੰਦਾ ਹੈ। ਸ਼ਾਇਦ ਅਜਿਹਾ ਕਰਕੇ ਉਹ ਗ਼ਜ਼ਲਾਂ ਦੇ ਉਸਤਾਦਾਂ ਦੀ ਦਖ਼ਲ ਅੰਦਾਜ਼ੀ ਨੂੰ ਬੇਲੋੜੀ ਸਮਝ ਕੇ ਇਸ ਤੋਂ ਬਚਣਾ ਚਾਹੁੰਦਾ ਹੈ।

ਆਪਣੀਆਂ ਨਜ਼ਮਾਂ ਵਿਚ ਜਗਜੀਤ ਥਾਂ ਪੁਰ ਥਾਂ ਨਵੀਆਂ ਨਿਰੋਈਆਂ ਸਿਧਾਂਤਕ ਦ੍ਰਿਸ਼ਟੀਆਂ ਪੇਸ਼ ਕਰਦਾ ਹੈ। ਸਿਰਫ਼ ਇਕ ਉਦਾਹਰਨ ਸਾਂਝੀ ਕਰਾਂਗਾ। 'ਮੁਨਕਰ' ਨਾਂ ਦੀ ਕਵਿਤਾ ਵਿਚ ਉਹ ਵਰਤਮਾਨ ਸਮੇਂ ਅੰਦਰ 'ਸ਼ਹੀਦੀ' ਦੇ ਸੰਕਲਪ ਨੂੰ ਬੇਲੋੜਾ ਕਹਿ ਕੇ ਨਕਾਰਦਾ ਹੈ। ਪਹਿਲਿਆਂ ਸਮਿਆਂ ਵਿਚ ਸ਼ਾਇਦ ਦੁਸ਼ਮਣ ਪਰਤੱਖ 'ਤੇ ਸਪੱਸ਼ਟ ਦਿਸਦਾ ਸੀ, ਉਸ ਵਿਰੁੱਧ ਸੰਘਰਸ਼

Original with;
Jaswant Singh Zafar
Digitized by;
Panjab Digital Library

ਜਾਂ ਲੜਾਈ ਬੜੀ ਸਿੱਧੀ ਸੀ। ਸੰਘਰਸ਼ ਜਾਂ ਲੜਾਈ ਵਿਚ ਦੁਸ਼ਮਣ ਨੂੰ ਮਾਰ ਜਾਂ ਹਰਾ ਕੇ ਫਤਹਿ ਪਾਈ ਜਾਂਦੀ ਸੀ ਜਾਂ ਖੁਦ ਮਾਰੇ ਜਾਣ 'ਤੇ ਸ਼ਹੀਦੀ ਪਦਵੀ ਮਿਲਦੀ ਸੀ। ਸੰਘਰਸ਼/ਲੜਾਈ ਦੇ ਦੋਨਾਂ ਤਰ੍ਹਾਂ ਦੇ ਅੰਤਮ-ਨਤੀਜਿਆਂ ਭਾਵ ਫਤਹਿ ਜਾਂ ਸ਼ਹੀਦੀ ਨੂੰ ਵਡਿਆਇਆ ਜਾਂ ਗਲੋਰੀਫਾਈ ਕੀਤਾ ਜਾਂਦਾ ਰਿਹਾ ਹੈ। ਅਜਿਹਾ ਕਰਨਾ ਦੁਸ਼ਮਣ ਵਿਰੁੱਧ ਸੰਘਰਸ਼/ਲੜਾਈ ਨੂੰ ਜਾਰੀ ਰੱਖਣ ਲਈ ਜ਼ਰੂਰੀ ਸੀ। ਪਰ ਵਰਤਮਾਨ ਸਮੇਂ ਵਿਚ ਸਾਡੇ ਮਸਲੇ ਸ਼ਹੀਦੀਆਂ ਨਾਲ ਹੱਲ ਹੋਣ ਵਾਲੇ ਨਹੀਂ ਹਨ। ਲੜਾਈ ਬਹੁਤ ਲੁਕਵੀਂ, ਕੰਪਲੈਕਸ ਅਤੇ ਪੇਚੀਦਾ ਹੈ। ਦੁਸ਼ਮਣ ਸਾਹਮਣੇ ਸਪੱਸ਼ਟ ਨਜ਼ਰ ਨਹੀਂ ਆਉਂਦਾ, ਉਸ ਦੀ ਪਛਾਣ ਏਨੀ ਸੌਖੀ ਨਹੀਂ। ਇਥੋਂ ਤੱਕ ਕਿ ਸਾਡਾ ਦੁਸ਼ਮਣ ਨੰਬਰ ਇਕ ਤਾਂ ਸਾਡੇ ਅੰਦਰ ਬੈਠਾ ਹੁੰਦਾ ਹੈ। ਇਸ ਲਈ ਆਪਣੇ ਮਸਲਿਆਂ ਨੂੰ ਹੱਲ ਕਰਨ ਵਾਲਾ ਪਹਿਲਾ, ਸਭ ਤੋਂ ਵੱਡਾ ਅਤੇ ਨਿਰੰਤਰ ਸੰਘਰਸ਼ ਤਾਂ ਅਸੀਂ ਆਪਣੇ ਅੰਦਰਲੇ ਦੁਸ਼ਮਣ ਵਿਰੁੱਧ ਲੜਨਾ ਹੁੰਦਾ ਹੈ। ਇਸ ਲੜਾਈ ਦੇ ਹਥਿਆਰ ਵੀ ਨਵੀਂ ਤਰ੍ਹਾਂ ਦੇ ਹੋਣਗੇ। ਅਜਿਹੇ ਸੰਘਰਸ਼ ਵਿਚ ਸ਼ਹੀਦੀ ਲਈ ਉਕਾ ਕੋਈ ਥਾਂ ਨਹੀਂ ਬਚਦੀ।

ਅਸੀਂ ਆਪਣੀਆਂ ਲਾਲਸਾਵਾਂ, ਬੇਈਮਾਨੀਆਂ, ਕਮੀਨਗੀਆਂ, ਖ਼ੁਦਗਰਜ਼ੀਆਂ ਕਾਰਨ ਆਪਣੇ ਅਸਲ ਤੋਂ ਦੂਰ ਨਿਕਲ ਗਏ ਹਾਂ, ਕੁਦਰਤ ਤੇ ਕਾਇਨਾਤ ਨਾਲ ਸਬੰਧ ਵਿਗਾੜ ਰਹੇ ਹਾਂ। ਜਗਜੀਤ ਦੀ ਸ਼ਾਇਰੀ ਸਾਨੂੰ ਸਾਡੇ ਕੋਲ ਲੈ ਕੇ ਆਉਣ ਦਾ, ਸਾਨੂੰ ਸਾਡੇ ਨਾਲ ਮਿਲਾਉਣ ਦਾ, ਕੁਦਰਤ ਨਾਲ ਮਿਲਾਉਣ ਦਾ ਉੱਪਰਾਲਾ ਹੈ। ਅਜਿਹਾ ਕਹਿੰਦਿਆਂ ਮੈਨੂੰ ਆਪਣੀ ਇਕ ਨਿੱਕੀ ਕਵਿਤਾ 'ਯਾਤਰਾ' ਯਾਦ ਆਉਂਦੀ ਹੈ, ਜੋ ਸਾਂਝੀ ਕਰਕੇ ਆਪਣੀ ਗੱਲ ਸਮਾਪਤ ਕਰਦਾ ਹਾਂ:

*ਉਹ ਦੀਵਾਰ 'ਤੇ ਲਿਖ ਗਏ*
*ਤੇ ਦੀਵਾਰ ਨੇ ਕਿਹਾ-*
*ਦਿੱਲੀ ਚਲੋ*

*ਉਹ ਇਸ਼ਤਿਹਾਰ ਚਿਪਕਾ ਗਏ*
*ਤੇ ਇਸ਼ਤਿਹਾਰ ਨੇ ਕਿਹਾ-*
*ਮਥੁਰਾ ਚਲੋ*

*ਕਵਿਤਾ ਸ਼ਹਿਰ ਕੋਲ ਆਈ*
*ਤੇ ਸ਼ਾਇਰ ਨੇ ਕਿਹਾ-*
*ਆਪਣੇ ਆਪ ਕੋਲ ਆਓ*
*ਆਪਣੇ ਆਪ ਨੂੰ ਮਿਲੋ*

•

*Original with;*
Jaswant Singh Zafar
*Digitized by;*
Panjab Digital Library

# ਪਲ-ਛਿਣ ਦੇ ਹਾਇਕੂ

ਜਦੋਂ ਸਾਡਾ ਪੁੱਤਰ ਵਿਵੇਕ ਸਿੰਘ 3-4 ਸਾਲ ਦਾ ਸੀ ਤਾਂ ਗਰਮੀਆਂ ਵਿਚ ਉਸ ਨੂੰ ਰੋਜ਼ ਸ਼ਾਮ ਰੀਸੋ-ਰੀਸੀ ਗਮਲਿਆਂ ਵਿਚਲੇ ਬੂਟਿਆਂ ਨੂੰ ਮੱਘ ਨਾਲ ਪਾਣੀ ਪਾਉਣ ਦਾ ਸ਼ੌਕ ਹੋ ਗਿਆ। ਫਿਰ ਇਕ ਦਿਨ ਸ਼ਾਮ ਨੂੰ ਮੀਂਹ ਆਇਆ ਤਾਂ ਕਣੀਆਂ ਨਾਲ ਹਿਲਦੇ ਬੂਟਿਆਂ ਨੂੰ ਦੇਖ ਕੇ ਕਹਿੰਦਾ,"ਬੂਟੇ ਗਾਣੇ ਗਾਉਂਦੇ ਆ।"

ਅਸੀਂ ਪੁੱਛਿਆ, "ਤੈਨੂੰ ਕਿਵੇਂ ਪਤਾ?"

ਕਹਿੰਦਾ,"ਮੈਨੂੰ ਪਤਾ ਹੈ ਬੱਸ, ਆਪਾਂ ਨੂੰ ਇਹਨਾਂ ਦੀ ਬੋਲੀ ਨਹੀਂ ਆਉਂਦੀ, ਇਸ ਕਰਕੇ ਇਹਨਾਂ ਦੇ ਗਾਣੇ ਸੁਣਦੇ ਨਹੀਂ।"

ਜਦ ਮੀਂਹ ਹਟ ਗਿਆ ਤਾਂ ਕਹਿੰਦਾ, "ਇਹ ਨਹਾ ਹਟੇ, ਹੁਣ ਕਹਿੰਦੇ ਆ-ਆਹ-ਹਾਅ, ਮਜ਼ਾ ਈ ਆ ਗਿਆ।"

ਇਹ ਬਿਲਕੁਲ ਸਹੀ ਹੈ ਕਿ ਸਾਡੇ ਆਲੇ-ਦੁਆਲੇ ਬਿਰਖ-ਬੂਟੇ, ਪਸ਼ੂ-ਪੰਛੀ, ਨਦੀਆਂ-ਨਾਲੇ, ਚੰਨ-ਤਾਰੇ ਜਿਹੜੇ ਗਾਣੇ ਗਾਉਂਦੇ ਹਨ ਜਾਂ ਜੋ ਬੋਲਦੇ ਹਨ ਸਾਡੀ ਭਾਸ਼ਾਈ ਸੀਮਾ ਕਰਕੇ ਸਾਨੂੰ ਸੁਣਦੇ ਨਹੀਂ। ਇਸੇ ਤਰ੍ਹਾਂ ਸਾਡੀ ਨਜ਼ਰ ਦੇ ਦੋਸ਼ ਕਾਰਨ ਸਾਨੂੰ ਬਹੁਤ ਕੁਝ ਦਿਸਦਾ ਵੀ ਨਹੀਂ। ਸਾਡੇ ਸਹੇੜੇ ਝਮੇਲਿਆਂ ਦੁਆਰਾ ਮਨ ਦੇ ਝੰਬੇ ਹੋਣ ਕਰਕੇ ਸਾਨੂੰ ਸਾਡੇ ਆਲੇ ਦੁਆਲੇ ਵਾਪਰ ਰਹੇ ਦਾ ਬਹੁਤਾ ਭਾਗ ਮਹਿਸੂਸ ਵੀ ਨਹੀਂ ਹੁੰਦਾ। ਇਸ ਤਰ੍ਹਾਂ ਸਾਡੇ ਲਈ ਬਹੁਤ ਕੁਝ ਅਣਸੁਣਿਆਂ, ਅਣਦੇਖਿਆ ਅਤੇ ਅਣਮਹਿਸੂਸਿਆ ਰਹਿ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ, ਸਾਡੀ ਜ਼ਿੰਦਗੀ ਦਾ ਬਹੁਤਾ ਭਾਗ ਅਣਮਾਣਿਆਂ ਜਾਂ ਅਣਜੀਵਿਆ ਹੀ ਰਹਿ ਜਾਂਦਾ ਹੈ। ਸਾਡੇ ਕੋਲ ਸ਼ੋਰ ਹੈ, ਦੌੜ ਹੈ ਜਿਸ ਕਰਕੇ ਸਾਡੇ ਅੰਦਰ ਖਿਝ ਹੈ, ਕਲੇਸ਼ ਹੈ, ਕੌੜ ਹੈ। ਇਹੋ ਜਿਹਾ ਬਹੁਤਾ ਕੁਝ ਸਾਡੀ ਬਹੁਤੀ ਕਵਿਤਾ ਵਿਚ ਵੀ ਹੈ। ਜ਼ਿੰਦਗੀ ਪਾਟੋ-ਲੀਰਾਂ ਹੋਈ ਪਈ ਲਗਦੀ ਹੈ। ਸਾਡੇ ਕੋਲ ਟਿਕ-ਟਿਕਾ ਨਹੀਂ, ਇਕਸੁਰਤਾ ਨਹੀਂ, ਧਿਆਨ ਨਹੀਂ। ਬਾਬੇ ਬੁੱਧ ਨੇ, ਬਾਬੇ ਨਾਨਕ ਨੇ, ਬਾਬੇ ਕ੍ਰਿਸ਼ਨਾਮੂਰਤੀ ਅਤੇ ਬਾਬੇ ਰਜਨੀਸ਼ ਨੇ ਧਿਆਨ ਦੀ ਮਹਿਮਾ ਕਰਦਿਆਂ ਬੰਦੇ ਲਈ ਧਿਆਨ ਦੀ ਅਹਿਮੀਅਤ 'ਤੇ ਬਹੁਤ ਜ਼ੋਰ ਦਿੱਤਾ ਹੈ। ਜੇ ਧਿਆਨ ਨਹੀਂ ਤਾਂ ਬੰਦੇ ਦਾ ਮਨ ਬੰਦੇ ਦੇ ਕੋਲ ਨਹੀਂ, ਜੇ ਮਨ ਕੋਲ ਨਹੀਂ ਤਾਂ ਕੁਝ ਵੀ ਕੋਲ ਨਹੀਂ:

*Original with;*
Jaswant Singh Zafar
*Digitized by;*
Panjab Digital Library

*ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ॥*

ਹਾਇਕੂ ਕਵਿਤਾ ਪਰਦੇਸੀ ਮਨ ਨੂੰ ਦੇਸ ਲੈ ਕੇ ਆਉਂਦੀ ਹੈ, ਅਣਸੁਣਿਆਂ ਸੁਣਾਉਂਦੀ ਹੈ, ਅਣਦਿਸਦੇ ਨੂੰ ਦਿਸਣ ਲਾਉਂਦੀ ਹੈ, ਅਣਮਹਿਸੂਸੇ ਨੂੰ ਮਹਿਸੂਸ ਹੋਣ ਲਾਉਂਦੀ ਹੈ। ਬੰਦੇ ਨੂੰ ਆਪਣੀ ਮਨ-ਬਚਨੀ, ਵਿਚਾਰਾਂ, ਸਿਧਾਤਾਂ, ਧਾਰਨਾਵਾਂ ਅਤੇ ਸਿਆਣਪ ਦੇ ਨਸ਼ੇ ਜਾਂ ਨੀਂਦ ਤੋਂ ਜਗਾਉਂਦੀ ਹੈ। ਬੰਦਾ ਦੇਖਣ, ਸੁਣਨ ਅਤੇ ਮਹਿਸੂਸ ਕਰਨ ਦੀ ਅਵੱਸਥਾ ਵਿਚ ਹੋਵੇ ਤਾਂ ਉਸ ਨੂੰ ਜਾਗਣਾ ਆਖਦੇ ਹਾਂ। ਇਸ ਤਰ੍ਹਾਂ ਧਿਆਨ ਦਾ ਮਤਲਬ ਜਾਗਦੇ ਹੋਣਾ ਹੈ। ਪੂਰੀ ਤਰ੍ਹਾਂ ਜਾਗਣ ਵਾਲਿਆਂ ਨੂੰ ਸੰਤ ਕਿਹਾ ਜਾਂਦਾ ਹੈ:

*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*

ਜਾਗਣ ਨਾਲ ਹੀ ਆਪਣੇ ਆਲੇ ਦੁਆਲੇ ਅਤੇ ਕੁਦਰਤ ਨਾਲ ਠੀਕ ਸਬੰਧ ਬਣਦਾ ਹੈ। ਕੁਦਰਤ ਨਾਲ ਸਬੰਧ ਵਿਗੜ ਜਾਵੇ ਤਾਂ ਬੰਦਾ ਤਨੋਂ ਮਨੋਂ ਬਿਮਾਰ ਹੁੰਦਾ ਹੈ। ਇਕ ਦਿਨ ਮੂੰਹ-ਨ੍ਹੇਰੇ ਦੀ ਸੈਰ ਤੋਂ ਬਾਅਦ ਪਤਨੀ ਨੇ ਸੂਚਨਾ ਦਿੱਤੀ,"ਅੱਜ ਚੰਦਰਮਾ ਮੇਰੇ ਨਾਲ ਨਾਲ ਸੈਰ ਕਰਦਾ ਰਿਹਾ ਤੇ ਮੇਰੇ ਨਾਲ ਗੱਲਾਂ ਕਰਦਾ ਰਿਹਾ।" ਇਹ ਸੂਚਨਾ ਚੰਦਰਮਾ ਬਾਰੇ ਨਹੀਂ ਸੀ ਸਗੋਂ ਉਹਨਾਂ ਦੇ ਆਪਣੇ ਜਾਗਣ ਬਾਰੇ ਸੀ, ਕੁਦਰਤ ਨਾਲ ਇਕਸੁਰਤਾ ਬਾਰੇ ਸੀ, ਉਹਨਾਂ ਦੀ ਤਨ-ਮਨ ਦੀ ਤੰਦਰੁਸਤੀ ਬਾਰੇ ਸੀ। ਫਿਰ ਕਿਸੇ ਦਿਨ ਸਵੇਰੇ ਸੈਰ ਕਰਦਿਆਂ ਕਿਹਾ,"ਦੇਖੋ, ਸੂਰਜ ਨੇ ਚੜ੍ਹਨ ਤੋਂ ਪਹਿਲਾਂ ਬੱਦਲਾਂ ਦੀਆਂ ਫੁੱਟੀਆਂ ਨੂੰ ਸੁਨਹਿਰੀ ਕਰਕੇ ਸਾਡੇ ਦੇਖਣ ਲਈ ਕਿੰਨੀ ਖੂਬਸੂਰਤ ਅਤੇ ਵੱਡੀ ਪੇਂਟਿੰਗ ਬਣਾਈ ਹੈ।" ਮੈਨੂੰ ਇਹ ਗੱਲ ਕਵਿਤਾ ਦੀ ਜਪਾਨੀ ਵਿਧਾ ਹਾਇਕੂ ਵਰਗੀ ਲੱਗੀ। ਹਾਇਕੂ ਪੂਰੀ ਤਰ੍ਹਾਂ ਜਾਗਦਿਆਂ ਲਿਖਿਆ ਜਾਂਦਾ ਹੈ। ਕਿਸੇ ਪਲ-ਛਿਣ ਦੇ ਦ੍ਰਿਸ਼ ਦੀ ਸਿਰਫ਼ ਤਿੰਨ ਨਿੱਕੀਆਂ ਸਤਰਾਂ ਵਿਚ ਤਸਵੀਰਕਸ਼ੀ ਕੀਤੀ ਜਾਂਦੀ ਹੈ। ਇਹ ਧਿਆਨ ਦੀ ਸ਼ਾਇਰੀ ਹੈ, ਟਿਕ-ਟਿਕਾ ਦੀ ਕਵਿਤਾ ਹੈ:

- *ਕਤਾਰ ਵਿਚ ਬੈਠੀਆਂ*<br>*ਤਾਰ ਉਤੇ ਚਿੜੀਆਂ*<br>*ਗਾਉਣ ਸਮੂਹ ਗੀਤ*

- *ਧਰਤੀ ਤ੍ਰੇਲ ਧੋਤੀ*<br>*ਚੜ੍ਹਿਆ ਸੂਰਜ*<br>*ਪੱਤੇ ਪੱਤੇ ਮੋਤੀ*

Original with;
Jaswant Singh Zafar
Digitized by;
Panjab Digital Library

*ਵਿੰਗੀ ਟੇਢੀ ਡੰਡੀ*
*ਜੰਗਲ ਵਿਚ ਦੀ*
*ਸਿੱਧੀ ਘਰ ਨੂੰ ਜਾਵੇ*

ਇਹ ਪੰਜਾਬੀ ਹਾਇਕੂ ਪ੍ਰੋ. ਦਰਬਾਰਾ ਸਿੰਘ ਦੀ ਪੁਸਤਕ 'ਪਲ-ਛਿਣ' ਵਿਚ ਹਨ। ਜਪਾਨ ਨਾਲ ਸਾਹਿਤਕ ਜਾਂ ਭਾਸ਼ਾਈ ਮੇਲ-ਮਿਲਾਪ ਕਾਰਨ ਹੁਣ ਇਹ ਕਾਵਿ ਰੂਪ ਹੋਰ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਸਾਹਿਤ ਵਿਚ ਵੀ ਦਾਖਲ ਹੋ ਰਿਹਾ ਹੈ। ਪੰਜਾਬੀਆਂ ਨਾਲ ਇਸ ਦੀ ਜਾਣ-ਪਛਾਣ ਜਪਾਨ 'ਚ ਵਸਦੇ ਕਵੀ ਪਰਮਿੰਦਰ ਸੋਢੀ ਨੇ 'ਜਪਾਨੀ ਹਾਇਕੂ ਦਾ ਪੰਜਾਬੀ ਅਨੁਵਾਦ' ਸੰਗ੍ਰਹਿ ਛਾਪ ਕੇ ਕਰਾਈ। ਸੰਨ 2000 ਵਿਚ ਡਾ. ਮੋਹਨਜੀਤ ਅਤੇ ਪ੍ਰਮਿੰਦਰਜੀਤ ਦੀ ਜੋੜੀ ਜਪਾਨ ਜਾ ਕੇ ਆਈ ਤਾਂ ਉਹਨਾਂ ਹਾਇਕੂ ਵਿਧਾ ਤੇ ਕੁਝ ਹੱਥ ਅਜ਼ਮਾਈ ਕੀਤੀ। ਇਸ ਦੇ ਕਾਵਿ-ਸ਼ਾਸਤਰ ਦਾ ਕੋਈ ਬੋਧ ਨਾ ਹੋਣ ਕਰਕੇ ਕੁਝ ਲੋਕਾਂ ਨੇ ਕੰਨੋਂ-ਕੰਨੀਂ ਇਸ ਕਾਵਿ-ਵਿਧਾ ਦਾ ਮਖੌਲ ਉਡਾਇਆ। ਨਵੀਂ ਵਿਧਾ ਦੀ ਆਮਦ 'ਤੇ ਅਜਿਹਾ ਹੋਣਾ ਸੁਭਾਵਕ ਹੁੰਦਾ ਹੈ। ਜਿਵੇਂ ਪਹਿਲਾਂ ਦੱਸਿਆ ਹੈ ਕਿ ਜਦੋਂ ਅਸੀਂ ਬਚਪਨ ਵਿਚ ਪਹਿਲੀ ਵਾਰ ਸਕੂਲ ਦੇ ਪਾਠਕ੍ਰਮ ਵਿਚ ਪ੍ਰੋ. ਪੂਰਨ ਸਿੰਘ ਦੀ ਖੁੱਲ੍ਹੀ ਨਜ਼ਮ ਪੜ੍ਹੀ ਸੀ ਤਾਂ ਅਸੀਂ ਬੱਚਿਆਂ ਨੇ ਬੜਾ ਮਖੌਲ ਉਡਾਉਣਾ ਕਿ ਇਹ ਕਿਧਰਲੀ ਕਵਿਤਾ ਹੋਈ। ਕਿਉਂਕਿ ਇਸ ਤੋਂ ਪਹਿਲਾਂ ਅਸੀਂ ਕੇਵਲ ਤੁਕਬੰਦੀ ਵਾਲੀਆਂ ਪ੍ਰਗੀਤਕ ਕਵਿਤਾਵਾਂ ਹੀ ਪੜ੍ਹੀਆਂ ਸਨ। ਇਸੇ ਤਰ੍ਹਾਂ ਪੰਜਾਬੀ ਪਾਠਕ ਜਦ ਗ਼ਜ਼ਲ ਦੇ ਰੂਪ ਤੋਂ ਨਵਾਂ-ਨਵਾਂ ਵਾਕਿਫ਼ ਹੁੰਦਾ ਹੈ ਤਾਂ ਉਸ ਨੂੰ ਇਸ ਦੇ ਸ਼ਿਅਰਾਂ ਵਿਚ ਅੱਡੋ-ਅੱਡਰੇ ਸੁਤੰਤਰ ਖਿਆਲਾਂ ਅਤੇ ਭਾਵਾਂ ਦਾ ਹੋਣਾ ਅਟਪਟਾ ਲੱਗਦਾ ਹੈ, ਵਿਚਾਰ ਦੀ ਲਗਾਤਾਰਤਾ ਦੀ ਅਣਹੋਂਦ ਰੜਕਦੀ ਹੈ। ਪਰ ਪੰਜਾਬੀ ਕਵੀਆਂ ਨੇ ਗ਼ਜ਼ਲ ਦਾ ਆਪਣੇ ਚਿੱਤੋਂ ਜੋ ਵਿਕਾਸ ਕੀਤਾ ਹੈ ਉਸ ਨੂੰ ਦੇਖ ਕੇ ਗ਼ਜ਼ਲ ਦੇ ਉਸਤਾਦ ਅਕਸਰ ਪ੍ਰੇਸ਼ਾਨ ਹੋ ਜਾਂਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਗ਼ਜ਼ਲ ਨੂੰ ਇਸ ਦੀ ਪਰਿਭਾਸ਼ਾ ਦੇ ਘੇਰੇ ਤੋਂ ਹੀ ਬਾਹਰ ਕੱਢਿਆ ਜਾ ਰਿਹਾ ਹੈ। ਪੰਜਾਬੀ ਬੰਦਾ ਜਦ ਪਹਿਲੀ ਵਾਰ ਜਪਾਨੀ ਹਾਇਕੂ ਪੜ੍ਹਦਾ ਹੈ ਤਾਂ ਉਸ ਨੂੰ ਉਹ ਸਵਾਦ ਨਹੀਂ ਆਉਂਦਾ ਜੋ ਉਸ ਨੂੰ ਕਿਸੇ ਪੰਜਾਬੀ ਕਵਿਤਾ 'ਚੋਂ ਪ੍ਰਾਪਤ ਕਰਨ ਦੀ ਆਦਤ ਹੈ। ਦੇਖਣ ਅਤੇ ਲਿਖਣ ਲਈ ਸੌਖੀ ਲਗਦੀ ਹੋਣ ਕਰਕੇ ਹਾਇਕੂ ਸ਼ਾਇਰੀ ਪੰਜਾਬੀ ਵਿਚ ਕਾਫੀ ਪ੍ਰਚੱਲਤ ਹੋ ਰਹੀ ਹੈ। ਪਰ ਸਾਹਮਣੇ ਆ ਰਹੇ ਬਹੁਤੇ ਪੰਜਾਬੀ ਹਾਇਕੂ ਕਵਿਤਾ ਨਾਲ ਜੁੜੀਆਂ ਸਾਡੀਆਂ ਪੁਰਾਣੀਆਂ ਰੁਚੀਆਂ ਜਾਂ ਸੁਆਦਾਂ ਵਿਚੋਂ ਹੀ ਪੈਦਾ ਹੋ ਰਹੇ ਹਨ। ਜਿਸ ਕਰਕੇ ਰਚੇ ਜਾ ਰਹੇ ਬਹੁਤੇ ਪੰਜਾਬੀ ਹਾਇਕੂ ਕਾਵਿ ਨੂੰ ਦੇਖ ਕੇ ਇਸ ਵਿਧਾ ਦੇ ਜਾਣਕਾਰ ਖੁਸ਼ ਘੱਟ ਅਤੇ

*Original with;*
Jaswant Singh Zafar
*Digitized by;*
Panjab Digital Library

ਪ੍ਰੇਸ਼ਾਨ ਵਧੇਰੇ ਹੋ ਰਹੇ ਹਨ।

ਮੂਲ ਜਪਾਨੀ ਸੱਭਿਆਚਾਰ ਅਤੇ ਇਸ ਉੱਤੇ ਬੁੱਧ ਮੱਤ ਦੀ ਪੁੱਠ ਨੇ ਜਪਾਨੀਆਂ ਨੂੰ 'ਧਿਆਨ' ਬਹੁਤ ਦ੍ਰਿੜ ਕਰਾਇਆ ਹੈ। ਇਹੀ ਉਹਨਾਂ ਦੀ ਸਫ਼ਲਤਾ, ਵਿਲੱਖਣਤਾ ਅਤੇ ਖ਼ੁਸ਼ਹਾਲੀ ਦਾ ਰਾਜ਼ ਲੱਗਦਾ ਹੈ। ਸਾਡੇ ਲਈ ਧਿਆਨ ਦੀ ਬਜਾਏ 'ਮਤਲਬ' ਜਾਂ 'ਅਰਥ' ਮਹੱਤਵਪੂਰਨ ਹੈ। ਇਹ ਏਨੇ ਮਹੱਤਵਪੂਰਨ ਅਤੇ ਜ਼ਰੂਰੀ ਹੋਣ ਕਰਕੇ ਅਸੀਂ 'ਲੋੜ' ਅਤੇ 'ਗਰਜ਼' ਨੂੰ ਵੀ 'ਮਤਲਬ' ਆਖਦੇ ਹਾਂ। ਮਾਇਆ ਜਾਂ ਪੈਸਾ ਧੇਲਾ ਬਹੁਤ ਜ਼ਰੂਰੀ ਹੋਣ ਕਰਕੇ ਇਸ ਨੂੰ ਵੀ 'ਅਰਥ' ਆਖਦੇ ਹਾਂ। ਦੂਜੇ ਸ਼ਬਦਾਂ ਵਿਚ, ਸਾਡੇ ਲਈ ਕਵਿਤਾ ਅੰਦਰ ਮਤਲਬ ਓਨਾ ਲਾਜ਼ਮੀ ਹੈ ਜਿੰਨੀ ਸਾਡੇ ਅੰਦਰ ਖ਼ੁਦਗਰਜ਼ੀ ਜਾਂ ਕਵਿਤਾ ਕੋਲ ਅਰਥ ਓਨਾ ਜ਼ਰੂਰੀ ਹੈ ਜਿੰਨੇ ਸਾਡੇ ਲਈ ਪੈਸੇ। ਸਾਡੇ ਕੋਲ ਸ਼ਬਦਾਂ ਸਿਰ ਆਪਣੇ ਵਿਚਾਰ, ਸਿਧਾਂਤ, ਸਿਆਣਪ, ਉਪਦੇਸ਼, ਪ੍ਰਤੀਕਰਮ ਅਤੇ ਜਜ਼ਬਾਤ ਲੱਦਣ ਦੀ ਰਵਾਇਤ ਹੈ। ਅਸੀਂ ਦ੍ਰਿਸ਼ ਦੀ ਬਜਾਏ ਆਪਣੇ ਦ੍ਰਿਸ਼ਟੀਕੋਨ ਨੂੰ ਪ੍ਰਸਤੁਤ ਕਰਨ ਵਿਚ ਰੁਚਿਤ ਹੁੰਦੇ ਹਾਂ। ਸਾਨੂੰ ਨਜ਼ਰ ਆ ਰਹੇ ਨਾਲੋਂ ਆਪਣੇ ਨਜ਼ਰੀਏ ਨਾਲ ਵਧੇਰੇ ਲਗਾਓ ਹੁੰਦਾ ਹੈ। ਇਸੇ ਕਰਕੇ ਹਾਇਕੂ ਉਸਤਾਦਾਂ ਨੂੰ ਇਹ ਦੁਚਿੱਤੀ ਦਰਪੇਸ਼ ਹੈ ਕਿ ਇੰਟਰਨੈਟ ਤੇ ਧੜਾ-ਧੜ ਪੇਸ਼ ਹੋ ਰਹੀ ਪੰਜਾਬੀ ਹਾਇਕੂ ਰਚਨਾ ਨੂੰ ਇਸ ਕਾਵਿ-ਵਿਧਾ ਦਾ ਵਿਕਾਸ ਮੰਨਿਆਂ ਜਾਵੇ ਕਿ ਵਿਗਾੜ।

ਪ੍ਰੋ. ਦਰਬਾਰਾ ਸਿੰਘ ਨੇ ਆਪਣੀ ਹਾਇਕੂ ਪੁਸਤਕ 'ਪਲ-ਛਿਣ' ਵਿਚ ਥਾਂ ਪੁਰ ਥਾਂ ਦ੍ਰਿਸ਼ਾਂ ਦੀ ਵਿਸ਼ਾਲਤਾ ਨੂੰ ਸ਼ਬਦਾਂ ਦੀ ਸੰਖੇਪਤਾ ਨਾਲ ਚਿਤਰਿਆ ਹੈ:

- *ਬੁੱਕਲ ਵਿਚ ਲਕੋਈ*<br>*ਰੂੰ-ਰੰਗੀ ਬਰਫ ਨੇ*<br>*ਧਰਤੀ ਸੁੱਤੀ ਹੋਈ*

- *ਅੰਬਰੋਂ ਬੂੰਦਾਂ ਵਰ੍ਹੀਆਂ*<br>*ਇਕ ਦੂਜੀ ਨੂੰ ਲੈਣ ਕਲਾਵੇ*<br>*ਤਿਣਾਂ ਘਾਹ ਦੀਆਂ ਹਰੀਆਂ*

- *ਵੱਟ ਨਾ ਕਿਆਰੇ*<br>*ਜੰਗਲ ਉਗੇ ਰੁੱਖ*<br>*ਅੰਬਰ ਦੇ ਵਿਚ ਤਾਰੇ*

ਪੰਜਾਬੀ ਬੰਦੇ ਲਈ ਕਵਿਤਾ ਵਿਚ ਪ੍ਰਗੀਤਕਤਾ ਨਾਲੋਂ ਮੋਹ ਤਿਆਗਣਾ ਸੌਖਾ ਨਹੀਂ। ਇਸ ਲਈ ਉੱਪਰੋਕਤ ਤਿੰਨਾਂ ਹੀ ਹਾਇਕੂਆਂ ਵਿਚ ਪਹਿਲੀ ਅਤੇ ਤੀਸਰੀ

Original with;
Jaswant Singh Zafar
Digitized by;
Panjab Digital Library

ਸਤਰ ਦਾ ਕਾਫੀਆ ਮਿਲਾ ਦਿੱਤਾ ਹੈ ਜੋ ਕਿਸੇ ਹਾਇਕੂ ਲਈ ਜ਼ਰੂਰੀ ਸ਼ਰਤ ਨਹੀਂ। ਇਹਨਾਂ ਵਿਚੋਂ ਤੀਸਰੇ ਹਾਇਕੂ ਵਿਚ ਕੇਵਲ ਇੱਕ ਦ੍ਰਿਸ਼ ਦੇ ਪਲ ਛਿਣ ਦੇ ਝਲਕਾਰੇ ਦੀ ਬਜਾਏ ਮਗਰਲੀਆਂ ਦੋ ਸਤਰਾਂ ਵਿਚ ਦੋ ਦ੍ਰਿਸ਼ ਹਾਜ਼ਰ ਹਨ। ਇਕ ਵਿਚ ਜੰਗਲ ਦੇ ਰੁੱਖ ਅਤੇ ਇਕ ਵਿਚ ਅੰਬਰ ਦੇ ਤਾਰੇ ਹਨ। ਇਹਨਾਂ ਦੋਵਾਂ ਨੂੰ ਪਹਿਲੀ ਸਤਰ ਵਿਚਲੇ ਵੱਟਾਂ ਕਿਆਰਿਆਂ ਵਾਲੇ ਕਿਸੇ ਤੀਸਰੇ ਦ੍ਰਿਸ਼ ਦੇ ਹਵਾਲੇ ਨਾਲ ਦਿਖਾਇਆ ਗਿਆ ਹੈ। ਅਸਲ ਵਿਚ ਕਵੀ ਨੇ ਇਸ ਤਰ੍ਹਾਂ ਆਪਣੇ ਅੰਦਰਲੇ ਕਿਸੇ ਪੱਕੇ ਹੋਏ ਵਿਚਾਰ ਨੂੰ ਪਾਠਕਾਂ ਅੰਦਰ ਪਕਾਉਣ ਲਈ ਇਹ ਜੁਗਤ ਵਰਤੀ ਹੈ। ਉਹਨਾਂ ਨੇ ਕਈ ਥਾਈਂ ਕਿਸੇ ਹੋਰ ਦ੍ਰਿਸ਼ ਦੇ ਹਵਾਲੇ ਨਾਲ ਕਿਸੇ ਇਕ ਆਮ ਦ੍ਰਿਸ਼ ਨੂੰ ਖਾਸ ਕਰ ਕੇ ਦਿਖਾਇਆ ਹੈ ਅਤੇ ਪੜ੍ਹਨਹਾਰੇ ਲਈ ਕੁਦਰਤੀ ਖੂਬਸੂਰਤੀ ਦਾ ਆਪਣੀ ਸੰਸਕ੍ਰਿਤੀ ਦੇ ਮਾਧਿਅਮ ਰਾਹੀਂ ਨਵੀਂ ਤਰ੍ਹਾਂ ਦਾ ਆਨੰਦ ਉਤਪੰਨ ਕੀਤਾ ਹੈ:

- *ਧਰਤੀ ਚੰਨ ਸਿਤਾਰੇ*
  *ਸੂਰਜ ਆਲ਼ੇ ਦੁਆਲੇ*
  *ਧੂਣੀ ਸੇਕਣ ਸਾਰੇ*

ਪੁਸਤਕ ਵਿਚ ਬਹੁਤ ਸਾਰੇ ਹਾਇਕੂ ਬੱਚੇ ਦੇ ਹਵਾਲੇ ਨਾਲ ਹਨ। ਇਹਨਾਂ ਵਿਚਲੇ ਬੱਚਿਆਂ ਦੀ ਮਾਸੂਮੀਅਤ, ਸਿਆਣਪ, ਸੰਵਾਦ ਆਦਿ ਮਿਲ ਕੇ ਬਹੁਤ ਰਸੀਲਾ ਪ੍ਰਭਾਵ ਪੈਦਾ ਕਰਦੇ ਹਨ:

- *ਉਂਗਲ ਲਟਕੀ ਪੋਤੀ*
  *ਦਾਦੇ ਨੂੰ ਸਮਝਾਵੇ*
  *ਡਰਿਓ ਨਾ ਮੈਂ ਹੈਗੀ*

- *ਸਾਂਝੀ ਸੋਟੀ*
  *ਸੈਰ ਕਰੇਂਦੀਆਂ*
  *ਦਾਦੀ ਪੋਤੀ*

- *ਬੱਚਾ ਤੇ ਚੰਨ ਸੁੱਤੇ*
  *ਧਰਤੀ ਹੇਠਾਂ ਡਾਹ ਕੇ*
  *ਅੰਬਰ ਓੜ ਕੇ ਉੱਤੇ*

ਸਾਨੂੰ ਕੁਝ ਦਹਾਕੇ ਪਹਿਲਾਂ ਪ੍ਰਚਲਤ ਰਹੀਆਂ ਆਪਣੀਆਂ ਚੀਜ਼ਾਂ ਨਾਲ ਮੋਹ ਹੈ ਉਹਨਾਂ ਦੇ ਅਲੋਪ ਹੋਣ ਦਾ ਉਦਰੇਵਾਂ ਹੈ। ਇਹਨਾਂ ਵਿਚ ਪੁਰਾਣੇ ਲਿਬਾਸ,

Original with;
Jaswant Singh Zafar
Digitized by;
Panjab Digital Library

ਬਰਤਣ, ਸੰਦ, ਹੁਨਰ ਅਤੇ ਸਾਧਨ ਆਉਂਦੇ ਹਨ ਅਤੇ ਅਸੀਂ ਇਹਨਾਂ ਚੀਜ਼ਾਂ ਨੂੰ ਹੀ ਆਪਣਾ ਅਲੋਪ ਹੋ ਰਿਹਾ ਪੁਰਾਤਨ 'ਸੱਭਿਆਚਾਰ' ਕਹਿਦੇ ਹਾਂ। ਸਾਨੂੰ ਕੇਵਲ ਆਪਣੇ ਅੱਖੀਂ ਦੇਖੀ 30-40 ਸਾਲ ਪਹਿਲਾਂ ਦੀ ਪੁਰਾਤਨਤਾ ਦਾ ਹੀ ਉਦਰੇਵ੍ਹਾਂ ਹੁੰਦਾ ਹੈ। ਕਈ ਸਦੀਆਂ ਪੁਰਾਣੀ ਸੱਭਿਆਚਾਰਕ ਵਿਰਾਸਤ ਦੀ ਸਾਂਭ ਸੰਭਾਲ ਜਾਂ ਉਸ ਪ੍ਰਤੀ ਉਦਰੇਵਾਂ ਘੱਟ ਹੀ ਦੇਖਣ ਨੂੰ ਮਿਲਦਾ ਹੈ। ਸਾਡੇ ਆਪਣੇ ਜੀਵਨ ਕਾਲ ਤੋਂ ਪਹਿਲਾਂ ਆਲੋਪ ਹੋਈਆਂ ਚੀਜ਼ਾਂ ਪ੍ਰਤੀ ਓਦਰਨ ਦੀ ਬਜਾਏ ਅਸੀਂ ਇਸ ਨੂੰ ਵਿਕਾਸ ਸਮਝਦੇ ਹਾਂ। ਆਪਣੇ ਜੀਵਨਕਾਲ ਦੌਰਾਨ ਹੋ ਰਹੇ ਵਿਕਾਸ ਦਾ ਬਹੁਤਾ ਭਾਗ ਸਾਨੂੰ ਵਿਨਾਸ਼ ਲੱਗਦਾ ਹੈ। ਇਹ ਭਾਵਨਾ ਦੇਸੋਂ ਬਾਹਰ ਰਹਿੰਦੇ ਪੰਜਾਬੀਆਂ ਵਿਚ ਵਧੇਰੇ ਪ੍ਰਬਲ ਹੈ। ਇਸ ਕਰਕੇ ਘੱਗਰੇ, ਫੁਲਕਾਰੀਆਂ, ਚੌਂਕ਼ਿਆਂ, ਗਾਗਰਾਂ, ਚਰਖਿਆਂ, ਮਧਾਣੀਆਂ ਆਦਿ ਦੇ ਚਿਤਰ ਬਣਾਉਣ ਵਾਲੇ ਪ੍ਰਸਿੱਧ ਚਿਤਰਕਾਰ ਸ. ਜਰਨੈਲ ਸਿੰਘ ਦੇ ਕੰਮ ਦੀ ਬਾਹਰ ਬਹੁਤ ਮੰਗ ਹੈ। ਜਿਸ ਕਰਕੇ ਉਹਨਾਂ ਨੂੰ ਬਹੁਤ ਸਾਲ ਪਹਿਲਾਂ ਚੰਗਾ ਭਲਾ ਚੰਡੀਗੜ੍ਹ ਛੱਡ ਕੇ ਸਰ੍ਹੀ ਜਾਣਾ ਪਿਆ। ਪ੍ਰੋ. ਦਰਬਾਰਾ ਸਿੰਘ ਨੇ ਵੀ ਕਈ ਵਾਰ ਸਾਹਮਣੇ ਵਾਪਰ ਰਹੇ ਦੀ ਤਸਵੀਰ ਖਿੱਚਣ ਦੀ ਬਜਾਏ ਆਪਣੀ ਸਿਮਰਤੀ ਦੇ ਸਹਾਰੇ ਦ੍ਰਿਸ਼ ਤਿਆਰ ਕਰਕੇ ਸ. ਜਰਨੈਲ ਸਿੰਘ ਵਾਂਗ ਉਹਨਾਂ ਦੇ ਸ਼ਬਦੀ-ਚਿਤਰ ਬਣਾਏ ਹਨ:

- *ਬੂਹੇ ਮੂਹਰੇ ਚਰਖਾ*<br>*ਬੋਹੀਏ ਵਿਚੋਂ ਗਿਣੇ ਗਲੋਟੇ*<br>*ਨਾਲੇ ਗਿਣਦੀ ਗੇੜੇ*

- *ਅੱਖ ਕਾਸ਼ਨੀ*<br>*ਕੱਢੇ ਫੁਲਕਾਰੀ*<br>*ਧਾਗਾ ਰੇਸ਼ਮ ਦਾ*

- *ਘੜਾ ਢਾਕ'ਤੇ ਧਰਕੇ*<br>*ਲਾਲ ਚੂੜਾ ਛਣਕਾਓਂਦੀ*<br>*ਤੁਰਗੀ ਪਾਣੀ ਭਰਕੇ*

ਭਾਵੇਂ ਇਹਨਾਂ ਵਿਚ ਉਦਰੇਵਾਂ-ਵਰਨਣ ਤਾਂ ਨਹੀਂ ਪਰ ਪਲ-ਛਿਣ ਦੇ ਦ੍ਰਿਸ਼ ਚਿਤਰਨ ਦੀ ਬਜਾਏ ਯਾਦ ਚਿਤਰਨ ਹੈ। ਬਹੁਤ ਥਾਈਂ ਕਵੀ ਨੇ ਕੋਈ ਦ੍ਰਿਸ਼ ਦਿਖਾਉਣ ਦੀ ਬਜਾਏ ਕਹਾਣੀ ਸੁਣਾਉਣ ਲਈ ਹਾਇਕੂ ਬਣਾਏ ਹਨ। ਬਦਲ ਰਹੇ ਰਿਸ਼ਤਿਆਂ, ਮੁੱਲਾਂ, ਪ੍ਰਬੰਧਾਂ ਅਤੇ ਸਬੰਧਾਂ ਬਾਰੇ ਆਪਣੀ ਉਦਾਸੀ ਭਰੀ ਟਿੱਪਣੀ ਕਰਨ ਲਈ ਵੀ ਹਾਇਕੂ ਵਿਧਾ ਦੀ ਵਰਤੋਂ ਕੀਤੀ ਹੈ:

Original with;
Jaswant Singh Zafar
Digitized by;
Panjab Digital Library

- *ਮਾਂ ਬਾਪ ਦੀ ਮੰਜੀ*
  *ਕੋਠੀ ਮਹਿਲਾਂ ਜਿੱਡੀ*
  *ਥਾਂ ਦੀ ਕਿੰਨੀ ਤੰਗੀ*

- *ਮੋਢੇ ਪੋਤਾ ਚੁੱਕਿਆ*
  *ਬਾਬਾ ਲੈ ਕੇ ਭਾਰ ਉਮਰ ਦਾ*
  *ਖੂੰਡੀ ਉਤੇ ਝੁਕਿਆ*

- *ਮਾਇਆ ਦੀ ਮੇਹਰਬਾਨੀ*
  *ਪੁੱਤਰ ਨੂੰਹਾਂ ਸਵਾ ਰੁਪਈਆ*
  *ਬਾਪੂ ਮਸਾਂ ਚੁਆਨੀ*

ਅਜਿਹੇ ਜਜ਼ਬਾਤੀ ਕਿਸਮ ਦੇ ਦ੍ਰਿਸ਼ਾਂ ਦੇ ਚਿਤਰਨ ਵਿਚ ਕਵੀ ਨੇ ਕਈ ਥਾਈਂ ਉਦਾਸੀ ਪੈਦਾ ਕਰਨ ਦੀ ਸਿਖਰ ਕੀਤੀ ਪਈ ਹੈ:

- *ਬੇਬੇ ਦਾ ਹੱਥ ਫੜਕੇ*
  *'ਚਿੱਤ ਹੁਣ ਸਾਥ ਨੀਂ ਦਿੰਦਾ'*
  *ਕਹਿੰਦਾ ਜੱਪ ਹੋ ਗਿਆ ਬਾਪੂ*

- *ਡੋਲੀ ਤੁਰੀ ,.*
  *ਬਾਪੂ ਹੋਇਆ ਹਲਕਾ*
  *ਸਾਫ਼ੇ ਦਾ ਲੜ ਭਾਰੀ*

- *ਸਰਦਲ ਤੇਲ ਚੋਇਆ*
  *ਵਰ੍ਹਿਆਂ ਪਿਛੋਂ ਪੁੱਤ ਪ੍ਰਦੇਸੀ*
  *ਮਾਂ ਗਲ਼ ਲੱਗ ਕੇ ਰੋਇਆ*

ਚਿਤਰਕਲਾ ਦਾ ਇਕ ਵਿਸ਼ੇਸ਼ ਰੂਪ ਕਾਰਟੂਨਿੰਗ ਹੈ ਜਿਸ ਵਿਚ ਲਕੀਰਾਂ ਨਾਲ ਕਿਸੇ ਸਥਿਤੀ ਤੇ ਵਿਅੰਗ ਕੱਸਿਆ ਜਾਂਦਾ ਹੈ, ਮਜ਼ਾਕ ਉਡਾਇਆ ਜਾਂਦਾ ਹੈ। ਪ੍ਰੋ. ਦਰਬਾਰਾ ਸਿੰਘ ਨੇ ਕਈ ਥਾਈਂ ਹਾਇਕੂ ਦੇ ਰੂਪ ਵਿਚ ਵਿਅੰਗ ਚਿਤਰ ਪੇਸ਼ ਕੀਤੇ ਹਨ। ਉਹਨਾਂ ਪ੍ਰਸਪਰ ਵਿਰੋਧੀ ਗੱਲਾਂ ਦੇ ਜੋਟੇ ਬਣਾ ਕੇ ਕਰਟੂਨਿੰਗ ਵਾਲੀ ਸਪਾਰਕ ਪੈਦਾ ਕੀਤੀ ਹੈ:

*Original with;*
Jaswant Singh Zafar
*Digitized by;*
Panjab Digital Library

- *ਮੂੰਹੋਂ ਕਰਦੀ ਪਾਠ*
  *ਚੱਪਲ ਦੇ ਨਾਲ ਮਾਰੇ*
  *ਕਿਚਨ 'ਚ ਕਾਕਰੋਚ*

- *ਸੇਵਾ ਕਰੇ ਨੂੰਹ ਭੋਲੀ*
  *ਸੁੱਤੀ ਸੱਸ ਜਗਾ ਕੇ*
  *ਦਏ ਨੀਂਦ ਦੀ ਗੋਲੀ*

- *'ਕੀਟ ਬਚਾਉਣ ਦੀ ਲੋੜ'*
  *ਲੇਖ ਵਾਲੀ ਕਾਪੀ ਨਾਲ ਮਾਰਿਆ*
  *ਪੈਰ 'ਤੇ ਚੜ੍ਹਿਆ ਕੀੜਾ*

- *ਚਿੱਟੇ ਬਸਤਰ ਮਾਈਆਂ*
  *ਕੋਠੀ ਦੀ ਤਾਰੀਫ਼ ਕਰਦੀਆਂ*
  *ਮਰਗਤ ਉੱਤੇ ਆਈਆਂ*

- *ਬੋਤਲ ਪੀਗੇ ਸਾਰੀ*
  *ਅਧੀਏ ਜਿੱਡਾ ਬੰਦਾ*
  *ਪਊਏ ਜਿੱਡੀ ਨਾਰੀ*

ਪ੍ਰੋ. ਦਰਬਾਰਾ ਸਿੰਘ ਦੀ ਇਹ ਪੁਸਤਕ ਪੰਜਾਬੀ ਹਾਇਕੂ ਦੀਆਂ ਪਹਿਲੀਆਂ 2-3 ਕਿਤਾਬਾਂ 'ਚੋਂ ਇਕ ਹੈ। ਪੰਜਾਬੀ ਅਦਬ ਦੇ ਵਿਹੜੇ ਵਿਚ ਹਾਇਕੂ ਸ਼ਾਇਰੀ ਵਲੋਂ ਪੁੱਟਿਆ ਦੂਸਰਾ-ਤੀਸਰਾ ਕਦਮ ਹੈ। ਇਸ ਲਈ ਜਿਥੇ ਇਹ ਸ਼ਾਇਰੀ ਰੂਪਕ ਪੱਖੋਂ ਕੁਝ ਤਾਜ਼ਗੀ ਲੈ ਕੇ ਆਈ ਹੈ ਉਥੇ ਇਸ ਤੋਂ ਪਹਿਲਾਂ ਵਾਲੇ ਪੰਜਾਬੀ ਕਾਵਿ ਰੂਪਾਂ ਦੀ ਰਚਨਾ ਨਾਲ ਸਬੰਧਤ ਉਦੇਸ਼, ਸੁਆਦ, ਰੁਚੀਆਂ, ਆਦਤਾਂ, ਮਜਬੂਰੀਆਂ ਵੀ ਅਜੇ ਇਸ ਦੇ ਅੰਗ-ਸੰਗ ਹਨ। ਪਤਾ ਨਹੀਂ ਹਾਇਕੂ ਦੇ ਸ਼ੁਭਚਿੰਤਕ ਹਾਇਕੂ ਨੂੰ ਇਸ ਸਭ ਕਾਸੇ ਤੋਂ ਬਚਾ ਸਕਣਗੇ ਜਾਂ ਹਾਇਕੂ ਲਿਖਣ ਦੀ ਹੋੜ ਹਾਇਕੂਪਨ ਨੂੰ ਰੋੜ੍ਹ ਦੇਵੇਗੀ। ਦੇਖੋ, ਕਿਸ ਦਾ ਜ਼ੋਰ ਚਲਦਾ ਹੈ? ਇਸ ਲਈ ਕਿਹਾ ਨਹੀਂ ਜਾ ਸਕਦਾ ਕਿ ਆਉਣ ਵਾਲੇ ਸਮੇਂ ਵਿਚ ਹਾਇਕੂ ਦਾ ਪੰਜਾਬੀ ਰੂਪ ਵਧੇਰੇ ਨਿਖਰੇਗਾ ਜਾਂ ਵਿਗੜੇਗਾ।

•

*Original with;*
Jaswant Singh Zafar
*Digitized by;*
Panjab Digital Library

# ਚਿੱਟੀਓਂ ਕਾਲੀ, ਕਾਲੀਓਂ ਚਿੱਟੀ

ਨਵੇਂ ਇੰਟਰਨੈਟੀ ਦੋਸਤ ਜਦ ਮੇਰੇ ਨਾਲ ਚੈਟ ਕਰਨਾ ਚਾਹੁੰਦੇ ਹਨ ਤਾਂ ਗੱਲਬਾਤ ਇੰਜ ਸ਼ੁਰੂ ਹੁੰਦੀ ਹੈ:

ਸਤਿ ਸ੍ਰੀ ਆਕਾਲ ਸਰ ਜੀ
ਜੀ, ਸਤਿ ਸ੍ਰੀ ਆਕਾਲ
ਕੀ ਹਾਲ-ਚਾਲ ਜੀ?
ਬੱਸ, ਠੀਕ-ਠਾਕ ਹੈ।
ਕੋਈ ਨਵੀਂ-ਤਾਜ਼ੀ?
ਕੋਈ ਖਾਸ ਨਹੀਂ।
ਪੁਰਾਣੀ ਹੀ ਸੁਣਾ ਦਿਓ ਕੋਈ ਹੋਈ ਬੀਤੀ।
ਐਸ ਵੇਲੇ ਤੇ ਕੋਈ ਯਾਦ ਨਹੀਂ।

ਬੱਸ ਇਥੇ ਕੁ ਆ ਕੇ ਗੱਲਬਾਤ ਅਕਸਰ ਟੁੱਟ ਜਾਂਦੀ ਹੈ। ਉਹ ਸਭ ਸੋਚਦੇ ਹੋਣੇ ਕਿ ਬੰਦਾ ਬੜਾ ਖੁਸ਼ਕੀ ਰਾਮ ਜਿਹਾ ਹੈ। ਅਸਲ ਵਿਚ ਸਾਡੇ ਕੋਲ ਹੋਈਆਂ ਬੀਤੀਆਂ ਤਾਂ ਬਹੁਤ ਹੁੰਦੀਆਂ, ਕੋਈ ਅਚਾਨਕ ਸੁਣਾਉਣ ਨੂੰ ਕਹੇ ਤੇ ਯਾਦ ਨਹੀਂ ਆਉਂਦੀਆਂ। ਨਾਲੇ ਯਾਦ ਹੋਣ ਤੇ ਵੀ ਕਿਸੇ ਅਣਜਾਣ ਨੂੰ ਪਹਿਲੀ ਵਾਰੀ ਮਿਲਣ ਤੇ ਬੰਦਾ ਕੀ ਸੁਣਾਵੇ? ਸੋ ਅੱਜ ਮੈਂ ਸੋਚਿਆ ਕਿ ਦੋਸਤਾਂ ਨੂੰ ਕੁਝ ਹੋਈ ਬੀਤੀ ਸੁਣਾ ਹੀ ਦਿੰਦਾ ਹਾਂ।

ਮੇਰੇ ਦਾਹੜੀ ਦੇ ਵਾਲ 30 ਸਾਲ ਦੀ ਉਮਰ ਵਿਚ ਸਫੈਦ ਹੋਣੇ ਸ਼ੁਰੂ ਹੋ ਗਏ ਸਨ ਅਤੇ ਮੈਂ 40 ਸਾਲ ਦੀ ਉਮਰ ਤੱਕ ਇਹਨਾਂ ਨੂੰ ਕਾਲੇ ਕਰਨ ਦਾ ਫ਼ੈਸਲਾ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ। 40 ਸਾਲ ਦਾ ਹੋਣ ਤੇ ਮੇਰੇ ਮਾਤਾ ਜੀ ਕਹਿੰਦੇ, "5 ਕੁ ਸਾਲ ਹੋਰ ਖੇਚਲ ਕਰ ਲੈ।" ਸ਼ਾਇਦ ਮਾਵਾਂ ਨੂੰ ਪੁੱਤਰ ਉਮਰੋਂ ਪਹਿਲਾਂ ਬੁੱਢੇ ਨਜ਼ਰ ਆਉਂਦੇ ਚੰਗੇ ਨਹੀਂ ਲਗਦੇ। ਉਹਨਾਂ ਮੈਨੂੰ ਕੈਨੇਡਾ ਤੋਂ ਮਹਿੰਗੀ ਜਿਹੀ ਡਾਈ ਲਿਆ ਕੇ ਵੀ ਦਿੱਤੀ ਜੋ ਸਿਰਫ਼ ਡੇਢ ਦੋ ਮਿੰਟ ਹੀ ਲਗਾ ਕੇ ਰੱਖਣੀ ਪੈਂਦੀ ਸੀ। ਦੇਖਣ ਨੂੰ ਵਾਲ ਵੀ ਕੁਦਰਤੀ ਕਾਲਿਆਂ ਵਰਗੇ ਲਗਦੇ ਸਨ।

*Original with;*
Jaswant Singh Zafar
*Digitized by;*
Panjab Digital Library

ਸੰਨ 2008 ਵਿਚ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀ ਚੋਣ ਵੇਲੇ ਦੀ ਗੱਲ ਹੈ। ਡਾ. ਸੁਰਜੀਤ, ਸਵਰਨਜੀਤ ਸਵੀ ਅਤੇ ਮੈਂ ਆਪਣੇ ਵਡਾਰੂ ਸਾਹਿਤਕਾਰਾਂ ਡਾ. ਸੁਤਿੰਦਰ ਸਿੰਘ ਨੂਰ, ਡਾ. ਸੁਰਜੀਤ ਪਾਤਰ, ਸ. ਅਮਰਜੀਤ ਗਰੇਵਾਲ, ਗੁਰਭਜਨ ਗਿੱਲ ਆਦਿ ਤੋਂ ਬਾਗੀ ਹੋ ਗਏ ਅਤੇ ਆਪਣੇ ਤੌਰ 'ਤੇ ਚੋਣ ਵਿਚ ਹਿੱਸਾ ਲੈਣ ਦਾ ਫ਼ੈਸਲਾ ਕਰ ਲਿਆ। ਕਹਾਣੀਕਾਰ ਸੁਖਜੀਤ ਵੀ ਸਾਡੇ ਨਾਲ ਮਿਲ ਗਏ। ਮੈਂ ਜਨਰਲ ਸਕੱਤਰ ਲਈ, ਸੁਖਜੀਤ ਨੇ ਸੀਨੀਅਰ ਮੀਤ ਪ੍ਰਧਾਨ ਲਈ ਅਤੇ ਡਾ. ਸੁਰਜ਼ੀਤ ਸਿੰਘ ਨੇ ਮੀਤ ਪ੍ਰਧਾਨ ਲਈ ਆਪਣੇ ਉਮੀਦਵਾਰੀ ਪਰਚੇ ਦਾਖਲ ਕਰ ਦਿੱਤੇ। ਪ੍ਰਧਾਨਗੀ ਅਹੁਦੇ ਜਿੱਡਾ ਸਾਡੇ ਕੋਲ ਕੋਈ ਉਮੀਦਵਾਰ ਹੈ ਨਹੀਂ ਸੀ। ਇਸ ਲਈ ਅਸੀਂ ਡਾ. ਸੁਤਿੰਦਰ ਸਿੰਘ ਨੂਰ, ਡਾ. ਸੁਰਜੀਤ ਪਾਤਰ, ਸ. ਅਮਰਜੀਤ ਗਰੇਵਾਲ ਅਤੇ ਸੱਜੇ ਕਾਮਰੇਡਾਂ ਦੇ ਇਕ ਧੜੇ ਦੇ ਸਮਰਥਨ ਨਾਲ ਖੜ੍ਹੇ ਡਾ. ਦਲੀਪ ਕੌਰ ਟਿਵਾਣਾ ਦੀ ਬਿਨਾਂ ਸ਼ਰਤ ਹਮਾਇਤ ਦਾ ਐਲਾਨ ਕਰ ਦਿੱਤਾ। ਸਵਰਨਜੀਤ ਸਵੀ ਸਾਡੇ ਚੋਣ ਪ੍ਰਬੰਧਕ ਸਨ। ਸਾਡੇ ਇਕਲੌਤੇ ਚੋਣ ਪ੍ਰਚਾਰਕ ਸਵ. ਡਾ. ਰੁਪਿੰਦਰ ਮਾਨ ਸਨ, ਜੋ ਸਾਡੇ ਹੱਕ 'ਚ ਵੋਟਾਂ ਪਾਉਣ ਲਈ ਮੈਂਬਰਾਂ ਨੂੰ ਵਾਰ-ਵਾਰ ਅਤੇ ਲੰਮੇ-ਲੰਮੇ ਫ਼ੋਨ ਕਰਿਆ ਕਰਨ। ਰਾਤਾਂ ਨੂੰ ਵੀ ਸੌਣ ਨਾ ਦਿਆ ਕਰਨ। ਲੋਕ ਸਾਨੂੰ ਕਹਿਣ, "ਰੱਬ ਦਾ ਵਾਸਤਾ, ਤੁਹਨੂੰ ਵੋਟ ਪਾ ਦਿਆਂਗੇ, ਸਾਡੀ ਰੁਪਿੰਦਰ ਤੋਂ ਜਾਨ ਛੁਡਾਓ।"

ਚੋਣ ਤੋਂ ਚਾਰ ਕੁ ਦਿਨ ਪਹਿਲਾਂ ਸਵੀ ਦੇ ਦਫ਼ਤਰ ਆਰਟਕੇਵ ਵਿਖੇ ਅਸੀਂ ਪਰੈਸ ਕਾਨਫਰੰਸ ਬੁਲਾਈ, ਸਾਰੇ ਸ਼ਹਿਰ ਦੇ ਮੀਡੀਆ ਵਾਲਿਆਂ ਨੂੰ ਬੁਲਾਇਆ ਗਿਆ। ਤਿਆਰੀ ਵਜੋਂ ਮੈਂ ਸਵੇਰੇ ਦਾਹੜੀ ਨੂੰ ਡਾਈ ਲਗਾਈ। ਨਾਲ ਹੀ ਰੁਪਿੰਦਰ ਦਾ ਫੋਨ ਆ ਗਿਆ। ਉਹ ਬੀਤੀ ਰਾਤ ਕੀਤੇ ਚੋਣ ਪਰਚਾਰ ਦੀ ਪ੍ਰਗਤੀ ਦੱਸਣ ਲੱਗ ਗਏ। ਫੋਨ ਕਾਲ ਨੇ ਤਾਂ ਰੁਪਿੰਦਰ ਦੀ ਮਰਜ਼ੀ ਨਾਲ ਹੀ ਖਤਮ ਹੋਣਾ ਸੀ ਪਰ ਜਿਹੜੀ ਡਾਈ 2 ਮਿੰਟ ਤੋਂ ਪਹਿਲਾਂ ਧੋਣੀ ਸੀ ਉਹ 20 ਮਿੰਟ ਤੋਂ ਵੱਧ ਸਮਾਂ ਲੱਗੀ ਰਹਿ ਗਈ। ਲੈਂਡਲਾਈਨ ਦਾ ਫੋਨ ਸੁਣਦਿਆਂ ਬੰਦਾ ਹੋਰ ਜੋ ਮਰਜ਼ੀ ਕਰ ਲਵੇ, ਮੂੰਹ ਤੇ ਲੱਗੀ ਡਾਈ ਨਹੀਂ ਧੋ ਸਕਦਾ। ਵਾਲਾਂ ਲਈ ਲਗਾਇਆ ਰੰਗ ਕਾਲਾ ਸ਼ਾਹ ਹੋ ਕੇ ਚਮੜੀ ਤੇ ਵੀ ਭਿਆਨਕ ਤਰੀਕੇ ਨਾਲ ਚੜ੍ਹ ਗਿਆ। ਗੱਲ੍ਹਾਂ ਤੋਂ ਗਰਦਣ ਤੱਕ ਗੂੜ੍ਹੀ ਕਾਲਖ ਦਾ ਪੋਚਾ ਫਿਰਿਆ ਦਿਸੇ। ਜ਼ਿਆਦਾ ਦੇਰ ਕੈਮੀਕਲ ਲੱਗਾ ਰਹਿਣ ਕਰਕੇ ਚਮੜੀ ਤੇ ਬਾਰੀਖ ਫਿੰਸੀਆਂ ਵੀ ਹੋ ਗਈਆਂ। ਜਿਹੜੀ ਸ਼ਕਲ ਘਰਦਿਆਂ ਨੂੰ ਵੀ ਦਿਖਾਉਣ ਲਾਇਕ ਨਹੀਂ ਸੀ ਰਹੀ ਉਹ ਪਰੈਸ ਕਾਨਫਰੰਸ 'ਚ ਸਾਰੇ ਮੀਡੀਏ ਨੂੰ ਦਿਖਾਉਣੀ ਪੈਣੀ ਸੀ ਤੇ ਉਹਨਾਂ ਨੇ ਕਿੰਨੀ ਦੁਨੀਆਂ ਨੂੰ ਦਿਖਾਉਣੀ ਸੀ। ਬੜੀ ਪ੍ਰੇਸ਼ਾਨੀ ਹੋਈ। ਸੋਚਿਆ ਅੱਗੇ ਤੋਂ ਇਹ ਕੁੱਤਾ ਕੰਮ ਨਹੀਂ

Original with;
Jaswant Singh Zafar
Digitized by;
Panjab Digital Library

ਕਰਨਾ। ਦੇਖੋ ਅਸੀਂ ਕਿਸੇ ਕੰਮ, ਜਾਂ ਬੰਦੇ ਨੂੰ ਭੈੜਾ ਕਹਿਣ ਲਈ ਵਿਚਾਰੇ ਕੁੱਤਿਆਂ ਨੂੰ ਕਿਵੇਂ ਵਿਚ ਲਿਆ ਕੇ ਗਾਲ੍ਹ ਦੇ ਜਾਂਦੇ ਹਾਂ। ਜਦ ਕਿ ਕੁੱਤੇ ਦਾ ਅਜਿਹੀਆਂ ਗੱਲਾਂ ਨਾਲ ਕੋਈ ਸਬੰਧ ਨਹੀਂ ਹੁੰਦਾ। ਇਹ ਬੰਦੇ ਦਾ ਆਪਣੀ ਪ੍ਰੇਸ਼ਾਨੀ ਨੂੰ ਥੁੱਕਣ ਦਾ ਨਜ਼ਾਇਜ਼ ਢੰਗ ਹੈ।

...ਖ਼ੈਰ, ਨਵੀਆਂ ਅਤੇ ਵੱਡੀਆਂ ਪ੍ਰੇਸ਼ਾਨੀਆਂ ਬੰਦੇ ਨੂੰ ਪੁਰਾਣੀਆਂ ਪ੍ਰੇਸ਼ਾਨੀਆਂ ਭੁਲਾਉਣ 'ਚ ਸਹਾਈ ਹੁੰਦੀਆਂ ਹਨ। ਅਕੈਡਮੀ ਦੀ ਚੋਣ 'ਚ ਸਾਡੇ ਨਾਲ ਬੜੀ ਬੁਰੀ ਹੋਈ। ਸਾਡੇ ਪੈਨਲ 'ਚੋਂ ਕੇਵਲ ਕਹਾਣੀਕਾਰ ਸੁਖਜੀਤ ਹੀ ਸਫ਼ਲ ਹੋਏ, ਉਹ ਵੀ ਤਕਨੀਕੀ ਕਾਰਨਾਂ ਕਰਕੇ। ਮੇਰੇ ਨਾਲ ਤਾਂ ਸਭ ਤੋਂ ਭੈੜੀ ਹੋਈ। ਸਾਡੇ ਬਿਨਾਂ ਸ਼ਰਤ ਸਮਰਥਨ ਨਾਲ ਡਾ. ਦਲੀਪ ਕੌਰ ਟਿਵਾਣਾ ਪ੍ਰਧਾਨਗੀ ਪਦ ਲਈ ਜ਼ਰੂਰ ਸਫ਼ਲ ਹੋਏ, ਉਹ ਵੀ ਤੀਹ ਕੁ ਵੋਟਾਂ ਦੇ ਫਰਕ ਨਾਲ। ਮੈਡਮ ਟਿਵਾਣਾ ਨੇ ਤਾਂ ਭਾਵੇਂ ਸਾਨੂੰ ਨਹੀਂ ਗੌਲਿਆ ਪਰ ਉਹਨਾਂ ਤੋਂ ਤੀਹ ਵੋਟਾਂ ਦੇ ਫਰਕ ਨਾਲ ਹਾਰਨ ਵਾਲੇ ਪ੍ਰੋ. ਗੁਰਭਜਨ ਗਿੱਲ ਅਤੇ ਉਹਨਾਂ ਦੇ ਸਥਾਨਕ ਸਮਰਥਕ ਸਾਡੇ ਤੇ ਬੜੇ ਔਖੇ ਹੋਏ। ਜਿੰਨੀਆਂ ਕੁ ਸਾਨੂੰ ਵੋਟਾਂ ਪਈਆਂ ਓਦੂੰ ਵੱਧ ਉਹਨਾਂ ਸਾਨੂੰ ਗਾਲ੍ਹਾਂ ਦਿੱਤੀਆਂ। ਇਸ ਉਦਾਸੀ ਅਤੇ ਪ੍ਰੇਸ਼ਾਨੀ ਦੇ ਮਾਹੌਲ ਵਿਚ ਡਾਈ ਵਾਲੀ ਪ੍ਰੇਸ਼ਾਨੀ ਤਾਂ ਕਿਤੇ ਪਿੱਛੇ ਰਹਿ ਗਈ, ਭੁੱਲ ਭਲਾ ਗਈ। ਨਤੀਜਾ, ਦਾਹੜੀ ਕਾਲੀ ਕਰਨ ਵਾਲਾ 'ਪਤਿਤਪੁਣਾ' ਜਾਰੀ ਰਿਹਾ।

ਕੁਝ ਮਹੀਨਿਆਂ ਬਾਅਦ ਅਮਰੀਕਾ ਤੋਂ ਮੇਰੇ ਕਾਲਜ ਦੇ ਵਕਤਾਂ ਦੇ ਦੋਸਤ ਜਗਜੀਤ ਸੰਧੂ (ਹੁਣ ਜਗਜੀਤ ਨੌਸ਼ਹਿਰਵੀ) ਦਾ ਫੋਨ ਆਇਆ। ਉਹ ਕੈਲੇਫੋਰਨੀਆਂ ਦੇ ਪੰਜਾਬੀ ਲੇਖਕਾਂ ਦੀ ਵੱਡੀ ਸਭਾ ਦੇ ਅਹੁਦੇਦਾਰ ਸਨ (ਉਮੀਦ ਹੈ ਅਜੇ ਵੀ ਹੋਣਗੇ), ਜੋ ਹਰ ਸਾਲ ਅੰਤਰਾਸ਼ਟਰੀ ਪੱਧਰ ਦਾ 2-3 ਰੋਜ਼ਾ ਵੱਡਾ ਸਮਾਗਮ ਰਚਾਉਂਦੀ ਹੈ। ਉਨ੍ਹਾਂ ਮੈਨੂੰ ਆਪਣੇ ਕਵੀ ਦਰਬਾਰ ਵਾਲੇ ਸੈਸ਼ਨ ਦੀ ਪ੍ਰਧਾਨਗੀ ਕਰਨ ਲਈ ਕਿਹਾ। ਮੇਰੇ ਨਾਲ ਪਹਿਲੀ ਵਾਰੀ ਇਸ ਤਰ੍ਹਾਂ ਹੋਣੀ ਸੀ, ਸੋ ਆਪਾਂ ਹਾਂ ਕਰ ਦਿੱਤੀ। ਸਭਾ ਵਲੋਂ ਸਤਿਕਾਰ ਭਰੇ ਸ਼ਬਦਾਂ ਵਾਲਾ ਬਕਾਇਦਾ ਸੱਦਾ ਪੱਤਰ ਵੀ ਪਹੁੰਚ ਗਿਆ। ਵੀਜ਼ਾ ਲੈਣ ਲਈ ਲੋੜੀਂਦੇ ਫਾਰਮ ਭਰੇ। ਆਪਣਾ ਰੁਤਬਾ ਅਤੇ ਮਹਾਨਤਾ ਸਿੱਧ ਕਰਨ ਵਾਲੇ ਕਾਗਜ਼ਾਤ ਇਕੱਠੇ ਕੀਤੇ। ਪੂਰੀ ਅਹਿਤਿਆਤ ਅਤੇ ਸਲੀਕੇ ਨਾਲ ਵਾਲ ਕਾਲੇ ਕੀਤੇ, ਦੇਖਣ ਨੂੰ ਪੂਰੀ ਤਰ੍ਹਾਂ ਕੁਦਰਤੀ ਕਾਲੇ ਲੱਗਣ ਵਾਲੇ। ਦਿੱਲੀ ਵਾਲੇ ਅਮਰੀਕੀ ਸਫ਼ਾਰਤਖਾਨੇ ਵੀਜ਼ਾ ਮੰਗਣ ਪਹੁੰਚ ਗਏ। ਵੀਜ਼ਾ ਅਫ਼ਸਰ ਬੀਬੀ ਨੇ ਸਿਰਫ਼ ਵੀਜ਼ਾ ਅਰਜ਼ੀ ਫੜੀ, ਫਿਰ ਸੱਦਾ-ਪੱਤਰ ਦਿਖਾਉਣ ਲਈ ਕਿਹਾ। ਫੜ ਕੇ ਪਹਿਲਾਂ ਤਾਂ ਉਹ ਸੱਦਾ-ਪੱਤਰ ਦੀ ਇਬਾਰਤ ਨੂੰ ਸਹਿਜ ਭਾਅ ਪੜ੍ਹਨ ਲੱਗੀ। ਪਰ ਪ੍ਰਧਾਨਗੀ ਵਾਲੀ ਗੱਲ ਤੇ ਪਹੁੰਚ ਕੇ ਉਸ ਭਰਵੱਟੇ ਥੋੜ੍ਹੇ ਉੱਪਰ ਨੂੰ ਤਾਣ ਲਏ। ਫਿਰ ਮੇਰੇ ਮੂੰਹ ਵੱਲ ਦੇਖਿਆ,

Original with:
Jaswant Singh Zafar
Digitized by;
Panjab Digital Library

ਬਹੁਤ ਹਲਕਾ ਜਿਹਾ ਮੁਸਕਰਾਈ ਅਤੇ ਕਹਿਣ ਲੱਗੀ, "ਯੂ ਲੁੱਕ ਟੂ ਯੰਗ ਟੂ ਪ੍ਰੀਜ਼ਾਈਡ ਓਵਰ ਐਨੀ ਇੰਟਰਨੈਸ਼ਨਲ ਲਿਟਰੇਰੀ ਫੰਕਸ਼ਨ।" ਮੇਰਾ ਪਾਸਪੋਰਟ ਮੇਰੇ ਸਾਹਮਣੇ ਰੱਖ ਕੇ ਬੋਲੀ, "ਨੋ ਵੀਜ਼ਾ।" ਮੈਨੂੰ ਪੰਜਾਬੀ ਵਿਚ ਇਹ ਸੁਣਿਆਂ, "ਪ੍ਰਧਾਨਗੀ ਕਰਨ ਵਾਲੀ ਸ਼ਕਲ ਦੇਖੀ ਜੇ ਆਪਣੀ?" ਮੈਂ ਅੱਗੋਂ ਕੁਝ ਬੋਲਣ ਲਈ ਅਜੇ ਅੰਗਰੇਜ਼ੀ ਇਕੱਠੀ ਹੀ ਕਰ ਰਿਹਾ ਸੀ ਕਿ ਉਹ ਪਹਿਲਾਂ ਨਾਲੋਂ ਉਚੀ ਅਤੇ ਆਵਾਜ਼ ਨੂੰ ਲਮਕਾ ਕੇ ਦੁਬਾਰਾ ਬੋਲੀ, "ਨੋ ਵੀਜ਼ਾ।"

ਮੈਂ ਆਪਣੇ ਹੱਥੀਂ ਕਾਲਾ ਕੀਤਾ ਮੂੰਹ ਲੈ ਕੇ ਦਿੱਲੀਓਂ ਪਰਤ ਆਇਆ। ਮੁੜ ਦਾਹੜੀ ਰੰਗਣ ਵਾਲੇ ਸਾਜ਼ੋ ਸਮਾਨ ਵੱਲ ਨਹੀਂ ਝਾਕਿਆ। ਦਿਨਾਂ ਦੇ ਬੀਤਣ ਨਾਲ ਵਾਲ ਆਪਣੀਆਂ ਜੜ੍ਹਾਂ ਵਲੋਂ ਅਸਲੀ ਰੰਗ ਦਿਖਾਉਣ ਲੱਗੇ। ਹੌਲੀ-ਹੌਲੀ ਦਾੜ੍ਹੀ ਕਾਲੀ ਤੇ ਚਿੱਟੀ ਦੋ ਮੰਜ਼ਲੀ ਹੋ ਗਈ। ਯਾਰ, ਦੋਸਤ ਅਤੇ ਵਾਕਿਫ ਪੁੱਛਣ, "ਕੀ ਹੋਇਆ?" ਮੈਂ ਕਹਾਂ, "ਛੱਡਤੀ ਬੱਸ।" ਸੁਭਾਵਕ ਤੌਰ 'ਤੇ ਅਗਲਾ ਸਵਾਲ ਹੁੰਦਾ ਸੀ, "ਕਿਉਂ ਛੱਡਤੀ?" ਇਸ 'ਕਿਉਂ' ਦਾ ਜਵਾਬ ਮੈਂ ਬੰਦਾ ਦੇਖ ਕੇ ਅਲੱਗ ਦਿੰਦਾ ਰਿਹਾ, ਵਿਚਲੀ ਗੱਲ ਕਿਸੇ ਨੂੰ ਘੱਟ ਹੀ ਦੱਸੀ। ਇਸ ਨਾਲ ਮੈਂ ਆਪਣਾ ਅਤੇ ਪੁੱਛਣ ਵਾਲਿਆਂ ਦਾ ਮਨੋਰੰਜਨ ਕਰਦਾ ਰਿਹਾ।

ਕਿਸੇ ਨੂੰ ਤਾਂ ਕਹਿ ਦੇਣਾ, "ਮੈਨੂੰ ਪੰਡਤ ਨੇ ਦੱਸਿਆ।"

ਕਿਸੇ ਹੋਰ ਨੂੰ ਕਹਿ ਦੇਣਾ, "ਆਪਣਾ ਮਕਾਨ ਬਣਦਾ ਹੋਣ ਕਰਕੇ ਜ਼ਰਾ ਪੈਸੇ ਦੀ ਤੰਗੀ ਆ ਗਈ ਸੀ, ਇਸ ਲਈ ਕਈ ਪਾਸਿਆਂ ਤੋਂ ਵਾਧੂ ਖਰਚੇ ਘਟਾਏ ਹਨ।"

ਕਿਸੇ ਨੂੰ ਕਹਿਣਾ, "ਮੈਂ ਸੋਚਿਆ, ਜਿਹੜਾ ਖੋਹਣ ਅਸਲੀ ਕਾਲ਼ੀ ਨਾਲ ਨਹੀਂ ਖੋਹ ਸਕੇ, ਉਹ ਨਕਲੀ ਨਾਲ ਕਿਹੜਾ ਖੋਹ ਲਵਾਂਗੇ, ਇਸ ਕਰਕੇ ਕਾਲ਼ੀ ਕਰਨੀ ਛੱਡਤੀ।"

ਕਈਆਂ ਨੂੰ ਬੜੇ ਵਿਦਵਾਨੀ ਲਹਿਜ਼ੇ 'ਚ ਕਹਿਣਾ, "ਅਸਲ ਵਿਚ ਬੰਦੇ ਦੇ ਵਾਲ਼ ਕਾਲੇ ਕਰਨ ਪਿੱਛੇ ਇਕ ਮਨੋਵਿਗਿਆਨਕ ਕਾਰਨ ਹੁੰਦੈ। ਬੰਦਾ ਸੋਚਦਾ ਕਿ ਮੈਂ ਦੇਖਣ ਨੂੰ ਜਿੰਨੀ ਉਮਰ ਦਾ ਲੱਗਦਾਂ ਓਨੀ ਅਕਲ ਤੇ ਮੈਨੂੰ ਆਈ ਨਹੀਂ। ਫਿਰ ਬੰਦਾ ਸੋਚਦਾ, ਅਕਲ ਲਿਆਉਣੀ ਤੇ ਔਖੀ ਹੈ, ਚਲੋ ਸੌਖਾ ਕੰਮ ਕਰ ਲੈਨੇਂ ਆਂ, ਵਾਲ ਰੰਗ ਕੇ ਆਪਣੀ ਦਿੱਖ ਨੂੰ ਆਪਣੀ ਅਕਲ ਦੇ ਹਾਣ ਦੀ ਕਰ ਲੈਨੇਂ ਆਂ। ਮੈਂ ਵੀ ਇਸੇ ਕਰਕੇ ਵਾਲ਼ ਕਾਲ਼ੇ ਕਰਦਾ ਸੀ। ਪਰ ਹੁਣ ਸੋਚਿਆ, ਮਨਾਂ ਅਕਲ ਨੇ ਤਾਂ ਸਾਰੀ ਉਮਰ ਆਉਣਾ ਹੀ ਨਾ ਹੋਊ, ਸਾਰੀ ਉਮਰ ਦਾੜ੍ਹੀ ਦੇ ਨੌਕਰ ਕਿਉਂ ਲੱਗੇ ਰਹਿਣਾ?"

ਮੇਰੇ ਵੰਨ-ਸੁਵੰਨੇ ਜਵਾਬਾਂ ਨਾਲ ਕਿਸੇ ਦੀ ਤਸੱਲੀ ਹੋ ਜਾਂਦੀ, ਕਿਸੇ ਦੀ ਨਾ ਹੁੰਦੀ, ਕੋਈ ਗੰਭੀਰ ਹੋ ਜਾਂਦਾ, ਕੋਈ ਹੱਸ ਜਾਂ ਮੁਸਕਰਾ ਛੱਡਦਾ। ਪਰ ਇਸ ਕੰਮ ਤੋਂ ਛੁਟਕਾਰਾ ਪਾ ਕੇ ਜਾਨ ਬੜੀ ਸੌਖੀ ਹੋ ਗਈ। ਨੁਕਸਾਨ ਕੋਈ ਨਹੀਂ

Original with;
Jaswant Singh Zafar
Digitized by;
Panjab Digital Library

ਹੋਇਆ, ਨੌਜਵਾਨ ਇੱਜ਼ਤ ਵਾਧੂ ਕਰਦੇ ਹਨ। ਸਿਆਣੇ ਲੋਕ ਮੈਨੂੰ ਵੀ ਸਿਆਣਾ ਸਮਝਦੇ ਹਨ। ਪਰ ਓਦੋਂ ਥੋੜ੍ਹੀ ਹੈਰਾਨੀ ਹੁੰਦੀ ਹੈ ਜਦ ਕੋਈ ਪੁੱਛ ਲੈਂਦਾ, "ਰਿਟਾਇਰ ਹੋਇਆਂ ਕਿੰਨੇ ਸਾਲ ਹੋ ਗਏ?" ਪਰ ਮੈਂ ਇਸ ਹੈਰਾਨੀ ਦੀ ਗੇਂਦ ਮੋੜ ਕੇ ਪੁੱਛਣ ਵਾਲੇ ਦੇ ਪਾੜੇ 'ਚ ਹੀ ਵਾਪਸ ਮੋੜ ਦਿੰਨਾਂ, "ਅਜੇ ਤਾਂ ਪੂਰਨ ਦੇ ਭੋਰੇ ਜਿੰਨੇ ਜਾਂ ਰਾਮ ਦੇ ਬਨਵਾਸ ਜਿੰਨੇ ਨੌਕਰੀ ਦੇ 12-14 ਸਾਲ ਪਏ ਹਨ, ਪਰ ਮੈਂ ਪਹਿਲਾਂ ਹੀ ਰਿਟਾਇਰਮੈਂਟ ਲੈਣੀ ਸੋਚਦਾਂ।"

•

*Original with;*
Jaswant Singh Zafar
*Digitized by;*
Panjab Digital Library

## ਜੜ੍ਹਾਂ ਤੋਂ ਚੋਰੀ

*ਪੌਣਾਂ ਦੇ ਨਾਲ ਰਲ ਕੇ ਨਿਰਤ ਕਰ ਰਿਹਾ ਹੈ*
*ਇਕ ਸਾਂਝ ਪਲ਼ ਰਹੀ ਹੈ ਰੁੱਖ ਦੀ ਜੜ੍ਹਾਂ ਤੋਂ ਚੋਰੀ*

ਜਗਤਾਰ ਸੇਖਾ ਨੇ ਆਪਣੇ ਇਸ ਸ਼ਿਅਰ ਦੇ ਆਖਰੀ ਤਿੰਨ ਸ਼ਬਦ ਲੈ ਕੇ ਉਹਨਾਂ ਨਾਲ ਆਪਣੇ ਇਸ ਨਵੇਂ ਗ਼ਜ਼ਲ ਸੰਗ੍ਰਹਿ ਦਾ ਨਾਮ 'ਜੜ੍ਹਾਂ ਤੋਂ ਚੋਰੀ' ਰੱਖਿਆ ਹੈ। ਇਹ ਨਾਮ ਸ਼ਾਇਦ ਉਸ ਨੇ ਇਸ ਕਰਕੇ ਚੁਣਿਆ ਹੈ ਕਿ ਇਸ ਦੇ ਭਾਵ ਦੀ ਗੂੰਜ ਉਸ ਦੇ ਹੋਰ ਬਹੁਤ ਸਾਰੇ ਸ਼ਿਅਰਾਂ ਅੰਦਰ ਵੀ ਫੈਲੀ ਹੋਈ ਹੈ:

*ਮੈਨੂੰ ਜਨਮਿਆ ਹੈ ਜੋ ਧਰਤ ਨੇ ਰਹੇ ਪਾਲ਼ਦੀ ਵੀ ਓਹੀ ਜਦੋਂ*
*ਮੇਰੇ ਜਜ਼ਬਿਆਂ 'ਚ ਮਚਲ ਰਹੀ ਕੋਈ ਅੰਬਰਾਂ ਦੀ ਉਡਾਨ ਕਿਉਂ*

*ਕੀ ਕਰਾਂ ਮੈਨੂੰ ਕਦਮ ਵੀ ਤੁਰਨ ਨਾ ਦਿੰਦੀਆਂ ਜੜ੍ਹਾਂ*
*ਮਨ ਵੀ ਨਾ ਛੱਡਦਾ ਹਵਾ ਦੇ ਨਾਲ ਚੱਲ਼ਣ ਦਾ ਜਨੂੰਨ*

*ਇਹ ਜੂਨ ਬਿਰਖ ਦੀ ਹੈ ਲੋੜਾਂ ਦਾ ਜਕੜਿਆ ਹਾਂ*
*ਉਂਜ ਤਾਂ ਮੈਂ ਜਾਣਦਾ ਹਾਂ ਗਾਉਂਦੀ ਨਿੱਤ ਹਵਾ ਕੀ*

*ਜਦੋਂ ਜੜ੍ਹਾਂ ਮਿਲੀਆਂ ਨੇ ਜਕੜੇ ਰਹਿਣ ਲਈ*
*ਉਡਣ ਲਈ ਫਿਰ ਪਰ ਮੈਨੂੰ ਦੇ ਜਾਏ ਕੌਣ*

*ਰਿਹਾ ਜੇ ਧਰਤ ਦੇ ਮੋਹ 'ਚ ਏਨਾ ਉਲਝਿਆ ਹੋਇਆ*
*ਮਨਾਂ ਦੱਸ ਕਿਸ ਤਰ੍ਹਾਂ ਪਹੁੰਚੇਂਗਾ ਆਪਣੇ ਅੰਬਰਾਂ ਤੀਕਰ*

*ਮੇਰਿਆਂ ਪੈਰਾਂ 'ਚ ਸੂਲ਼ਾਂ ਵਾਂਗ ਚੁੱਭਦੀ ਹੈ ਜ਼ਮੀਨ*
*ਓਸ ਅੰਬਰ ਨੂੰ ਮੈਂ ਏਨਾ ਲੋਚਦਾ ਹਾਂ ਏਸ ਪਲ*

ਧਰਤੀ ਵਿਚਲੀਆਂ ਜੜ੍ਹਾਂ ਤੋਂ ਬ਼ਗੈਰ ਰੁੱਖ ਦੀ ਹੋਂਦ ਸੰਭਵ ਨਹੀਂ ਅਤੇ ਜੜ੍ਹਾਂ ਨੂੰ ਨਾਲ ਲੈ ਕੇ ਤੁਰਨਾ, ਉਡਣਾ ਜਾਂ ਨੱਚਣਾ ਸੰਭਵ ਨਹੀਂ ਹੁੰਦਾ। ਬੀਤੇ ਤੋਂ ਬਗੈਰ ਵਰਤਮਾਨ ਦੀ ਹੋਂਦ ਨਹੀਂ ਹੁੰਦੀ ਪਰ ਬੀਤੇ ਦੀ ਜਕੜ ਵਰਤਮਾਨ

*Original with;*
Jaswant Singh Zafar
*Digitized by;*
Panjab Digital Library

ਅੰਦਰਲੀਆਂ ਸੰਭਾਵਨਾਵਾਂ ਦੇ ਪ੍ਰਗਟਾ ਨੂੰ ਰੋਕ ਕੇ ਰੱਖਦੀ ਹੈ। ਇਸ ਗੱਲ ਨੂੰ ਕਵੀ ਵਰਤਮਾਨ ਮਨੁੱਖ ਦੀ ਤ੍ਰਾਸਦਿਕ ਸਥਿਤੀ ਦੇ ਵੱਡੇ ਕਾਰਨ ਦੇ ਤੌਰ 'ਤੇ ਪੇਸ਼ ਕਰਦਾ ਹੈ। ਕੁਛ ਸਮੇਂ ਤੋਂ ਸੰਸਾਰ ਦੇ ਅਨੇਕਾਂ ਚਿੰਤਕਾਂ ਵਲੋਂ ਵਰਤਮਾਨ ਨੂੰ ਮਾਨਣ ਦਾ, ਵਰਤਮਾਨ ਦੇ ਜਸ਼ਨ ਦਾ ਜਾਂ ਹੁਣ ਖਿਣ ਨਾਲ ਰਹਿਣ ਦਾ ਵਿਚਾਰ ਬਹੁਤ ਪ੍ਰਚਾਰਿਆ ਜਾਣ ਲੱਗਾ ਹੈ। ਬੁੱਧ ਦੇ ਹਵਾਲੇ ਨਾਲ ਦਲਾਈਲਾਮਾ ਸਾਹਿਤ ਵਿਚ, ਓਸ਼ੋ ਪ੍ਰਵਚਨ ਪੁਸਤਕਾਂ ਵਿਚ, ਸ਼੍ਰੀ ਸ਼੍ਰੀ ਰਵੀ ਸ਼ੰਕਰ ਸਾਹਿਤ ਵਿਚ, ਪ੍ਰਮਿੰਦਰ ਸੋਢੀ ਦੁਆਰਾ ਅਨੁਵਾਦੇ ਜਾਪਾਨੀ ਸਾਹਿਤ ਵਿਚ 'ਇਸ ਪਲ 'ਚ ਜੀਓ' ਤੇ ਜ਼ੋਰ ਦਿੱਤਾ ਗਿਆ ਹੈ। ਅਧਿਆਤਮ ਤੋਂ ਇਲਾਵਾ ਮੈਨੇਜਮੈਂਟ ਅਤੇ ਉਤਪਾਦਕਤਾ ਨਾਲ ਸਬੰਧਤ ਮਣਾ-ਮੂੰਹੀਂ ਪੁਸਤਕਾਂ ਵਿਚ ਵੀ ਇਸ ਵਿਚਾਰ ਨੂੰ ਪ੍ਰਚਾਰਿਆ ਜਾਂਦਾ ਹੈ ਕਿ ਵਰਤਮਾਨ ਨੂੰ ਬੀਤੇ ਤੋਂ ਮੁਕਤ ਰੱਖੋ। ਇਸ ਸਾਰੇ ਕਾਸੇ ਨੂੰ ਜਗਤਾਰ ਸੇਖਾ ਇਕੋ ਸ਼ਿਅਰ ਨਾਲ ਉਡਾ ਦਿੰਦਾ ਹੈ:

*ਕਿਸੇ ਪਲ ਨੂੰ ਨਵੇਂ ਮੈਂ ਅਰਥ ਦੇਵਾਂ ਇਸ ਯਤਨ ਵਿਚ ਹਾਂ*
*ਮਗਰ ਕੋਈ ਵੀ ਪਲ ਬੀਤੇ ਪਲਾਂ ਤੋਂ ਮੁਕਤ ਨਾ ਹੋਵੇ*

ਇਸ ਪਲ ਮੈਂ ਜਿਸ ਕਿਤਾਬ ਬਾਰੇ ਗੱਲ ਕਰ ਰਿਹਾ ਹਾਂ ਉਹ ਬੀਤੇ ਸਮੇਂ 'ਚ ਲਿਖੀ ਗਈ ਹੈ, ਮੈਂ (ਗੱਲ ਕਰਨ ਵਾਲਾ) ਬੀਤੇ ਸਮੇਂ 'ਚ ਪੈਦਾ ਹੋਇਆ ਹਾਂ, ਜਿਸ ਭਾਸ਼ਾ 'ਚ ਗੱਲ ਕਰ ਰਿਹਾ ਹਾਂ ਉਹ ਮੈਂ ਬੀਤੇ ਸਮੇਂ 'ਚ ਸਿੱਖੀ ਹੈ, ਇਸ ਨੂੰ ਪੜ੍ਹਨ ਵਾਲੇ ਤੁਸੀਂ ਵੀ ਬੀਤੇ ਸਮੇਂ 'ਚ ਪੈਦਾ ਹੋਏ ਹੋ, ਜਿਸ ਕਾਗਜ਼ ਜਾਂ ਸਕਰੀਨ ਤੋਂ ਇਹ ਅੱਖਰ ਪੜ੍ਹ ਰਹੇ ਹੋ ਉਹ ਵੀ ਬੀਤੇ ਸਮੇਂ 'ਚ ਬਣੇ ਹਨ। ਗੱਲ ਕੀ, ਕੋਈ ਵਰਤਮਾਨ ਭੂਤ-ਰਹਿਤ ਨਹੀਂ ਹੋ ਸਕਦਾ। ਇਹ ਬਿਲਕੁਲ ਉਸੇ ਤਰ੍ਹਾਂ ਹੁੰਦਾ ਹੈ ਜਿਵੇਂ ਰੁੱਖ ਦਾ ਦਿਸਦਾ ਆਕਾਰ ਆਪਣੀਆਂ ਜੜ੍ਹਾਂ ਤੇ ਹੀ ਟਿਕਿਆ ਹੁੰਦਾ ਹੈ। ਜੜ੍ਹਾਂ ਦੇ ਹੁੰਦਿਆਂ ਮਨੁੱਖ ਦੇ ਚੱਲਣ, ਉਡਣ ਅਤੇ ਨੱਚਣ ਦੀ ਚਾਹਤ ਮਨੁੱਖ ਲਈ ਮਨੁੱਖ ਹੋਣਾ ਵੱਡਾ ਮਸਲਾ ਬਣਾਉਂਦੀ ਹੈ। ਕੁੱਤੇ ਦਾ ਕੁੱਤਾ ਹੋਣਾ ਕੁੱਤੇ ਲਈ ਕੋਈ ਮਸਲਾ ਨਹੀਂ, ਸੂਰ ਦਾ ਸੂਰ ਹੋਣਾ ਸੂਰ ਲਈ ਕੋਈ ਮਸਲਾ ਨਹੀਂ। ਇਹ ਬੰਦਾ ਹੀ ਹੈ ਜਿਸ ਲਈ ਬੰਦਾ ਹੋਣਾ ਮਸਲਿਆਂ ਦਰ ਮਸਲਾ ਹੈ। ਇਹ ਵੀ ਸੱਚ ਹੈ ਜੋ ਅਸੀਂ ਸਿੱਖਿਆ-ਪੜ੍ਹਿਆ ਹੈ ਕਿ ਮਨੁੱਖੀ ਜੀਵਨ ਇਕ ਵਰਦਾਨ ਹੈ। ਅਸੀਂ ਮਨੁੱਖ ਹੋਣ ਦੇ ਮਸਲੇ ਅਤੇ ਵਰਦਾਨ ਦੇ ਵਿਚ ਵਿਚਾਲੇ ਜੀਉਂਦੇ ਹਾਂ। ਮਨੁੱਖ ਲਈ ਮਨੁੱਖ ਹੋਣਾ ਵਰ ਵੀ ਹੈ ਤੇ ਸਰਾਪ ਵੀ:

*ਦੁਆ ਜਾਂ ਬਦ ਦੁਆ ਮੈਂ ਓਸ ਨੂੰ ਏਨੀ ਹੀ ਦੇ ਸਕਦਾਂ*
*ਕਿ ਉਹ ਸੁਪਨਿਆਂ ਦੀ ਸਿਰਜਣਾਂ ਤੋਂ ਮੁਕਤ ਨਾ ਹੋਵੇ*

*Original with;*
Jaswant Singh Zafar
*Digitized by;*
Panjab Digital Library

ਮਨੁੱਖੀ ਜ਼ਿੰਦਗੀ ਦੀ ਸਾਰੀ ਖੇਡ, ਸਾਰੀ ਸਿਰਜਨਾਤਮਿਕਤਾ, ਸਾਰੀ ਸਰਗਰਮੀ, ਸਾਰਾ ਉਤਸ਼ਾਹ ਮਸਲੇ ਅਤੇ ਵਰਦਾਨ ਦੇ ਦੋ ਪਹੀਆਂ ਤੇ ਚੱਲ ਰਿਹਾ ਹੈ। ਜੇ ਵਰਦਾਨ ਵਾਲਾ ਪਹੀਆ ਟੁੱਟ ਭੱਜ ਜਾਵੇ ਅਤੇ ਜ਼ਿੰਦਗੀ ਸਿਰਫ਼ ਮਸਲਾ ਰਹਿ ਜਾਵੇ ਤਾਂ ਬੰਦਾ ਖੁਦਕਸ਼ੀ ਕਰ ਲੈਂਦਾ ਹੈ। ਜਿਹੜੇ ਮਨੁੱਖ ਹੋਣ ਦੇ ਮਸਲੇ ਤੋਂ ਮੁਕਤ ਹੁੰਦੇ ਹਨ ਉਹ ਕਦੀ ਖੁਦਕਸ਼ੀ ਨਹੀਂ ਕਰਦੇ ਭਾਵੇਂ ਉਹਨਾਂ ਕੋਲ ਕੋਈ ਸ਼ੁੱਖ, ਸੁਵਿਧਾ, ਸਹੂਲਤ ਨਾ ਹੋਵੇ। ਮਿਸਾਲ ਦੇ ਤੌਰ 'ਤੇ ਸਿਆਲ ਵਿਚ ਸੜਕਾਂ ਕਿਨਾਰੇ ਚੀਥੜਿਆਂ ਵਿਚ ਭੁੱਖੇ ਪਏ ਭਿਖਾਰੀ ਕਦੀ ਖੁਦਕਸ਼ੀ ਨਹੀਂ ਕਰਦੇ। ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਖੁਦਕਸ਼ੀ ਓਹੀ ਵਿਅਕਤੀ ਕਰਦੇ ਹਨ ਜਿਹਨਾਂ ਕੋਲ ਰੋਟੀ, ਕਪੜੇ ਅਤੇ ਰਹਿਣ ਦੇ ਪ੍ਰਬੰਧ ਸਮੇਤ ਬਹੁਤ ਸਾਰੀਆਂ ਸੁੱਖ ਸਹੂਲਤਾਂ ਦਾ ਪ੍ਰਬੰਧ ਹੁੰਦਾ ਹੈ।

ਜਗਤਾਰ ਸੇਖਾ ਦੀ ਇਸ ਕਿਤਾਬ ਦੇ ਸਾਰੇ ਸ਼ਿਅਰ ਵੱਖ-ਵੱਖ ਰੰਗਾਂ ਦੀਆਂ ਬੁਰਸ਼ ਛੋਹਾਂ ਵਾਂਗ ਹਨ। ਕੁਲ ਮਿਲਾ ਕੇ ਇਹ ਮਨੁੱਖ ਲਈ ਮਨੁੱਖ ਹੋਣ ਦੇ ਮਸਲੇ ਦੀ ਚਿਤਰਕਸ਼ੀ ਕਰਦੀ ਜਾਪਦੀ ਹੈ। ਮਨੁੱਖ ਜੋ ਹੋਣਾ ਚਾਹ ਰਿਹਾ ਹੈ ਅਤੇ ਜੋ ਉਸ ਨੂੰ ਹੋਣਾ ਪੈ ਰਿਹਾ ਹੈ, ਇਸ ਕਸ਼ਮਕਸ਼ ਨੂੰ ਵਿਅੱਕਤ ਕਰਨ ਦੇ ਆਹਰ 'ਚੋਂ ਇਹ ਸ਼ਾਇਰੀ ਪੈਦਾ ਹੋਈ ਹੈ:

*ਰੰਗ ਹੀ ਕੁਛ ਇਸ ਤਰ੍ਹਾਂ ਦੇ ਭਰ ਲਏ ਖ਼ਾਬਾਂ 'ਚ ਮੈਂ*
*ਰਹਿ ਗਈ ਮੇਰੀ ਹਕੀਕਤ ਮੇਰਿਆਂ ਖ਼ਾਬਾਂ ਤੋਂ ਦੂਰ*

ਆਦਮੀ ਦੀ ਚਾਹਤ ਤਾਂ ਆਪਣੀ ਸਾਥਣ ਲਈ ਰਾਂਝਣ ਅਤੇ ਮਾਪਿਆਂ ਲਈ ਸਰਵਣ ਪੁੱਤਰ ਬਣਨ ਦੀ ਹੈ ਪਰ ਸਥਿਤੀਆਂ ਵੱਸ ਉਸ ਨੂੰ ਦੁਰਯੋਧਨ, ਭੀਸ਼ਮ ਜਾਂ ਅਰਜਨ ਬਣਨਾ ਪੈਂਦਾ ਹੈ:

*ਰੀਝ ਹੈ ਦਿਲ ਦੀ ਕਿ ਆਪਣੀ ਹੀਰ ਲਈ ਰਾਂਝਣ ਬਣਾਂ*
*ਭਾਵਨਾ ਇਹ ਵੀ ਹੈ ਕਿ ਮੈਂ ਮਾਂ ਲਈ ਸਰਵਣ ਬਣਾਂ*

*ਇਕ ਮਹਾਂ ਭਾਰਤ ਮੇਰੇ ਅੰਦਰ ਤੋਂ ਬਾਹਰ ਫੈਲਿਆ*
*ਖ਼ੁਦ ਹੀ ਦੁਰਯੋਧਨ, ਕਦੇ ਭੀਸ਼ਮ ਕਦੇ ਅਰਜਨ ਬਣਾਂ*

ਚਾਹਤ ਅਤੇ ਯਥਾਰਥ ਦੀ ਵੰਡ ਏਨੀ ਸਰਲ ਅਤੇ ਸਿੱਧ-ਪੱਧਰੀ ਨਹੀਂ ਹੈ। ਸਥਿਤੀ ਹੋਰ ਜਟਿਲ ਹੋ ਜਾਂਦੀ ਹੈ ਜਦ ਬੰਦੇ ਨੂੰ ਇਹ ਪਤਾ ਲੱਗਦਾ ਹੈ ਕਿ ਜ਼ਰੂਰੀ ਨਹੀਂ ਜੋ ਉਸ ਨੂੰ ਹਾਜ਼ਰ ਲੱਗਦਾ ਹੈ ਉਹ ਮੌਜੂਦ ਹੀ ਹੋਵੇ ਜਾਂ ਜੋ ਗ਼ੈਰ-ਹਾਜ਼ਰ ਲੱਗਦਾ ਹੈ ਉਹ ਮੌਜੂਦ ਨਾ ਹੋਵੇ। ਇਸ ਹੋਣ ਅਤੇ ਨਾ ਹੋਣ ਦਾ ਵਿਰੋਧਾਭਾਸ ਵੱਡੇ ਭੰਬਲ-ਭੂਸੇ ਨੂੰ ਜਨਮ ਦਿੰਦਾ ਹੈ:

Original with;
Jaswant Singh Zafar
Digitized by;
Panjab Digital Library

*ਜੁਦਾ ਰਹਿ ਕੇ ਵੀ ਨਜ਼ਦੀਕੀਆਂ ਤੋਂ ਮੁਕਤ ਨਾ ਹੋਏ*
*ਉਵੇਂ ਹੀ ਪਾਸ ਆ ਕੇ ਦੂਰੀਆਂ ਤੋਂ ਮੁਕਤ ਨਾ ਹੋਏ*

*ਤੇਰੇ ਪਾਸ ਪਹੁੰਚ ਕੇ ਵੀ ਨਾ ਮਿਟੀ ਤੇਰੀ ਤਲਾਸ਼*
*ਆਪਣੇ ਵਿਚ ਤੂੰ ਕਦੀ ਹਾਜ਼ਰ ਨਹੀਂ ਪਾਇਆ ਗਿਆ*

*ਇਹ ਨਗਰ ਹੈ ਆਪਣਿਆ ਦਾ ਖ਼ੁਝ ਨਹੀਂ ਏਥੇ ਕੋਈ*
*ਦੂਰ ਤੱਕ ਫੈਲੀ ਹੋਈ ਬੇਗਾਨਗੀ ਹੈ ਸਾਹਮਣੇ*

ਇਸ ਭੰਬਲਭੂਸੇ ਨੇ ਮਨੁੱਖ ਦੀ ਦਿਸ਼ਾਹੀਣ ਤੇਜ਼ ਰਫ਼ਤਾਰੀ ਨੂੰ ਜਨਮ ਦਿੱਤਾ ਹੈ। ਇਹ ਤੇਜ਼ ਰਫ਼ਤਾਰੀ ਯਾਤਰਾ ਨਹੀਂ, ਜ਼ਿੰਦਗੀ ਦੇ ਜਲੂਸ ਦੀ ਸ਼ਾਨ ਨਹੀਂ, ਸਗੋਂ ਭੀੜ-ਭੜੱਕੇ ਅਤੇ ਹਫ਼ੜਾ-ਦਫ਼ੜੀ ਨੂੰ ਜਨਮ ਦਿੰਦੀ ਹੈ। ਇਹ ਹਫੜਾ-ਦਫੜੀ ਮਨੁੱਖ ਦੀ ਸਿਰਨਾਤਮਕ ਊਰਜਾ ਨੂੰ ਕਾਫੀ ਹੱਦ ਤੱਕ ਨਸ਼ਟ ਕਰ ਰਹੀ ਹੈ। ਬੇਰਹਿਮ ਭੀੜ ਦੇ ਪੈਰਾਂ 'ਚ ਚੰਗੀਆਂ ਕਦਰਾਂ ਕੀਮਤਾਂ ਮਿੱਧੀਆਂ ਜਾ ਰਹੀਆਂ ਹਨ। ਇਸ ਬਾਰੇ ਜਗਤਾਰ ਸੇਖਾ ਨੇ ਕਈ ਥਾਈਂ ਸੰਕੇਤ ਕੀਤਾ ਹੈ:

*ਸਭੇ ਰਾਹ ਵੀ ਨੇ ਸਜੇ ਹੋਏ ਜਦੋਂ ਮੰਜ਼ਿਲਾਂ 'ਚ ਵੀ ਹੈ ਚਮਕ*
*ਇਹ ਮੁਸਾਫ਼ਿਰਾਂ ਦੇ ਹੀ ਚਿਹਰਿਆਂ ਤੇ ਤਣੀ ਹੋਈ ਹੈ ਥਕਾਨ ਕਿਉਂ*

*ਇਹ ਕੇਹੇ ਸਫ਼ਰ 'ਚ ਉਲਝ ਗਏ, ਇਹ ਕੇਹੇ ਮੁਕਾਮ ਤੇ ਆ ਗਏ*
*ਕਦੇ ਕੰਬਦਾ ਕਦੇ ਖਿਰਕਦਾ ਕਦੇ ਤਿੜਕਦਾ ਇਮਾਨ ਕਿਉਂ*

ਰਾਜਨੀਤਕ ਜਾਂ ਆਰਥਿਕ ਪ੍ਰਬੰਧ ਤੇ ਟਿੱਪਣੀ ਕਰ ਲੈਣਾ, ਘਰ-ਪਰਿਵਾਰ, ਵਿਆਹ ਜਾਂ ਹੋਰ ਸਮਾਜਕ ਸੰਸਥਾਵਾਂ ਤੇ ਟਿੱਪਣੀ ਕਰ ਲੈਣਾ, ਰਹੁ-ਰੀਤਾਂ, ਮਰਿਯਾਦਾਵਾਂ ਦੀ ਖਿੱਲੀ ਉਡਾ ਲੈਣਾ, ਮਨੁੱਖਾਂ ਦੇ ਸਮਾਜੀ ਵਤੀਰੇ ਦੀ ਆਲੋਚਨਾ ਕਰ ਲੈਣਾ, ਇਹ ਸਭ ਕਵੀ ਸੌਖਿਆਂ ਹੀ ਕਰ ਸਕਦੇ ਜਾਂ ਕਰ ਲੈਂਦੇ ਹਨ। ਇਸ ਤਰ੍ਹਾਂ ਦੀ ਸ਼ਾਇਰੀ ਦਾ ਆਪਣਾ ਮਹੱਤਵ ਹੁੰਦਾ ਹੋਵੇਗਾ, ਪਰ ਇਹ ਸੌਖਾ ਕੰਮ ਹੈ। ਪਰ ਜਗਤਾਰ ਸੇਖਾ ਨੇ ਸ਼ਾਇਰੀ ਵਿਚ ਔਖਾ ਰਸਤਾ ਚੁਣਿਆਂ ਹੈ। ਉਹ ਇਹਨਾਂ ਸਾਰੀਆ ਗੱਲਾਂ ਨੂੰ ਗੁੰਨ੍ਹ ਕੇ ਹਜ਼ਮ ਕਰਕੇ ਇਹਨਾਂ ਦੇ ਸਰੋਤ ਦੀ ਨਿਸ਼ਾਨਦੇਹੀ ਕਰਦਾ ਹੈ ਅਤੇ ਉਸ ਪ੍ਰਤੀ ਆਪਣੀ ਸਮਝ ਸਾਂਝੀ ਕਰਦਾ ਹੋਇਆ ਵਰਤਮਾਨ ਮਨੁੱਖ ਦੀ ਹੋਣੀ ਦੀ ਤਸਵੀਰ ਪੇਸ਼ ਕਰਦਾ ਹੈ। ਅਜਿਹਾ ਕਰਦਿਆਂ ਉਹ ਪੰਜਾਬੀ ਦੇ ਸਥਾਪਤ ਗ਼ਜ਼ਲਗੋਆਂ ਵਿਚ ਆਪਣੇ ਆਪ ਨੂੰ ਸਥਾਪਤ ਕਰਦਾ ਹੈ। ਸਥਾਪਤ ਹੋਣ ਨਾਲ ਕਵੀ ਦੀ ਗੌਲਣਯੋਗਤਾ ਬਣਦੀ ਹੈ। ਮੇਰੇ ਖਿਆਲ 'ਚ ਸਥਾਪਤ ਕਵੀ ਹੋਣਾ ਹੋਰ ਗੱਲ ਹੈ ਤੇ ਵਧੀਆ ਕਵੀ ਹੋਣਾ ਹੋਰ

*Original with;*
Jaswant Singh Zafar
*Digitized by;*
Panjab Digital Library

ਗੱਲ ਹੈ। ਜੋ ਕਵੀ ਸਥਾਪਤ ਹੋਣ ਤੋਂ ਬਗੈਰ ਵਧੀਆ ਕਵੀ ਬਣ ਜਾਂਦੇ ਹਨ ਉਹਨਾਂ ਦਾ ਪਾਠਕਾਂ/ਸਰੋਤਿਆਂ ਦੇ ਵੱਡੇ ਘੇਰੇ ਨੂੰ ਲਾਭ ਨਹੀਂ ਪਹੁੰਚਦਾ। ਆਪਣੀ ਵਿਲੱਖਣਤਾ ਸਥਾਪਤ ਕਰਨ ਲਈ ਕਵੀ ਨੂੰ ਖਾਸ ਜੁਗਤਾਂ ਈਜਾਦ ਕਰਨੀਆਂ ਪੈਂਦੀਆ ਹਨ ਜੋ ਉਸ ਦੀ ਪਛਾਣ-ਚਿੰਨ੍ਹ ਬਣਦੀਆਂ ਹਨ। ਪਰ ਜੇ ਕਵੀ ਸਥਾਪਤ ਹੋਣ ਉੱਪਰੰਤ ਇਹਨਾਂ ਜੁਗਤਾਂ/ਪਛਾਣ ਚਿੰਨ੍ਹਾਂ ਨਾਲ ਹਮੇਸ਼ਾ ਲਈ ਬੱਝ ਜਾਵੇ ਤਾਂ ਉਸ ਦੇ ਚੰਗਾ ਕਵੀ ਹੋਣ ਦੀਆਂ ਸੰਭਾਵਨਾਵਾਂ ਅੜਿਕਾ ਗ੍ਰਸਤ ਹੋ ਜਾਂਦੀਆਂ ਹਨ। ਜੁਗਤਾਂ ਦੇ ਦੁਹਰਾਓ ਨਾਲ ਉਹ ਰਚਨਾ ਦੀ ਬਜਾਏ ਉਤਪਾਦਨ ਕਰਨ ਲੱਗਦਾ ਹੈ। ਇਸ ਲਈ ਜਦੋਂ ਕਵੀ ਨੂੰ ਆਪਣੇ ਸਥਾਪਤ ਹੋ ਜਾਣ ਦਾ ਝੌਲਾ ਪੈਣ ਲੱਗੇ ਤਾਂ ਉਸਨੂੰ ਆਪਣੀਆਂ ਜੁਗਤਾਂ ਅਤੇ ਪਛਾਣ ਚਿੰਨ੍ਹਾਂ ਨੂੰ ਵਿਸਥਾਪਤ ਕਰਨ ਦਾ ਆਹਰ ਸ਼ੁਰੂ ਕਰਨਾ ਚਾਹੀਦਾ ਹੈ। ਇਸ ਨਾਲ ਉਸ ਦੇ ਚੰਗਾ ਕਵੀ ਬਣਨ ਦੀ ਅਗਲੀ ਯਾਤਰਾ ਸ਼ੁਰੂ ਹੁੰਦੀ ਹੈ।

•

*Original with;*
Jaswant Singh Zafar
*Digitized by;*
Panjab Digital Library

# ਜਾਣ ਦੇ ਮੈਨੂੰ

ਕੁਝ ਦੇਰ ਗ਼ਜ਼ਲ ਤੇ ਹੱਥ ਅਜ਼ਮਾਈ ਕਰਨ ਮਗਰੋਂ ਜਗਦੀਪ ਸਿੱਧੂ ਨੇ ਬੜੇ ਪੱਕੇ ਪੈਰੀਂ ਨਜ਼ਮ ਨਿਗਾਰੀ ਸ਼ੁਰੂ ਕੀਤੀ। ਉਸ ਦੀ ਨਜ਼ਮਾਂ ਦੀ ਕਿਤਾਬ ਛਪੀ: 'ਜਾਣ ਦੇ ਮੈਨੂੰ'। ਉਸ ਲਈ ਕਲਮ ਸਿੱਧੇਪਨ ਅਤੇ ਤਿੱਖੇਪਨ ਦਾ ਪ੍ਰਤੀਕ ਹੈ। ਉਹ ਆਪ ਸਿੱਧਾ ਅਤੇ ਤਿੱਖਾ ਲਿਖਦਾ ਹੈ। ਸਿੱਧਾ ਲਿਖ ਕੇ ਸਿੱਧੇ ਰਾਹ ਦਿਖਾਉਂਦਾ ਹੈ। ਪਰ ਉਹ ਤਿੱਖਾ ਲਿਖ ਕੇ ਜ਼ਖ਼ਮ ਨਹੀਂ ਕਰਦਾ, ਝੰਜੋੜ ਦਿੰਦਾ ਹੈ। ਮਾਂ ਦੇ ਹਵਾਲੇ ਨਾਲ ਲਿਖੀਆਂ ਕਵਿਤਾਵਾਂ ਸਭ ਤੋਂ ਵੱਧ ਝੰਜੋੜਦੀਆਂ ਹਨ। ਮਾਂ ਜੋ ਆਪਣੇ ਭਰਾ ਦੀ ਮੌਤ ਤੋਂ ਬਾਅਦ ਆਪਣੇ ਭਤੀਜੇ-ਭਤੀਜੀਆਂ ਦੀ ਵੀ ਮਾਂ ਬਣ ਗਈ ਸੀ, ਆਪਣੇ ਬੱਚਿਆਂ ਲਈ ਮਾਮਾ ਵੀ ਬਣ ਗਈ ਸੀ। ਮਾਂ ਕੀਤਰਪੁਰ ਆਪਣੇ ਪਤੀ ਦੇ ਫੁੱਲ ਤਾਰਨ ਗਈ ਤਾਂ ਆਪਣੇ ਬਚਦੇ ਹੰਝੂ ਵੀ ਤਾਰ ਆਈ ਸੀ ਅਤੇ ਹੋਰ ਵੀ ਤਕੜੀ ਹੋ ਕੇ ਮੁੜੀ ਸੀ। ਪਤੀ ਦੇ ਚਲਾਣੇ ਤੋਂ ਬਾਅਦ ਉਹ ਆਪਣੇ ਬੱਚਿਆਂ ਦਾ ਬਾਪ ਵੀ ਬਣ ਗਈ ਅਤੇ ਆਪਣੀਆਂ ਨਣਦਾਂ ਦਾ ਦਿਨ-ਸੁਦ ਤੇ ਢੁੱਕਣ ਵਾਲਾ ਭਰਾ ਵੀ। ਬਹੁਤ ਸਾਰੇ ਕਰੀਬੀਆਂ ਦੀਆਂ ਮੌਤਾਂ ਨਾਲ ਉਹਦਾ ਸਿਰ ਚਿੱਟੀ ਚੁੰਨੀ ਹੋ ਗਿਆ। ਪਰ ਉਸ ਨੇ ਆਪਣੇ ਬਿਰਧ ਹੋਣ ਤੱਕ ਸਾਰੇ ਰਿਸ਼ਤਿਆਂ ਨੂੰ ਜਵਾਨ ਹੀ ਰੱਖਿਆ। ਮਾਂ ਨੇ ਆਪਣੇ ਬੱਚਿਆਂ ਨੂੰ ਪਾਲਣ ਲਈ ਦੁੱਖਾਂ ਦੇ ਪਹਾੜ ਸਿਰ ਤੇ ਚੁੱਕੇ ਸਨ। ਹੁਣ ਔਲਾਦ ਨੂੰ ਖੁਸ਼ ਅਤੇ ਖੁਸ਼ਹਾਲ ਵਸਦੀ ਦੇਖ ਕੇ ਮਾਂ ਮਹਿਸੂਸ ਕਰਦੀ ਕਿ ਉਸ ਨੇ ਆਪਣੀ ਮਿਹਨਤ, ਸਿਦਕ ਅਤੇ ਸਿਰੜ ਨਾਲ ਇਹ ਪਹਾੜ ਆਪਣੇ ਪੈਰਾਂ ਹੇਠ ਕਰ ਲਏ ਹਨ।

ਘਰ ਦਾ ਦਰਵਾਜ਼ਾ ਜ਼ੋਰ ਨਾਲ ਖੁੱਲਣ ਅਤੇ ਵੱਜਣ ਨਾਲ ਪਿਤਾ ਜਗਦੀਪ ਦੇ ਚੇਤਿਆਂ ਵਿਚੋਂ ਲੰਘ ਆਉਂਦਾ ਹੈ। ਬੈਡਾਂ ਤੇ ਠੱਕ-ਠੱਕ ਹੋਣ ਨਾਲ ਪਿਤਾ ਦੀ ਯਾਦ ਉਸ ਦੇ ਦਿਮਾਗ ਵਿਚ ਦਸਤਕ ਦਿੰਦੀ ਹੈ। ਕਿਉਂਕਿ ਪਿਤਾ ਆਪਣੇ ਬੱਚਿਆਂ ਨੂੰ ਬੈਡਾਂ 'ਤੇ ਠੱਕ-ਠੱਕ ਕਰਨ ਅਤੇ ਦਰਵਾਜ਼ਾ ਜ਼ੋਰ ਨਾਲ ਖੋਲ੍ਹਣ ਭੇੜਨ ਤੋਂ ਹਮੇਸ਼ਾਂ ਵਰਜਦਾ ਸੀ। ਉਸ ਨੇ ਬੜੀ ਰੀਝ ਨਾਲ ਬੈਡ ਬਣਵਾਏ ਸਨ ਅਤੇ ਹੱਥੀਂ ਟਾਹਲੀ ਚਿਰਾਅ ਕੇ, ਸੁਕਾ ਕੇ ਦਰਵਾਜ਼ਾ ਬਣਵਾਇਆ ਸੀ।

ਜਗਦੀਪ ਆਪਣੀ ਪਤਨੀ ਦੇ ਮਿਹਨਤੀ ਅਤੇ ਸਚਿਆਰੇ ਸੁਭਾਅ ਦਾ ਕਦਰਦਾਨ ਹੈ। ਉਸ ਨੂੰ ਆਪਣੀ ਪਤਨੀ ਨਿਰੀ ਸਰਵਣ ਵਾਂਗ ਲਗਦੀ ਹੈ ਜਿਸ

*Original with;*
Jaswant Singh Zafar
*Digitized by;*
Panjab Digital Library

ਨੇ ਇੱਕ ਮੋਢੇ ਉੱਤੇ ਆਪਣੇ ਸਹੁਰੇ ਘਰ ਦੇ ਹਰ ਦੁੱਖ ਸੁੱਖ ਨੂੰ ਓਟਿਆ ਹੋਇਆ ਹੈ ਅਤੇ ਦੂਜੇ ਮੋਢੇ ਉੱਤੇ ਪੇਕਾ ਘਰ ਚੁੱਕਿਆ ਹੋਇਆ ਹੈ। ਉਹ ਆਪਣੀ ਧੀ ਦਾ ਵੀ ਬਹੁਤ ਧੰਨਵਾਦੀ ਹੈ ਜਿਸ ਨੇ ਆਪਣੀ ਆਮਦ ਨਾਲ ਭੂਆ, ਫੁੱਫੜ, ਮਾਸੀ, ਮਾਸੜ, ਚਾਚਾ, ਚਾਚੀ ਵਰਗੇ ਕਈ ਨਵੇਂ ਰਿਸ਼ਤਿਆਂ ਦੀ ਸਿਰਜਨਾ ਕੀਤੀ। ਉਹ ਆਪ ਉਸ ਦਾ ਪਿਤਾ ਬਣ ਕੇ ਆਪਣੇ ਮਾਪਿਆਂ ਦੀਆਂ ਮੁਸ਼ਕਿਲਾਂ ਅਤੇ ਚਿੰਤਾਵਾਂ ਨੂੰ ਸਮਝਣ ਜੋਗਾ ਹੋਇਆ ਹੈ। ਇੰਜ ਉਸ ਦੀ ਧੀ ਨੇ ਉਸ ਦੀ ਵਧੀਆ ਪੁੱਤਰ ਬਣਨ ਵਿਚ ਸਹਾਇਤਾ ਕੀਤੀ। ਇਸ ਤਰ੍ਹਾਂ ਸੰਤੋਖ ਅਤੇ ਸੰਤੁਸ਼ਟੀ ਦੇ ਭਾਵ ਨਾਲ ਭਰਿਆ ਜਗਦੀਪ ਆਪਣੇ ਸਾਰੇ ਰਿਸ਼ਤਿਆਂ ਪ੍ਰਤੀ ਆਪਣਾ ਧੰਨਵਾਦ ਪੇਸ਼ ਕਰਦਾ ਹੈ।

ਨਿੱਕੇ ਹੁੰਦਿਆਂ ਦੇਰ ਤੱਕ ਸੁੱਤੇ ਰਹਿਣ ਵਾਲੇ ਜਗਦੀਪ ਨੂੰ ਅੱਖਾਂ 'ਚ ਪਾਣੀ ਦੇ ਛਿੱਟੇ ਮਾਰ ਕੇ ਜਗਾਇਆ ਜਾਂਦਾ ਸੀ। ਉਸ ਨੂੰ ਇਸ ਤਰ੍ਹਾਂ ਜਗਾਉਣ ਵਾਲੀ ਤਾਂ ਹੁਣ ਉਸ ਦੇ ਕੋਲ ਨਹੀਂ ਹੈ, ਪਰ ਪਾਣੀ ਹਮੇਸ਼ਾਂ ਉਸ ਦੀਆਂ ਅੱਖਾਂ ਦੇ ਅੰਗ-ਸੰਗ ਰਹਿੰਦਾ ਹੈ। ਇਹ ਪਾਣੀ ਉਸ ਦੇ ਨਿੱਜੀ ਦੁੱਖਾਂ, ਕਲੇਸ਼ਾਂ, ਥੁੜਾਂ ਜਾਂ ਔਕੜਾਂ ਕਾਰਨ ਨਹੀਂ ਹੈ। ਇਸ ਲਈ ਉਸ ਦੀ ਸ਼ਾਇਰੀ ਨੂੰ ਨਿਰਾਸ਼ਾ ਦੀ ਸ਼ਾਇਰੀ ਨਹੀਂ ਕਿਹਾ ਜਾ ਸਕਦਾ। ਇਹ ਪਾਣੀ ਤਾਂ ਕਦੀ ਉਹਦੇ ਆਪਣਿਆਂ ਪ੍ਰਤੀ ਸ਼ੁਕਰਾਨੇ ਦੇ ਭਾਵ ਦਾ ਹੁੰਦਾ ਹੈ। ਕਦੀ ਉਸਦੇ ਆਲੇ-ਦੁਆਲੇ ਵਸਦੇ ਦੁੱਖਾਂ ਅਤੇ ਥੁੜਾਂ ਮਾਰਿਆਂ ਪ੍ਰਤੀ ਉਸਦੀ ਗਹਿਰੀ ਸੰਵੇਦਨਾ ਦਾ ਹੈ। ਕਿੰਨਾ ਕੁਛ ਅਜਿਹਾ ਹੈ ਜੋ ਉਸ ਦੀਆਂ ਅੱਖਾਂ 'ਚ ਰੜਕਦਾ ਰਹਿੰਦਾ ਹੈ, ਉਸ ਨੂੰ ਸੌਣ ਨਹੀਂ ਦਿੰਦਾ। ਉਹ ਦੇਖਦਾ ਹੈ ਕਿ ਜਿੱਥੇ ਕਿਸਾਨ ਜ਼ਮੀਨ ਵਿਹੂਣਾ ਹੋ ਰਿਹਾ ਹੈ ਉਥੇ ਫੈਕਟਰੀਆਂ, ਮਿੱਲਾਂ, ਹਵਾਈ ਅੱਡਿਆਂ, ਮਹਿੰਗੇ ਹੋਟਲਾਂ, ਸਵਿੰਮਿਗ ਪੂਲਾਂ ਦੇ ਬਣਨ ਦੀ ਚਰਚਾ ਹੈ। ਫੈਕਟਰੀਆਂ ਦੀਆਂ ਚਿਮਨੀਆਂ ਦਾ ਧੂੰਆਂ ਕਿਸਾਨਾਂ ਦੇ ਟੱਬਰਾਂ ਦੇ ਸੁਪਨਿਆਂ ਨੂੰ ਰਾਖ ਕਰ ਰਿਹਾ ਹੈ। ਹਵਾਈ ਅੱਡਿਆਂ ਦੇ ਹਵਾਈ ਸੁਪਨੇ ਉਹਨਾਂ ਨੂੰ ਧਰਤੀ ਤੇ ਖਲੋਣ ਜੋਗੇ ਨਹੀਂ ਛੱਡ ਰਹੇ। ਉਸ ਦੀ ਗਿੱਲੀ ਅੱਖ ਨੂੰ ਮਿੱਲ ਦੇ ਧਾਗੇ ਦੀ ਥਾਂ ਕਿਸਾਨ ਦੇ ਗਲ਼ ਪਿਆ ਰੱਸਾ ਨਜ਼ਰ ਆਉਂਦਾ ਹੈ। ਉਹ ਚਾਹੁੰਦਾ ਹੈ ਕਿ ਮਹਿੰਗੇ ਹੋਟਲਾਂ ਦੇ ਸਵਿੰਮਿੰਗ ਪੂਲਾਂ ਨਾਲ 'ਵਿਕਾਸ' ਕਰਨ ਵਾਲੀਆਂ 'ਨੀਂਹ ਪੱਥਰ' ਮਾਰਕਾ ਸਰਕਾਰਾਂ ਨੂੰ ਗਰੀਬ ਕਿਸਾਨਾਂ ਦੀਆਂ ਅੱਖਾਂ 'ਚ ਵਗਦੇ ਦਰਿਆ ਦਿਖਾਈ ਦੇਣ। ਜਦ ਗੰਨੇ ਦਾ ਮੁੱਲ ਮੰਗਣ ਵਾਲਿਆਂ ਦੇ ਮੌਰਾਂ 'ਚ ਪੁਲਸ ਗੰਨਿਆਂ ਵਰਗੀਆਂ ਡਾਂਗਾਂ ਵਰ੍ਹਾਉਂਦੀ ਹੈ ਤਾਂ ਉੱਚੀਆਂ ਉਡਾਰੀਆਂ ਲਾਉਣ ਦੇ ਸੁਪਨੇ ਫਾਹਾ ਲੈ ਮਰਦੇ ਹਨ। ਸਫੈਦ ਨਰਮੇ ਦਾ ਭਾਅ ਵਧਾਉਣਾ ਸਫੈਦ ਝੂਠ ਨਿਕਲਦਾ ਹੈ। ਸਕੂਲੇ ਪੜ੍ਹਨ ਦੀ ਬਜਾਏ ਨਿੱਕੀ ਉਮਰੇ ਨਰਮਾ ਚੁਗਣ ਵਾਲੀਆਂ ਕੁੜੀਆਂ ਨੂੰ ਦੇਖ ਕੇ ਵੀ ਉਸ ਦੀਆਂ ਅੱਖਾਂ ਵਿਚ ਪਾਣੀ ਆਉਂਦਾ ਹੈ। ਧੁੱਪ 'ਚ ਨਰਮਾ ਚੁਗਦੀਆਂ ਇਹਨਾਂ ਕੁੜੀਆਂ ਦਾ ਰੰਗ ਏਨਾ ਕਾਲਾ ਹੋ ਜਾਂਦਾ ਹੈ

*Original with;*
Jaswant Singh Zafar
*Digitized by;*
Panjab Digital Library

ਕਿ ਜਦ ਉਹ ਚਿੱਟੇ ਦੰਦ ਕੱਢ ਹੱਸਦੀਆਂ ਹਨ ਤਾਂ ਇਹ ਕਾਲਾ-ਚਿੱਟਾ ਦ੍ਰਿਸ਼ ਵੀ ਬੇਕਦਰੀ ਦੀ ਮਾਰੀ ਨਰਮੇ ਦੀ ਫਸਲ ਵਰਗਾ ਲੱਗਦਾ ਹੈ। ਇਸ ਸਭ ਕਾਸੇ ਦੇ ਬਾਵਜੂਦ ਜਗਦੀਪ ਦੀ ਸ਼ਾਇਰੀ ਨਿਰਾਸ਼ ਹੋ ਕੇ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਲਈ ਚੜ੍ਹਦੀ ਕਲਾ ਦਾ ਸੁਨੇਹਾ ਹੈ।

ਜਗਦੀਪ ਦੀ ਅੱਖ ਇਸ ਕਰਕੇ ਵੀ ਸਿੱਲ੍ਹੀ ਹੈ ਕਿ ਵੱਖ-ਵੱਖ ਹੁਨਰਾਂ ਦੇ ਧਾਰਨੀ ਕਿਰਤੀਆਂ ਲਈ ਭਾਰੀ ਮਿਹਨਤ ਦੇ ਬਾਵਜੂਦ ਆਪਣੀ ਜ਼ਿੰਦਗੀ ਦਾ ਤੋਰਾ ਤੋਰਨਾ ਮੁਸ਼ਕਿਲ ਹੋਇਆ ਪਿਆ ਹੈ। ਘੁਮਿਆਰ ਆਪਣੇ ਘਰ ਸ਼ਾਮੀਂ ਆਟਾ ਗੁੰਨ੍ਹਣ ਲਈ ਦਿਨ ਭਰ ਮਿੱਟੀ ਗੁੰਨ੍ਹਦਾ ਹੈ, ਘਰ 'ਚ ਰੌਸ਼ਨੀ ਕਰਨ ਲਈ ਲੋਕਾਂ ਲਈ ਦੀਵੇ ਬਣਾਉਂਦਾ ਹੈ। ਘਰ ਦੀ ਭੁੱਖ-ਪਿਆਸ ਨਾਲ ਨਜਿੱਠਣ ਲਈ ਘੜੇ ਬਣਾਉਂਦਾ ਹੈ। ਪਰ ਫਰਿੱਜਾਂ ਨੇ ਘੜਿਆਂ ਦੀ ਮੰਗ ਠੰਡੀ ਕਰ ਦਿੱਤੀ ਹੈ, ਚੀਨ ਦੀਆਂ ਬਣੀਆਂ ਬਿਜਲੀ ਦੀਆਂ ਲੜੀਆਂ ਦੀ ਵਿਕਰੀ ਨੇ ਉਹਨਾਂ ਦੇ ਘਰੀਂ ਦੀਵੇ ਗੁੱਲ ਕਰਕੇ ਉਹਨਾਂ ਦਾ ਜੀਵਨ ਹਨੇਰਾ ਕਰ ਦਿੱਤਾ ਹੈ। ਹੁਣ ਘੁਮਿਆਰ ਨੂੰ ਆਪਣੀ ਰੋਜ਼ੀ ਰੋਟੀ ਲਈ ਜਿਉਂਦਿਆਂ ਦੀ ਬਜਾਏ ਮਰਿਆਂ ਤੋਂ ਹੀ ਆਸਾਂ ਹਨ, ਕਿਉਂਕਿ ਮਰਿਆਂ ਦੀਆਂ ਮੜੀਆਂ ਤੇ ਹੀ ਦੀਵੇ ਜਗਦੇ, ਉਹਨਾਂ ਦੇ ਅੰਤਮ ਸੰਸਕਾਰ ਵੇਲੇ ਘੜੇ ਭੰਨੇ ਜਾਂਦੇ ਹਨ। ਜਦੋਂ ਹੁਨਰਮੰਦਾਂ ਨੂੰ ਜ਼ਿੰਦਗੀ ਦੀ ਬਜਾਏ ਮੌਤ ਦਾ ਆਸਰਾ ਹੋਵੇ ਤਾਂ ਜਿੰਦਗੀ ਦਾ ਬੇਰੰਗ ਹੋਣਾ ਸੁਭਾਵਕ ਹੈ। ਇਸ ਗੱਲ ਦੀ ਤਾੜਨਾ ਇਹ ਸ਼ਾਇਰੀ ਵਾਰ-ਵਾਰ ਕਰਦੀ ਹੈ। ਕੋਲਾ ਖਾਣਾਂ ਵਿਚ ਕੰਮ ਕਰਦੇ ਕਿਰਤੀ ਨੂੰ ਆਪਣੇ ਘਰ ਦਾ ਨਿੱਕਾ ਚੁੱਲ੍ਹਾ ਬਲਦਾ ਰੱਖਣ ਲਈ ਕਰੋੜਾਂ ਟਨ ਕੋਲਾ ਕੱਢਣਾ ਪੈਂਦਾ ਹੈ। ਇਹ ਜਗਮਗਾਹਟ ਪੈਦਾ ਕਰਨ ਵਾਲੀ ਬਿਜਲੀ ਬਣਾਉਣ ਵਾਲੇ ਥਰਮਲ ਪਲਾਂਟਾਂ ਲਈ ਹਨੇਰੀਆਂ ਖਾਨਾਂ ਵਿਚ ਰਹਿ ਕੇ ਦਿਨ ਰਾਤ ਕੋਲਾ ਮੁਹੱਈਆ ਕਰਦੇ ਹਨ। ਸੁੱਚੀ ਕਿਰਤ ਕਰਨ ਵਾਲੇ ਇਹਨਾਂ ਕਿਰਤੀਆਂ ਦੇ ਮੂੰਹ-ਸਿਰ ਕਾਲ਼ੇ ਹੋਏ ਰਹਿੰਦੇ ਹਨ ਜਦ ਕਿ ਕਾਲੇ ਧੰਦੇ ਅਤੇ ਕਾਲੇ ਕਾਰਨਾਮੇ ਕਰਨ ਵਾਲੇ ਸਫੈਦਪੋਸ਼ ਸ਼੍ਰੀਮਾਨ ਬਣੇ ਫਿਰਦੇ ਹਨ। ਸਿਰ ਤੇ ਇੱਟਾਂ ਢੋਣ ਵਾਲੀ ਸੁਹਾਗਣ ਮਜ਼ੂਰਨ ਨੂੰ ਆਪਣੇ ਬੱਚਿਆਂ ਦਾ ਪੇਟ ਭਰਨ ਲਈ ਕੇਵਲ ਆਪਣੀ ਮਾਂਗ ਹੀ ਨਹੀਂ ਸਗੋਂ ਪੂਰਾ ਸਿਰ ਹੀ ਇੱਟਾਂ ਦੇ ਲਾਲ ਰੰਗ ਨਾਲ ਭਰਨਾ ਪੈਂਦਾ ਹੈ। ਇਹਨਾਂ ਮਜ਼ਦੂਰਾਂ ਕਿਸਾਨਾਂ ਦੀ ਜੂਨ ਸੁਧਾਰਨ ਲਈ ਜਗਦੀਪ ਨੂੰ ਦੇਸ਼ ਦੀਆਂ ਤਥਾ-ਕਥਿਤ ਖੱਬੀਆਂ ਰਾਜਨੀਤਕ ਧਿਰਾਂ ਤੋਂ ਬਹੁਤੀ ਆਸ ਨਹੀਂ। ਇਸ ਦਾ ਬਖਾਨ ਉਹ 'ਭਾਰਤੀ ਕਾਮਰੇਡ ਦਾ ਤਰਕ' ਨਾਂ ਦੀ ਨਿੱਕੀ ਕਵਿਤਾ ਵਿਚ ਬੜੇ ਵਿਅੰਗਮਈ ਤਰੀਕੇ ਨਾਲ ਕਰਦਾ ਹੈ। ਢਿੱਡ ਭਰਵੀਆਂ ਮਜ਼ਦੂਰੀਆਂ ਨੂੰ ਤਰਸਦੇ ਕਾਮੇ ਜਦ ਆਪਣੇ ਘਰਾਂ ਦੇ ਚੁੱਲ੍ਹੇ ਬਲਦੇ ਰੱਖਣ ਲਈ ਇਰਾਨ ਇਰਾਕ ਵਰਗੇ ਦੇਸ਼ਾਂ ਵਿਚ ਚਲੇ ਜਾਂਦੇ ਹਨ ਤਾਂ ਉੱਥੇ ਜੰਗ ਵਾਲੀ ਅੱਗ ਉਹਨਾਂ ਦੇ ਪੇਸ਼ ਪੈ ਜਾਂਦੀ ਹੈ।

ਜਗਦੀਪ ਦੀ ਅੱਖ ਵਿਚ ਕਦੀ ਇਸ ਕਰਕੇ ਵੀ ਪਾਣੀ ਆਉਂਦਾ ਹੈ ਕਿ

*Original with;*
Jaswant Singh Zafar
*Digitized by;*
Panjab Digital Library

ਸਮਾਜ ਦੇ ਨਾਇਕ ਚੰਗੇ ਖਿਡਾਰੀ, ਸੁਖ਼ਨਵਰ, ਸਾਜ਼ਨਿਵਾਜ਼ ਜਾਂ ਦੂਸਰੇ ਹੁਨਰਮੰਦ ਨਹੀਂ ਸਗੋਂ ਬੇਸੁਰੇ, ਬਦਤਮੀਜ਼ ਅਤੇ ਹੋਛੇ ਗਾਇਕ ਹਨ। ਉਸ ਨੂੰ ਦੁੱਖ ਹੈ ਕਿ ਅਸੀਂ ਧਿਆਨ ਚੰਦ ਵਰਗੇ ਗੁਣੀ ਖਿਡਾਰੀਆਂ ਦਾ ਧਿਆਨ ਨਹੀਂ ਰੱਖਦੇ। ਇਸ ਲਈ ਨੌਂ ਵਾਰ ਉਲਿੰਪਕ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਹੁਣ ਵਿਸ਼ਵ ਵਿਚ ਨੌਵੇਂ ਸਥਾਨ ਤੇ ਹੈ। ਅੰਤਰ-ਰਾਸ਼ਟਰੀ ਪੱਧਰ ਦੇ ਨਾਮੀ ਖਿਡਾਰੀ ਬਣਨ ਦੀਆਂ ਅਣਗਿਣਤ ਸੰਭਾਵਨਾਵਾਂ ਨੂੰ ਫੈਕਟਰੀਆਂ 'ਚ ਬਾਲ ਮਜ਼ਦੂਰੀ ਨਿਗਲ਼ ਰਹੀ ਹੈ। ਉਹ ਐਸੇ ਸਾਬਕਾ ਚੈਂਪੀਅਨ ਤੈਰਾਕ ਨੂੰ ਜਾਣਦਾ ਹੈ ਜੋ ਕਦੀ ਲੰਮੀਆਂ ਬਾਹਾਂ ਨਾਲ ਪਾਣੀ ਪਿੱਛੇ ਧੱਕਦਾ ਸੀ ਹੁਣ ਰੁਜ਼ਗਾਰ ਲਈ ਥਾਂ-ਥਾਂ ਖੁਦ ਧੱਕੇ ਖਾਂਦਾ ਹੈ। ਪਾਣੀ ਜੋ ਕਦੀ ਉਸ ਤੈਰਾਕ ਤੋਂ ਡਰਦਾ ਸੀ ਹੁਣ ਉਸ ਦੇ ਨੀਵੇਂ ਘਰ 'ਚ ਆ ਵੜਦਾ ਹੈ, ਘਰ ਦੀ ਛੱਤ 'ਚੋਂ ਚੋਂਦਾ ਹੈ, ਉਸ ਦੇ ਮਾਂ-ਪਿਉ ਦੀਆਂ ਅੱਖਾਂ 'ਚੋਂ ਵਗਦਾ ਹੈ। ਜਗਦੀਪ ਗੁੰਮਨਾਮੀ ਵਿਚ ਮਰੇ ਅਜਿਹੇ ਸੁਖ਼ਨਵਰ ਨੂੰ ਵੀ ਜਾਣਦਾ ਹੈ ਜਿਸ ਦੇ ਗੀਤ ਸੈਂਕੜੇ ਲੋਕਾਂ ਨੇ ਗਾਏ, ਲੱਖਾਂ ਨੇ ਸੁਣੇ ਅਤੇ ਹਜ਼ਾਰਾਂ ਲੋਕਾਂ ਨੇ ਉਸ ਦੇ ਸਿਰੋਂ ਪੈਸੇ ਕਮਾਏ ਪਰ ਉਹ ਖੁਦ ਕੰਗਾਲੀ ਭੋਗਦਾ ਮਰਿਆ। ਇਕੱਲੇ ਗੀਤਕਾਰ ਹੀ ਨਹੀਂ ਗਾਇਕਾਂ ਦੇ ਪਿੱਛੇ ਹਾਰਮੋਨੀਅਮ, ਤਬਲਾ, ਢੋਲਕੀ, ਬਾਂਸੁ਼ਰੀ, ਤਾਨਪੁਰਾ ਅਤੇ ਹੋਰ ਅਨੇਕਾਂ ਸਾਜ਼ ਵਜਾਉਣ ਵਾਲੇ ਬਹੁਤ ਗੁਣੀ ਕਲਾਕਾਰ ਨਾਮ ਅਤੇ ਨਾਮਾ ਕਮਾਉਣ ਵਿਚ ਵੀ ਪਿੱਛੇ ਦੇ ਪਿੱਛੇ ਹੀ ਰਹਿ ਜਾਂਦੇ ਹਨ। ਇਹਨਾਂ ਵਿਚੋਂ ਕਈ ਤਾਂ ਆਮ ਬੰਦੇ ਵਾਲੇ ਸਧਾਰਨ ਸੁੱਖ ਭੋਗਣ ਨੂੰ ਤਰਸਦੇ ਹੀ ਮਰ ਮੁੱਕ ਜਾਂਦੇ ਹਨ।

ਪਾਣੀ ਜਗਦੀਪ ਦੀਆਂ ਅੱਖਾਂ ਦੇ ਇਸ ਕਰਕੇ ਵੀ ਕਰੀਬ ਰਹਿੰਦਾ ਹੈ ਕਿ ਸਵਰਗ ਅਖਵਾਉਣ ਵਾਲਾ ਕਸ਼ਮੀਰ ਗੋਲੀਆਂ ਬੰਬਾਂ ਨੇ ਨਰਕ ਬਣਾ ਦਿੱਤਾ ਹੈ, 84 ਦੇ ਘੱਲੂਘਾਰੇ ਦਾ ਦਰਦ ਅਤੇ ਰੋਸ ਲੋਕਾਈ ਦੇ ਅੰਦਰ ਜੰਮ ਕੇ ਸਥਾਈ ਹੋ ਗਏ ਹਨ, ਪੰਜਾਬ ਵਿਚ ਕੈਂਸਰ ਅਤੇ ਨਸ਼ੀਲੇ ਪਦਾਰਥਾਂ ਦਾ ਪਸਾਰਾ ਦਿਨੋਂ ਦਿਨ ਵਧ ਰਿਹਾ ਹੈ, ਹਵਾ ਅਤੇ ਪਾਣੀ ਦਾ ਪ੍ਰਦੂਸ਼ਨ ਭਿਆਨਕ ਰੂਪ ਧਾਰ ਚੁੱਕਾ ਹੈ। ਕਹਿਣ ਨੂੰ ਅੰਡੇਮਾਨ ਕਾਲਾ ਪਾਣੀ ਕਿਹਾ ਜਾਂਦਾ ਹੈ ਪਰ ਉਥੋਂ ਦਾ ਪੌਣ-ਪਾਣੀ ਬਿਲਕੁਲ ਸ਼ੁੱਧ ਹੈ। ਪੰਜਾਬ ਨਿਰਮਲ ਨੀਰ ਵਾਲੇ ਪੰਜਾਂ ਦਰਿਆਵਾਂ ਦੀ ਧਰਤੀ ਅਖਵਾਉਂਦਾ ਹੈ ਪਰ ਹੁਣ ਸਤਲੁਜ ਵਿਚ ਸਿਆਹ ਕਾਲਾ ਪਾਣੀ ਵਗਦਾ ਹੈ। ਅਸੀਂ ਧਰਤੀ ਮਾਂ ਦੀ ਨਮਕ-ਹਰਾਮੀ ਸੰਤਾਨ ਹਾਂ। ਅਸੀਂ ਸਾਰੇ ਜਿਸ ਸਮੁੰਦਰ ਦਾ ਦਿੱਤਾ ਨਮਕ ਖਾਂਦੇ ਹਾਂ, ਪਰਤਵੇਂ ਰੂਪ ਵਿਚ ਉਸ ਸਮੁੰਦਰ ਨੂੰ ਆਪਣੇ ਦਰਿਆਵਾਂ ਰਾਹੀਂ ਗੰਦਗੀ, ਜ਼ਹਿਰਾਂ ਅਤੇ ਰਸਾਇਣਾਂ ਦੇ ਤੋਹਫੇ ਭੇਜਦੇ ਹਾਂ। ਕਿਸੇ ਧਰਤੀ ਲਈ ਉਥੇ ਵਗਦੇ ਦਰਿਆ ਉਵੇਂ ਹੀ ਹੁੰਦੇ ਹਨ ਜਿਵੇਂ ਸਾਡੇ ਜਿਸਮ ਲਈ ਖੂਨ ਦੀਆਂ ਨਾੜਾਂ ਹਨ। ਅਸੀਂ ਆਪਣੇ ਦਰਿਆਵਾਂ ਨੂੰ ਏਨੇ ਜ਼ਹਿਰੀਲੇ ਕਰ

Original with;
Jaswant Singh Zafar
Digitized by;
Panjab Digital Library

ਲਿਆ ਹੈ ਕਿ

*ਅੱਜ ਕੱਲ੍ਹ*
*ਦਰਿਆ ਵਿਚ ਲਹਿਰਾਂ ਨਹੀਂ*

*ਜੋ ਦਿਸ ਰਹੀਆਂ*
*ਇਹ ਤਿਊੜੀਆਂ ਨੇ*

ਉੱਪਰੋਕਤ ਚਾਰ ਸਤਰਾਂ ਨਾਲ ਸ਼ੁਰੂ ਹੁੰਦੀ ਹੈ ਜਗਦੀਪ ਸਿੱਧੂ ਦੀ ਕਾਵਿ-ਕਿਤਾਬ 'ਜਾਣ ਦੇ ਮੈਨੂੰ'। ਪੂਰੀ ਕਿਤਾਬ ਦੀ ਪੜ੍ਹਤ ਤੋਂ ਬਾਅਦ ਇਹ ਕਵਿਤਾ ਮੈਨੂੰ ਸਿੱਲ੍ਹੀ ਅੱਖ ਵਰਗੀ ਲਗਦੀ ਹੈ। ਅਨੇਕਾਂ ਵਿਚਾਰਾਂ, ਭਾਵਾਂ, ਗੁਣਾਂ ਅਤੇ ਕਲਾ ਨਾਲ ਭਰਪੂਰ ਇਹ ਕਿਤਾਬ ਪੰਜਾਬੀ ਸ਼ਾਇਰੀ ਦੇ ਭੰਡਾਰ ਵਿਚ ਗੁਣਾਤਮਿਕ ਵਾਧਾ ਕਰਨ ਵਾਲੀ ਹੈ। ਹਰ ਵਰਗ ਦੇ ਪਾਠਕ ਦੇ ਪੜ੍ਹਨਯੋਗ ਹੈ ਇਹ ਕਿਤਾਬ।

•

*Original with;*
Jaswant Singh Zafar
*Digitized by;*
Panjab Digital Library

ਬਲਵਿੰਦਰ ਸੰਧੂ ਰਚਿਤ

## ਮੈਂ ਵੀ ਆਦਿ ਜੁਗਾਦਿ

ਅੱਧੀ ਰਾਤ ਜਹਾਨ ਸੀ ਘੂਕ ਸੁੱਤਾ
ਇਕ ਯਾਦ ਬਣ ਸੁਪਨ ਜਗਾਇਆ ਈ
ਟਿਕੇ ਪਹਿਰ ਕੁਝ ਹੋਰ ਤਾਂ ਸੁੱਝਿਆ ਨਹੀਂ
ਪੋਥੀ ਯਾਰ ਦੀ ਨੂੰ ਹੱਥ ਪਾਇਆ ਈ
'ਮੈਂ ਵੀ ਆਦਿ ਜੁਗਾਦਿ' ਖੁਦਾਅ ਵਾਂਗੂੰ
ਕੋਮਲ ਸਿੰਘ ਨੇ ਇੰਜ ਫ਼ੁਰਮਾਇਆ ਈ

ਸ੍ਰਿਸ਼ਟੀ ਬੰਦਨਾ ਅਤੇ ਡੰਡਾਉਤ ਕਵਿਤਾ
ਕਰਕੇ ਦੱਸਿਆ ਕਿਸ ਤਰ੍ਹਾਂ ਆਈ ਕਵਿਤਾ
ਕਵਿਤਾ ਪਾਉਣ ਲਈ ਕਵਿਤਾ ਹੋਈਦਾ ਹੈ
ਹੁੰਦੀ ਨਹੀਂ ਕੋਈ ਬਣੀ ਬਣਾਈ ਕਵਿਤਾ
ਸਮਰਪਣ ਕੀੜੀਆਂ ਚਿੜੀਆਂ ਤਿਤਲੀਆਂ ਨੂੰ
ਜਿੰਨ੍ਹਾਂ ਓਸ ਤੋਂ ਸੋਹਣੀ ਰਚਾਈ ਕਵਿਤਾ

ਕਣ-ਕਣ 'ਚੋਂ ਬ੍ਰਹਿਮੰਡੀ ਆਵਾਜ਼ ਸੁਣਦੀ
ਰੱਬ ਵੱਸਦੇ ਨੇ ਮੰਦਰੋਂ ਬਾਹਰ ਉਹਦੇ
ਕਾਲ਼ੀ ਕੋਇਲ ਸਹੇਲੜੀ ਸਖ਼ੀ ਉਹਦੀ
ਤੁਪਕੇ ਬੱਦਲ ਸਮੁੰਦਰ ਨੇ ਯਾਰ ਉਹਦੇ
ਤੜਕੇ ਬਣੇ ਸਵਰਗ ਰਜਾਈ ਓਡਣ
ਕਵਿਤਾ ਪਈ ਹੋਵੇ ਨਾਲ ਪਿਆਰ ਉਹਦੇ

ਰੁੱਤਾਂ ਰੁੱਖਾਂ ਜਨੌਰਾਂ ਦਾ ਪਿਆਰ ਡਾਹਢਾ
ਆਪਣੇ ਆਪ ਨਾਲ ਕੁਝ ਲੜਾਈ ਕੀਤੀ
ਦੰਮਾਂ ਵਾਲਿਆਂ ਦੀ ਤੇਜ਼ ਰਫ਼ਤਾਰ ਜ਼ਿੰਦਗੀ
ਖੁੜ੍ਹਾਂ ਮਾਰਿਆਂ ਦੀ ਖੜ੍ਹੀ ਖੜ੍ਹਾਈ ਕੀਤੀ
ਰੰਗ ਆਸ ਨਿਰਾਸ ਧਰਵਾਸ ਵਾਲੇ
ਭਾਂਬੜ ਅੱਗ ਦੇ ਵਾਂਗ ਰੁਸ਼ਨਾਈ ਕੀਤੀ

*Original with;*
Jaswant Singh Zafar
*Digitized by;*
Panjab Digital Library

ਧਾਗੇ ਜੋੜ ਕੇ ਜਾਲ ਨਿਜ਼ਾਮ ਬਣਦਾ
ਸੁਰਖ਼ ਗੀਤ ਮੁਕਤੀ ਦੀ ਸਾਰ ਦੇਵੇ
ਬੰਦੇ ਅੰਦਰੋਂ ਨਿੱਕਲੇ ਜੋ ਕਰੋਧ ਲਾਵਾ
ਝੜੀ ਪਿਆਰ ਦੀ ਓਸ ਨੂੰ ਠਾਰ ਦੇਵੇ
ਮਾਫ਼ੀ ਮੰਗਣੇ ਦਾ ਜੇਕਰ ਚੱਜ ਹੋਵੇ
ਜ਼ਹਿਰ ਮੈਲ ਦੁਰਗੰਧ ਨੂੰ ਮਾਰ ਦੇਵੇ

ਪਾਣੀ ਸਾਗਰਾਂ ਦਾ ਭਾਵੇਂ ਸੁੱਕ ਜਾਵੇ
ਸੱਜਣਾ ਨੈਣਾਂ ਦੀ ਨਮੀਂ ਸੰਭਾਲ ਰੱਖੀਂ
ਗਲ਼ ਕਟੀਅਨ ਦੇ ਗਲ਼ੀਂ ਨਾ ਹਾਰ ਪਾਈਂ
ਸ਼ਾਇਰੀ ਜਜ਼ਬਿਆਂ ਨਾਲ ਉਬਾਲ ਰੱਖੀਂ
ਨੱਚਦਾ ਸ਼ੋਰ ਹਨੇਰੀ ਪਈ ਸ਼ੂਕਦੀ ਏ
ਊੜੇ ਐੜੇ ਨੂੰ ਆਪਣੇ ਨਾਲ ਰੱਖੀਂ

ਗੱਲ ਤੋਰੀ ਫਿਰ ਵੱਡਿਆਂ ਬਾਬਿਆਂ ਦੀ
ਜਿੰਨ੍ਹਾਂ ਕਰਮ ਨੂੰ ਯੋਗ ਬਣਾਇਓ ਜੀ
ਪੈਰ ਤੁਰੇ ਜਿਸ ਪਿੰਡ ਤਲਵੰਡੀਓਂ ਸਨ
ਉਹਨੂੰ ਪਰਤ ਨਨਕਾਣਾ ਕਰਾਇਓ ਜੀ
ਫਿਰ ਖੜਗ ਤਲਵਾਰੋਂ ਕਿਰਪਾਨ ਕੀਤੀ
ਖੜਗ ਭੁਜਾ ਪੰਜ-ਆਬ ਸਦਾਇਓ ਜੀ

ਸਿੱਖੀ ਮਾਰਗ ਦੀ ਯਾਤਰਾ ਤੁਰੀ ਕਵਿਤਾ
ਕਰਤਾਰਪੁਰ ਤੋਂ ਵਾਹ ਖਡੂਰ ਪਹੁੰਚੀ
ਗੋਇੰਦਵਾਲੋਂ ਅੰਮ੍ਰਿਤਸਰ ਤੋਂ ਕੀਰਤਪੁਰ
ਮੀਰੀ ਪੀਰੀ ਦੇ ਨਾਲ ਭਰਪੂਰ ਪਹੁੰਚੀ
ਰੁਕੀ ਅਨੰਦਪੁਰ ਵਾਅਦਾ ਨੰਦੇੜ ਦਾ ਸੀ
ਦੱਖਣ ਦੇਸ਼ ਨਾ ਸਾਹਿਬ ਹਜ਼ੂਰ ਪਹੁੰਚੀ

*Original with;*
Jaswant Singh Zafar
*Digitized by;*
Panjab Digital Library

ਪੈਂਤੀ ਬੰਦ ਹਨ ਏਸੇ ਹੀ ਛੰਦ ਅੰਦਰ
ਪੈਂਤੀ ਅੱਖਰਾਂ ਨਾਲ ਸਜਾਈ ਪੱਟੀ
ਗੱਲਾਂ ਅਕਲ ਦੇ ਨਾਲ ਮਖੌਲ ਦੀਆਂ
ਕਿੰਨੇ ਰੰਗਾਂ ਦੇ ਨਾਲ ਲਿਸ਼ਕਾਈ ਪੱਟੀ
ਙੰਙੇ ਞੰਞੇ ਨੂੰ ਖਾਲੀ ਕਹਿ ਭੰਡਿਆ ਨਾ
ਣਾਣੇ ੜਾੜੇ ਦੀ ਵੱਟ ਪਵਾਈ ਪੱਟੀ

ਕਰ ਕਰ ਮਿਹਨਤਾਂ ਮਿਹਨਤਕਸ਼ ਹਾਰੇ
ਪਰ ਨਾ ਪੇਟ ਦਾ ਹੱਲ ਸਵਾਲ ਹੋਇਆ
ਲਕਵੇ ਮਾਰਿਆ ਸਾਡਾ ਵਿਕਾਸ ਮਾਰਗ
ਹੱਟੀਆਂ ਨਿਗਲ ਕੇ ਸ਼ਾਪਿੰਗ ਮਾਲ ਹੋਇਆ
ਮੌਜਾਂ ਮਸਤੀਆਂ ਮੀਂਹ ਖ਼ਰਮਸਤੀਆਂ ਪਰ
ਝੁੱਗੀਆਂ ਹੜ੍ਹੀਆਂ ਤੇ ਨਾਜ਼ਰ ਬੇਹਾਲ ਹੋਇਆ

ਹੋਇਆ ਜੱਗ ਦਾ ਏਨਾ ਹੁਣ ਚਲਨ ਕੌੜਾ
ਮਿੱਠਾ ਸਿੰਘ ਸਿਵੇ ਵਿਚ ਦੜ ਗਿਆ ਏ
ਵਿਸ਼ਵ ਸੁੰਦਰੀ ਤੋਂ ਸੋਹਣੀਆਂ ਲਾਉਣ ਪੋਚੇ
ਟੀ ਵੀ ਸ਼ੋਰ ਅੱਗੇ ਸੱਚ ਹੜ੍ਹ ਗਿਆ ਏ
ਬੱਤੀ ਬੰਦ ਤੋਂ ਚੌਂਕ ਕੁਹਰਾਮ ਮਚਿਆ
ਸਾਰਾ ਕਵੀ ਦੇ ਮਗਜ਼ ਵਿਚ ਵੜ ਗਿਆ ਏ

ਰੰਗ ਸ਼ੋਖ਼ ਬੜਾ ਮਗਰਲੇ ਪੰਨਿਆਂ ਦਾ
ਹਰਫ਼ ਹਰਫ਼ ਮੁਹੱਬਤ ਦੀ ਬਾਤ ਸੋਹਣੀ
ਜਿਹੜਾ ਪਿਆਰ ਦੇ ਰੰਗ ਦਾ ਰੱਤਿਆ ਏ
ਉਹਦੀ ਸੰਧਿਆ ਰਾਤ ਪ੍ਰਭਾਤ ਸੋਹਣੀ
ਮਿਲੀ ਸੰਧੂ ਨੂੰ ਮੀਤ ਤੇ ਦਾਤ ਕਵਿਤਾ
ਮਾਣੀ ਅਸਾਂ ਨੇ ਰੱਜ ਸੌਗਾਤ ਸੋਹਣੀ

•••


*Original with;*
Jaswant Singh Zafar
*Digitized by;*
Panjab Digital Library

*Original with;*
Jaswant Singh Zafar
*Digitized by;*
Panjab Digital Library


*Original with;*
Jaswant Singh Zafar
*Digitized by;*
Panjab Digital Library


B-089570

## ਜਸਵੰਤ ਜ਼ਫ਼ਰ
### ਦੀਆਂ ਹੋਰ ਪੁਸਤਕਾਂ








ਜ਼ਫ਼ਰ ਪੰਜਾਬੀ ਦੇ ਉਨ੍ਹਾਂ ਵਿਰਲੇ ਲੇਖਕਾਂ ਵਿਚੋਂ ਹੈ ਜਿਨ੍ਹਾਂ ਦੀ ਰਚਨਾ ਨੂੰ ਪੰਜਾਬੀ ਪਾਠਕ ਉਡੀਕਦੇ ਹਨ ਅਤੇ ਚਾਅ ਨਾਲ ਪੜ੍ਹਦੇ ਹਨ। ਉਸ ਕੋਲ ਗਹਿਰਾ ਵਿਅੰਗ, ਸ਼ੁਭਚਿੰਤਾ ਅਤੇ ਗਹਿਰ-ਗੰਭੀਰ ਚਿੰਤਨ ਹੈ ਜਿਸ ਕਰਕੇ ਪੰਜਾਬੀ ਪਾਠਕ ਉਸ ਦੀ ਕਲਮ ਉੱਤੇ ਵਿਸ਼ਵਾਸ ਕਰਦਾ ਹੈ। ਉਹ ਸਮੂਹਕ ਸਮਾਜਿਕ ਸਰੋਕਾਰਾਂ ਬਾਰੇ ਚਿੰਤਾ ਅਤੇ ਚਿੰਤਨ ਕਰਦਾ ਹੈ। ਉਹ ਜਦੋਂ ਨਿੱਜ ਦਾ ਅਨੁਭਵ ਵੀ ਪੇਸ਼ ਕਰਦਾ ਹੈ ਤਾਂ ਉਸ ਦਾ ਇਕ ਸਿਰਾ ਆਲੇ ਦੁਆਲੇ ਦੇ ਮਸਲਿਆਂ ਨਾਲ ਜੁੜਿਆ ਹੁੰਦਾ ਹੈ। ਉਹ ਸਵੈ ਨਾਲ ਤਿੱਖਾ ਸੰਵਾਦ ਅਤੇ ਸੰਘਰਸ਼ ਕਰਨ ਵਾਲਾ ਲੇਖਕ ਹੈ। ਉਸ ਦੀ ਕਵਿਤਾ ਸਾਡੇ ਇਤਿਹਾਸਕ ਅਤੀਤ ਦੀਆਂ ਨਿੱਗਰ ਪ੍ਰਾਪਤੀਆਂ ਨੂੰ ਉਭਾਰਦੀ ਹੈ ਅਤੇ ਇਨ੍ਹਾਂ ਨਾਲ ਪੰਜਾਬੀ ਮਨੁੱਖ ਦੀ ਰਿਸ਼ਤਗੀ ਉੱਤੇ ਸਵਾਲ ਖੜ੍ਹੇ ਕਰਦੀ ਹੈ। ਉਸ ਦੀ ਵਾਰਤਕ ਸਾਡੀ ਵਿਰਾਸਤ ਨੂੰ ਠੀਕ ਢੰਗ ਨਾਲ ਸਮਝਣ ਲਈ, ਉਸ ਦੇ ਸਾਕਾਰਾਤਮਕ ਅਤੇ ਸਾਰਥਕ ਪਹਿਲੂਆਂ ਨੂੰ ਆਪਣੇ ਜੀਵਨ ਵਿਚ ਢਾਲਣ ਲਈ ਇਸ਼ਾਰੇ ਕਰਦੀ ਹੈ। ਅਜੋਕੀ ਸਭਿਅਤਾ ਵਿਚ ਗਵਾਚ ਰਹੀ ਇਨਸਾਨੀਅਤ ਉਸ ਦੀ ਲਿਖਤ ਦਾ ਮੁੱਖ ਸਰੋਕਾਰ ਹੈ। ਉਹ ਸਮੱਸਿਆਂਵਾਂ ਉੱਤੇ ਵਿਰਲਾਪ ਕਰਨ ਦੀ ਥਾਂ ਉਨ੍ਹਾਂ ਤੋਂ ਨਿਜਾਤ ਪਾਉਣ ਦੇ ਰਸਤੇ ਲੱਭਣ ਨੂੰ ਪਹਿਲ ਦਿੰਦਾ ਹੈ। ਉਹ ਸਾਹਿਤ ਰਚਨਾ ਕਰਕੇ ਸੁਰਖਰੂ ਮਹਿਸੂਸ ਨਹੀਂ ਕਰਦਾ ਸਗੋਂ ਸੱਚ-ਮੁੱਚ ਕਵਿਤਾ ਜਿਹਾ ਕੁਝ ਕਰਨ ਦੀ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਚਾਹਤ ਨਾਲ ਭਰਿਆ ਰਹਿੰਦਾ ਹੈ। ਨਵੀਆਂ ਤਕਨੀਕਾਂ ਦੀ ਵਰਤੋਂ, ਨਵੀਆਂ ਵਿਧੀਆਂ ਦੀ ਖੋਜ, ਨਵੇਂ ਤਰੀਕਿਆਂ ਨੂੰ ਅਪਨਾਉਣਾਂ, ਨਵੇਂ ਵਿਚਾਰਾਂ ਦਾ ਸਵਾਗਤ ਕਰਨਾ, ਨਵੇਂ ਸੁਪਨੇ ਲੈਣੇ, ਨਵੇਂ ਟੀਚੇ ਮਿੱਥਣੇ, ਨਵੀਆਂ ਦੋਸਤੀਆਂ ਗੰਢਣੀਆਂ, ਨਵੇਂ ਰਾਹਾਂ ਉੱਤੇ ਤੁਰਨਾ ਉਸਦੀ ਸ਼ਖ਼ਸੀਅਤ ਅਤੇ ਲਿਖਤ ਦੇ ਗੁਣ ਹਨ ਜਿਸ ਕਰਕੇ ਉਸ ਨੂੰ ਮਿਲਣਾ ਅਤੇ ਉਸ ਦੀਆਂ ਲਿਖਤਾਂ ਨੂੰ ਪੜ੍ਹਨਾ ਬਹੁਤਿਆਂ ਨੂੰ ਚੰਗਾ ਲੱਗਦਾ ਹੈ।

-ਪ੍ਰਕਾਸ਼ਕ

**Chetna Parkashan**
Punjabi Bhawan, **Ludhiana**-141001
ISBN 935112062-7
9789351120629
*Mainu Eyo'n Lageya*
₹ 150/-

Original with:
Jaswant Singh Zafar
Digitized by:
Panjab Digital Library